SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 36
December 14, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ, ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ 18 ਦਸੰਬਰ 2022 ਨੂੰ ਪੂਰਨ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ।

**(ਸਬੰਧਤ ਜਾਣਕਾਰੀ ਲਈ ਅੰਦਰ ਦੇਖੋ)**




**ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 66ਵਾਂ ਪ੍ਰੀਨਿਰਵਾਣ ਦਿਵਸ ਭੀਮ ਇੰਟਰਨੈਸ਼ਨਲ ਯੂ. ਐਸ. ਏ. ਅਤੇ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਨੇ ਸ਼ਰਧਾਪੂਰਵਕ ਮਨਾਇਆ।**

(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 22-23 'ਤੇ)

# ਭਾਰਤੀ ਖੇਤਰ ਵਿਚ ਫਿਰ ਆ ਵੜੀ ਚੀਨੀ ਫੌਜ

## ਗਲਵਾਨ ਵਾਂਗ ਫਿਰ ਡੰਡਿਆਂ ਨਾਲ ਭਜਾਏ ਚੀਨੀ ਫੌਜੀ, ਤਣਾਅ ਬਰਕਰਾਰ

**ਨਵੀਂ ਦਿੱਲੀ (ਬਿਊਰੋ)–** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੰਸਦ 'ਚ ਦੱਸਿਆ ਕਿ ਚੀਨ ਦੇ ਫੌਜੀਆਂ ਨੇ ਤਵਾਂਗ ਸੈਕਟਰ ਦੇ ਯੈਂਗਸੇ ਖੇਤਰ ਵਿੱਚ ਮੌਜੂਦਾ ਸਥਿਤੀ ਨੂੰ ਬਦਲਣ ਦੀ ਇੱਕਪਾਸੜ ਕੋਸ਼ਿਸ਼ ਕੀਤੀ ਜਿਸ ਦਾ ਭਾਰਤ ਦੇ ਜਵਾਨਾਂ ਨੇ ਕਰਾਰਾ ਜਵਾਬ ਦਿੱਤਾ ਅਤੇ ਉਨ੍ਹਾਂ ਨੂੰ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਝੜਪ 'ਚ ਕਿਸੇ ਵੀ ਫੌਜੀ ਦੀ ਮੌਤ ਨਹੀਂ ਹੋਈ ਤੇ ਨਾ ਹੀ ਕੋਈ ਗੰਭੀਰ ਜ਼ਖ਼ਮੀ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਚੀਨੀ ਹਮਰੁਤਬਾ ਨਾਲ ਕੂਟਨੀਤਕ ਪੱਧਰ 'ਤੇ ਵੀ ਚੁੱਕਿਆ ਗਿਆ ਹੈ ਅਤੇ ਇਸ ਤਰ੍ਹਾਂ ਦੀ ਕਾਰਵਾਈ ਲਈ ਵਰਜਿਆ ਗਿਆ ਹੈ। ਲੋਕ ਸਭਾ 'ਚ ਰਾਜਨਾਥ ਨੇ ਇਹ ਵੀ ਕਿਹਾ ਕਿ ਭਾਰਤੀ ਫੌਜੀਆਂ ਨੇ ਬਹਾਦਰੀ ਨਾਲ ਸਥਿਤੀ ਦਾ ਸਾਹਮਣਾ ਕੀਤਾ ਅਤੇ ਭਾਰਤੀ ਕਮਾਂਡਰਾਂ ਵੱਲੋਂ ਸਮੇਂ 'ਤੇ ਦਿੱਤੇ ਦਖਲ ਕਾਰਨ ਚੀਨੀ ਫੌਜੀ ਆਪਣੇ ਟਿਕਾਣਿਆਂ 'ਤੇ ਵਾਪਸ ਚਲੇ ਗਏ। ਉਨ੍ਹਾਂ ਇਸ ਤੋਂ ਪਹਿਲਾਂ ਰਾਜ ਸਭਾ 'ਚ ਵੀ ਇਹੀ ਬਿਆਨ ਦਿੱਤਾ ਸੀ।



ਉਨ੍ਹਾਂ ਕਿਹਾ, 'ਨੌਂ ਦਸੰਬਰ 2022 ਨੂੰ ਚੀਨ ਦੇ ਫੌਜੀਆਂ ਨੇ ਤਵਾਂਗ ਸੈਕਟਰ ਦੇ ਯੈਂਗਸੇ ਖੇਤਰ 'ਚ ਅਸਲ ਕੰਟਰੋਲ ਰੇਖਾ 'ਤੇ ਮੌਜੂਦਾ ਸਥਿਤੀ ਨੂੰ ਇੱਕਪਾਸੜ ਢੰਗ ਨਾਲ ਬਦਲਣ ਦੀ ਕੋਸ਼ਿਸ਼ ਕੀਤੀ। ਚੀਨ ਦੀ ਇਸ ਕੋਸ਼ਿਸ਼ ਦਾ ਸਾਡੀ ਫੌਜ ਨੇ ਬਹਾਦਰੀ ਨਾਲ ਸਾਹਮਣਾ ਕੀਤਾ।' ਉਨ੍ਹਾਂ ਕਿਹਾ, 'ਇਸ ਝੜਪ 'ਚ ਹੱਥੋਪਾਈ ਹੋਈ। ਭਾਰਤੀ ਸੈਨਾ ਨੇ ਬਹਾਦਰੀ ਨਾਲ ਚੀਨੀ ਫੌਜੀਆਂ ਨੂੰ ਸਾਡੇ ਇਲਾਕੇ 'ਚ ਦਾਖਲ ਹੋਣ ਤੋਂ ਰੋਕਿਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਚੌਕੀ 'ਤੇ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ।' ਉਨ੍ਹਾਂ ਕਿਹਾ ਕਿ ਇਸ ਝੜਪ 'ਚ ਦੋਵਾਂ ਧਿਰਾਂ ਦੇ ਕੁਝ ਫੌਜੀਆਂ ਨੂੰ ਸੱਟਾਂ ਵੱਜੀਆਂ ਹਨ। ਉਨ੍ਹਾਂ ਕਿਹਾ, 'ਮੈਂ ਇਸ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕਿਸੇ ਵੀ ਸੈਨਿਕ ਦੀ ਮੌਤ ਨਹੀਂ ਹੋਈ ਅਤੇ ਨਾ ਹੀ ਕੋਈ ਗੰਭੀਰ ਜ਼ਖ਼ਮੀ ਹੋਇਆ ਹੈ।' ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਇਲਾਕੇ ਦੇ ਸਥਾਨਕ ਕਮਾਂਡਰ ਨੇ 11 ਦਸੰਬਰ ਨੂੰ ਆਪਣੇ ਚੀਨੀ ਹਮਰੁਤਬਾ ਨਾਲ ਫਲੈਗ ਮੀਟਿੰਗ ਕਰਕੇ ਘਟਨਾ 'ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਚੀਨੀ ਧਿਰ ਨੂੰ ਅਜਿਹੀ ਕਾਰਵਾਈ ਲਈ ਵਰਜਿਆ ਗਿਆ ਹੈ ਅਤੇ ਸਰਹੱਦ 'ਤੇ ਸ਼ਾਂਤੀ ਬਣਾਏ ਰੱਖਣ ਲਈ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਚੀਨ ਨਾਲ ਕੂਟਨੀਤਕ ਪੱਧਰ 'ਤੇ ਵੀ ਚੁੱਕਿਆ ਗਿਆ ਹੈ।

# ਯੂਕਰੇਨ 'ਚ ਬਰਫ਼ਬਾਰੀ, ਬਿਜਲੀ ਸੰਕਟ ਕਾਰਨ ਵਧੀ ਚਿੰਤਾ

**ਕੀਵ (ਬਿਊਰੋ)–** ਯੂਕਰੇਨ ਯੁੱਧ ਦੇ ਵਿਚਕਾਰ ਰਾਜਧਾਨੀ ਕੀਵ ਵਿੱਚ ਭਾਰੀ ਬਰਫ਼ਬਾਰੀ ਨੇ ਲੋਕਾਂ ਦੀ ਚਿੰਤਾ ਵਧਾ ਦਿੱਤੀ ਹੈ। ਕੀਵ ਵਿੱਚ ਭਾਰੀ ਬਰਫ਼ਬਾਰੀ ਦੇ ਦੌਰਾਨ, ਇੱਥੋਂ ਦੇ ਲੋਕ ਬਿਜਲੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਦੇਸ਼ ਭਰ ਵਿੱਚ ਬਲੈਕਆਊਟ ਦੀ ਸਥਿਤੀ ਪੈਦਾ ਹੋ ਗਈ ਹੈ। ਰੂਸੀ ਫੌਜੀ ਹਮਲਿਆਂ ਨਾਲ ਯੂਕਰੇਨ ਵਿੱਚ ਊਰਜਾ ਪਲਾਂਟਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਕੀਵ ਵਿੱਚ ਦਿਨ ਅਤੇ ਰਾਤ ਦਾ ਘੱਟੋ-ਘੱਟ ਤਾਪਮਾਨ ਮਨਫ਼ੀ ਇੱਕ ਡਿਗਰੀ ਸੈਲਸੀਅਸ ਰਿਹਾ। ਇਹੀ ਕਾਰਨ ਹੈ ਕਿ ਕੀਵ ਸਰਦੀਆਂ ਵਿੱਚ ਬਹੁਤ ਜ਼ਿਆਦਾ ਊਰਜਾ ਦੀ ਖਪਤ ਕਰਦਾ ਹੈ। ਯੂਕਰੇਨ ਯੁੱਧ ਵਿੱਚ ਪਾਵਰ ਪਲਾਂਟ ਤਬਾਹ ਹੋਣ ਕਾਰਨ ਸਿਰਫ਼ ਚਾਰ ਘੰਟੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ। ਇਸ ਕਾਰਨ ਲੋਕ ਜੰਗ ਅਤੇ ਠੰਢ ਦੋਵਾਂ ਨਾਲ ਜੂਝ ਰਹੇ ਹਨ। ਅਜਿਹੇ 'ਚ ਸਵਾਲ ਇਹ ਉੱਠਦਾ ਹੈ ਕਿ ਕੀ ਇਸ ਬਰਫਬਾਰੀ ਦਾ ਯੂਕਰੇਨ ਯੁੱਧ 'ਤੇ ਕੋਈ ਅਸਰ ਪਵੇਗਾ? ਯੂਕਰੇਨੀ ਰਾਸ਼ਟਰਪਤੀ ਦੀ ਮੁੱਖ ਚਿੰਤਾ ਕੀ ਹੈ?



ਯੂਕਰੇਨ ਵਿੱਚ ਊਰਜਾ ਉਤਪਾਦਨ ਖਪਤ ਦੀਆਂ ਲੋੜਾਂ ਤੋਂ ਬਹੁਤ ਘੱਟ ਹੈ। ਇਹ ਸਿਰਫ ਤਿੰਨ ਚੌਥਾਈ ਨੂੰ ਕਵਰ ਕਰਨ ਦੇ ਸਮਰੱਥ ਹੈ. ਰਿਪੋਰਟਾਂ ਅਨੁਸਾਰ ਲੋਕਾਂ ਨੂੰ ਚਾਰ ਤੋਂ ਪੰਜ ਘੰਟੇ ਹੀ ਬਿਜਲੀ ਸਪਲਾਈ ਮਿਲ ਰਹੀ ਹੈ। ਹਾਲਾਂਕਿ, ਕੀਵ ਵਿੱਚ ਬਰਫਬਾਰੀ ਕਾਰਨ, ਗਰਮੀਆਂ ਦੇ ਮੁਕਾਬਲੇ ਬਿਜਲੀ ਦੀ ਮੰਗ ਵੱਧ ਹੈ। ਠੰਢ ਦੇ ਪ੍ਰਕੋਪ ਤੋਂ ਬਚਣ ਲਈ ਘਰਾਂ ਅਤੇ ਦਫ਼ਤਰਾਂ ਵਿੱਚ ਹੀਟਰਾਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ। ਰਿਪੋਰਟਾਂ ਅਨੁਸਾਰ ਲੋਕਾਂ ਨੂੰ ਚਾਰ ਤੋਂ ਪੰਜ ਘੰਟੇ ਹੀ ਬਿਜਲੀ ਸਪਲਾਈ ਮਿਲ ਰਹੀ ਹੈ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ



## December 18, 2022
## Mahaparinirvan Divas of Babasaheb Dr. B. R. Ambedkar

**Sri Guru Ravidass Sabha will be celebrating Mahaparinirvan Divas of Babasaheb Dr. B.R Ambedkar on this Sunday. Sangat and committee members will host Sukhmani Sahib path and Langar Sewa.**

**December 31, 2022**
**Rain Sabai New Year's celebrations**

We will be celebrating New Year's Eve at Gurughar in welcoming the New Year 2023. Let us start the New Year with a prayer for love, happiness and prosperity of our Sangat. Raggi jatha of Bhai Lakhan Singh and Gurughar Jatha of Giani Balwinder Singh ji will do the Shabad Kirtan.

**January 13, 2022**
**Lohri Celebrations**

Lohri will be celebrated in Gurghar in the evening. Sukhmani Sahib path and Langar sewa will be hosted by Suman family.

**February 3-4-5, 2023**
**Gurupurb Sri Guru Ravidass Ji**
ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ

Sri Guru Ravidass Sabha CA, Pittsburg is celebrating the 646th Parkash Utsav of SATGURU RAVIDASS JI on Sunday, February 5, 2023 at the temple as per program noted below:

**ARAMBH SHRI AKHAND PATH**
**February 3, 2023 (Friday) 9:30 AM**

**Nishan Sahib Hoisting Ceremony**
**February 4, 2023 (Saturday) at 11:00 AM.**

**BHOG SHRI AKHAND PATH**
**February 5, 2023 (Sunday) 9:30 AM,**
**KIRTAN DIWAN** - After Bhog Ceremony until 2:00 PM

Sangat will perform Langer and Path Sewa for this program. Jatha of Giani Balwinder Singh ji's and other Kirtankars will enhance this Kirtan Diwan along with distinguished Speakers and community leaders well versed with life and teachings of Satguru Ravidass ji.

We need volunteers to help with this event.

For **STALLS or any SEWA**, please contact **President Vinod Kumar at (408) 718-2506** or **Chairperson Kulwant Banga at (925) 698-3059.** We need your help and support.

**"NANAK NAM CHARDI KALA TERE BHANE SARBAT DA BHALA"**

**www.sriguru????ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

## 31252 Veasy street Union City (CA)

## ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ 18 ਦਸੰਬਰ 2022 ਨੂੰ ਮਨਾਇਆ ਜਾਵੇਗਾ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀਨਿਰਵਾਣ ਦਿਵਸ 18 ਦਸੰਬਰ 2022 ਦਿਨ ਐਤਵਾਰ ਨੂੰ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਤੱਕ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਰਾਗੀ/ਢਾਡੀ ਜਥੇ ਸ਼ਬਦ ਗਾਇਨ ਨਾਲ ਸੰਗਤ ਨੂੰ ਨਿਹਾਲ ਕਰਨਗੇ ਅਤੇ ਵਿਦਵਾਨ ਬੁਲਾਰੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਕਲਪਾਂ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਮੂਹ ਸਾਧ ਸੰਗਤ ਨੂੰ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਬਾਬਾ ਸਾਹਿਬ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰੀਏ ਜੀ।

**For Langar Sewa please contact any of the committee members**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**

ਵਿਨੋਦ ਕੁਮਾਰ (ਚੇਅਰਮੈਨ) 510-953-9800, ਰਾਮ ਲੁਬਾਇਆ (ਪ੍ਰਧਾਨ) 408-449-1105

ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ) 510-857-4551, ਸੋਹਣ ਸਿੰਘ ਢੰਡਾ (ਕੈਸ਼ੀਅਰ) 510-200-6649


# SKY TRANSPORT SOLUTIONS

**STRIVE FOR MORE**

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**


## ਸ਼ੋਕ ਸਮਾਚਾਰ

# ਸ. ਹਰਬੰਸ ਸਿੰਘ ਮਾਨ ਦੇ ਅਕਾਲ ਚਲਾਣੇ 'ਤੇ ਸਮੂੰਹ ਮਾਨ ਪਰਿਵਾਰ ਨੂੰ ਭਾਰੀ ਸਦਮਾ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ)–** ਫਰਿਜ਼ਨੋ ਨਿਵਾਸੀ ਸ. ਹਰਬੰਸ ਸਿੰਘ ਮਾਨ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 5 ਦਸੰਬਰ 2022 ਨੂੰ ਅਕਾਲ ਚਲਾਣਾ ਕਰ ਗਏ ਸਨ। ਪਰਿਵਾਰ ਦੇ ਨਜ਼ਦੀਕੀ ਰਿਸ਼ਤੇਦਾਰਾਂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਹੈ ਕਿ ਪੰਜਾਬ ਤੋਂ ਉਨਾਂ ਦਾ ਪਿਛਲਾ ਪਿੰਡ ਮਿਸਰੀਵਾਲਾ, ਜਿਲ੍ਹਾ ਫਰੀਦਕੋਟ ਸੀ। ਉਹ ਕਾਫੀ ਅਰਸੇ ਤੋਂ ਫਰਿਜ਼ਨੋ ਵਿਖੇ ਰਹਿ ਰਹੇ ਸਨ। ਉਨ੍ਹਾਂ ਦਾ ਅੰਤਮ ਸੰਸਕਾਰ ਮਿਤੀ 17 ਦਸੰਬਰ 2022, ਦਿਨ ਸ਼ਨੀਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗਾ। ਜਿਸ ਦਾ ਪਤਾ: 4800 E Clayton Ave, Fowler, CA 93625 ਹੈ। ਇਸ ਉਪਰੰਤ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ ਕਰਮਨ" ਵਿਖੇ ਹੋਵੇਗੀ। ਗੁਰਦੁਆਰਾ ਸਾਹਿਬ ਦਾ ਪਤਾ: 680 S Vineland Ave, Kerman, CA 93630 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਸਾਮਲ ਹੋਣ ਜਾਂ ਵਧੇਰੇ ਜਾਣਕਾਰੀ ਸਵ. ਹਰਬੰਸ ਸਿੰਘ ਮਾਨ ਦੀ ਧਰਮ ਪਤਨੀ ਬੀਬੀ ਸਿੰਦਰਪਾਲ ਕੌਰ ਮਾਨ ਨਾਲ ਫ਼ੋਨ ਨੰਬਰ: (559) 367-1836 ਜਾਂ ਹੋਰ ਪਰਿਵਾਰਿਕ ਮੈਂਬਰਾਂ ਵਿੱਚੋਂ ਸ. ਗੁਰਚਰਨ ਸਿੰਘ ਬਰਾੜ: (559) 704-0013 ਜਾਂ ਮਹਿੰਦਰ ਸਿੰਘ ਮੱਲੀ (ਭਿੰਦਾ): (559) 259-1748 'ਤੇ ਸੰਪਰਕ ਕਰ ਸਕਦੇ ਹੋ।

# ਅਲਬਰਟਾ 'ਚ ਗੋਲੀ ਮਾਰ ਕੇ ਸਿੱਖ ਨੌਜਵਾਨ ਦਾ ਕਤਲ




**ਟੋਰਾਂਟੋ–** ਕੈਨੇਡਾ ਦੇ ਅਲਬਰਟਾ ਸੂਬੇ ਵਿਚ ਭਾਰਤੀ ਮੂਲ ਦੇ ਇੱਕ 24 ਸਾਲਾ ਸਿੱਖ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਕੈਨੇਡਾ 'ਵਿਚ ਇਸ ਮਹੀਨੇ ਅੰਦਰ ਵਾਪਰੀ ਇਹ ਅਜਿਹੀ ਦੂਜੀ ਘਟਨਾ ਹੈ।ਐਡਮੰਟਨ ਪੁਲੀਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਨੌਜਵਾਨ ਦੀ ਪਛਾਣ ਸਨਰਾਜ ਸਿੰਘ ਵਜੋਂ ਹੋਈ ਹੈ। ਤਿੰਨ ਦਸੰਬਰ ਦੀ ਰਾਤ ਐਡਮੰਟਨ ਵਿਚ ਗੋਲੀ ਚੱਲਣ ਦੀ ਸੂਚਨਾ ਮਿਲਣ ਮਗਰੋਂ ਪੁਲੀਸ ਮੌਕੇ 'ਤੇ ਪਹੁੰਚੀ ਸੀ। ਸਨਰਾਜ ਸਿੰਘ ਜ਼ਖ਼ਮੀ ਹਾਲਤ ਵਿੱਚ ਇੱਕ ਕਾਰ 'ਵਿਚ ਬੈਠਾ ਹੋਇਆ ਸੀ। ਐਮਰਜੈਂਸੀ ਮੈਡੀਕਲ ਸਹਾਇਤਾ ਦੇ ਪਹੁੰਚਣ ਤੱਕ ਉਸ ਦੀ ਮੌਤ ਹੋ ਗਈ। ਪੁਲੀਸ ਅਨੁਸਾਰ ਘਟਨਾ ਵਾਲੇ ਇਲਾਕੇ ਵਿਚ ਇੱਕ ਵਾਹਨ ਸ਼ੱਕੀ ਹਾਲਤ ਵਿਚ ਜਾਂਦਾ ਹੋਇਆ ਦਿਖਾਈ ਦਿੱਤਾ ਸੀ ਅਤੇ ਇਸ ਦੀ ਪਛਾਣ ਲਈ ਜਾਂਚ ਅਧਿਕਾਰੀਆਂ ਨੇ ਸੀਸੀਟੀਵੀ ਫੁਟੇਜ ਵੀ ਜਾਰੀ ਕੀਤੀ ਹੈ। ਪੁਲੀਸ ਨੇ ਤਿੰਨ ਦਸੰਬਰ ਦੀ ਰਾਤ ਨੂੰ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਬਾਰੇ ਵੀ ਸਥਾਨਕ ਲੋਕਾਂ ਨੂੰ ਜਾਣਕਾਰੀ ਦੇਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਓਂਟਾਰੀਓ ਸੂਬੇ ਵਿਚ ਤਿੰਨ ਦਸੰਬਰ ਨੂੰ 21 ਸਾਲਾ ਸਿੱਖ ਮਹਿਲਾ ਪਵਨਪ੍ਰੀਤ ਕੌਰ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਨਵੰਬਰ 'ਵਿਚ ਮਹਿਕਪ੍ਰੀਤ ਸੇਠੀ ਦੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇੱਕ ਸਕੂਲ ਦੀ ਪਾਰਕਿੰਗ 'ਵਿਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਆਪ ਸਰਕਾਰ ਪੰਜਾਬੀ ਬੋਲਣ 'ਤੇ ਪਾਬੰਦੀ ਲਾਉਣ ਵਾਲੀਆਂ ਸਿੱਖਿਆ ਸੰਸਥਾਵਾਂ 'ਤੇ ਕਰੇਗੀ ਸਖ਼ਤ ਕਾਰਵਾਈ



**ਪਟਿਆਲਾ–** ਮੁੱਖ ਮੰਤਰੀ ਭਗਵੰਤ ਮਾਨ ਨੇ ਸਖ਼ਤ ਤਾੜਨਾ ਕਰਦੇ ਹੋਏ ਕਿਹਾ ਹੈ ਕਿ ਜਿਹੜੀਆਂ ਸਿੱਖਿਆ ਸੰਸਥਾਵਾਂ ਆਪਣੇ ਕੈਂਪਸ ਵਿਚ ਪੰਜਾਬੀ ਭਾਸ਼ਾ ਬੋਲਣ 'ਤੇ ਪਾਬੰਦੀ ਲਾਉਣਗੀਆਂ, ਉਨ੍ਹਾਂ ਵਿਰੁੱਧ ਸੂਬਾ ਸਰਕਾਰ ਸਖ਼ਤ ਕਾਰਵਾਈ ਕਰੇਗੀ। ਪੰਜਾਬੀ ਯੂਨੀਵਰਸਿਟੀ ਵਿਚ ਅੰਤਰ-ਯੂਨੀਵਰਸਿਟੀ ਯੁਵਕ ਮੇਲੇ ਦੇ ਆਖ਼ਰੀ ਦਿਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਆਇਆ ਹੈ ਕਿ ਕੁਝ ਸਿੱਖਿਆ ਸੰਸਥਾਵਾਂ ਆਪਣੇ ਕੈਂਪਸਾਂ ਵਿਚ ਪੰਜਾਬੀ ਬੋਲਣ 'ਤੇ ਜੁਰਮਾਨੇ ਲਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਗੈਰ-ਵਾਜਬ ਹੈ ਕਿਉਂਕਿ ਸੂਬੇ ਵਿਚ ਰਹਿੰਦੇ ਸਾਰੇ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਹੈ। ਭਗਵੰਤ ਮਾਨ ਨੇ ਅਜਿਹੀਆਂ ਸਿੱਖਿਆ ਸੰਸਥਾਵਾਂ ਨੂੰ ਚਿਤਾਵਨੀ ਦਿੱਤੀ ਕਿ ਜੇ ਉਨ੍ਹਾਂ ਅਜਿਹੇ ਜੁਰਮਾਨੇ ਲਾਏ ਤਾਂ ਉਨ੍ਹਾਂ ਖ਼ਿਲਾਫ਼ ਸਖ਼ਤ ਕਦਮ ਚੁੱਕਿਆ ਜਾਵੇਗਾ।

# ਡੋਨਲਡ ਟਰੰਪ ਦਾ ਦੁਬਾਰਾ ਚੋਣ ਲੜਨਾ ਹੋਇਆ ਮੁਸ਼ਕਿਲ, ਪਾਰਟੀ ਵਿਚ ਸਮਰਥਨ ਵੱਡੀ ਪੱਧਰ 'ਤੇ ਘਟਿਆ - ਸਰਵੇ

**ਸੈਕਰਾਮੈਂਟੋ 14 ਦਸੰਬਰ (ਹੁਸਨ ਲੜੋਆ ਬੰਗਾ)–**ਮੱਧਕਾਲੀ ਚੋਣਾਂ ਵਿਚ ਹੋਏ ਨੁਕਸਾਨ , ਟੈਕਸ ਫਰਾਡ ਵਰਗੇ ਮਾਮਲਿਆਂ ਵਿਚ ਅਦਾਲਤਾਂ ਵਿਚ ਹੋਈ ਹਾਰ ਤੇ ਹੋਰ ਕਈ ਕਾਰਨਾਂ ਕਰਕੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 2024 ਵਿਚ ਰਾਸ਼ਟਰਪਤੀ ਦੀ ਚੋਣ ਲੜਨ ਦੇ ਰਾਹ ਵਿਚ ਰੁਕਾਵਟਾਂ ਖੜੀਆਂ ਹੋ ਗਈਆਂ ਹਨ। ਇਕ ਸਰਵੇ ਵਿਚ ਸਪੱਸ਼ਟ ਹੋਇਆ ਹੈ ਕਿ ਰਿਪਬਲੀਕਨ ਪਾਰਟੀ ਵਿਚ ਟਰੰਪ ਦਾ ਸਮਰਥਨ ਤੇਜੀ ਨਾਲ ਘਟਿਆ ਹੈ। ਦੋ ਤਿਹਾਈ ਪਾਰਟੀ ਆਗੂ ਤੇ ਪਾਰਟੀ ਨਾਲ ਜੁੜੇ ਰਿਪਬਲੀਕਨ ਵੋਟਰ ਟਰੰਪ ਦੀਆਂ ਨੀਤੀਆਂ ਨੂੰ ਪਸੰਦ ਕਰਦੇ ਹਨ ਤੇ ਇਨਾਂ ਨੀਤੀਆਂ ਉਪਰ ਚੋਣ ਲੜਨ ਦੇ ਹੱਕ ਵਿਚ ਹਨ ਪਰੰਤੂ ਉਹ ਚਹੁੰਦੇ ਹਨ ਕਿ ਵੱਖਰੇ ਮਾਪ ਦੰਡਾਂ ਨਾਲ ਇਨਾਂ ਨੀਤੀਆਂ ਨੂੰ ਅਗੇ ਲਿਜਾਇਆ ਜਾਵੇ। ਸੂਫੋਲਕ ਯੁਨੀਵਰਸਿਟੀਯੂ ਐਸ ਏ ਟੂਡੇ ਵੱਲੋਂ ਕੀਤੇ ਇਕ ਵਿਸ਼ੇਸ਼ ਸਰਵੇ ਵਿਚ 31% ਰਿਪਬਲੀਕਨ ਹੀ ਟਰੰਪ ਨੂੰ ਦੁਬਾਰਾ ਚੋਣ ਲੜਾਉਣ ਦੇ ਹੱਕ ਵਿਚ ਹਨ ਜਦ ਕਿ 61% ਚਹੁੰਦੇ ਹਨ ਕਿ ਉਨਾਂ ਦੀ ਜਗਾ 'ਤੇ ਕੋਈ ਹੋਰ ਆਗੂ ਲਿਆਂਦਾ ਜਾਵੇ ਜੋ ਉਨਾਂ ਦੀਆਂ ਨੀਤੀਆਂ ਅਨੁਸਾਰ ਕੰਮ ਕਰ ਸਕੇ। 56% ਰਿਪਬਲੀਕਨ ਪਾਰਟੀ ਦੇ ਸਮਰਥਕ ਚਹੁੰਦੇ ਹਨ ਕਿ ਫਲੋਰਿਡਾ ਦੇ ਗਵਰਨਰ ਰੋਨ ਡੀ ਸੰਟਿਸ ਨੂੰ ਉਮੀਦਵਾਰ ਬਣਾਇਆ ਜਾਵੇ। ਸੂਫੋਲਕ ਯੁਨੀਵਰਸਿਟੀ ਪੋਲੀਟੀਕਲ ਰਿਸਰਚ ਸੈਂਟਰ ਦੇ ਡਾਇਰੈਕਟਰ ਡੇਵਿਡ ਪੇਲੀਓਲੋਗੋਸ ਅਨੁਸਾਰ ਰਿਪਬਲੀਕਨ ਬਿਨਾਂ ਟਰੰਪ ਤੋਂ ਟਰੰਪਵਾਦ ਚਹੁੰਦੇ ਹਨ। ਸਾਬਕਾ ਰਾਸ਼ਟਰਪਤੀ ਲਈ ਇਹ ਸਰਵੇ ਇਕ ਲਾਲ ਝੰਡੀ ਵਾਂਗ ਹੈ ਜਿਨਾਂ ਦਾ ਪਾਰਟੀ ਵੱਲੋਂ ਉਸ ਦੇ ਨਿੱਜੀ ਵਿਵਹਾਰ ਨੂੰ ਇਕ ਪਾਸੇ ਰਖ ਕੇ ਨਿਰੰਤਰ ਸਮਰਥਨ ਕੀਤਾ ਜਾ ਰਿਹਾ ਸੀ। 6 ਜਨਵਰੀ 2021 ਨੂੰ ਕੈਪੀਟਲ ਹਿੱਲ ਉਪਰ ਹੋਏ ਹਮਲੇ ਤੇ ਵਾਈਟ ਹਾਊਸ ਛੱਡਣ ਸਮੇ ਸੰਵੇਦਣਸ਼ੀਲ ਦਸਤਾਵੇਜ਼ਾਂ ਨੂੰ ਕਥਿੱਤ ਰੂਪ ਵਿਚ ਨਾ ਸੰਭਾਲਣ ਵਰਗੇ ਹੋਰ ਕਈ ਕਾਰਨ ਹਨ।

# ਰਾਘਵ ਚੱਢਾ ਨੇ ਰਾਜ ਸਭਾ 'ਚ ਚੁੱਕਿਆ ਸ੍ਰੀ ਕਰਤਾਰਪੁਰ ਸਾਹਿਬ ਦਾ ਮੁੱਦਾ

**ਨਵੀਂ ਦਿੱਲੀ–** ਚਾਰ ਕਿਲੋਮੀਟਰ ਲੰਬਾ ਕਰਤਾਰਪੁਰ ਲਾਂਘਾ ਪਾਕਿਸਤਾਨ ਦੇ ਪੰਜਾਬ ਸੂਬੇ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਅੰਤਿਮ ਵਿਸ਼ਰਾਮ ਸਥਾਨ ਗੁਰਦੁਆਰਾ ਦਰਬਾਰ ਸਾਹਿਬ ਨੂੰ ਭਾਰਤ ਦੇ ਪੰਜਾਬ ਸੂਬੇ ਵਿਚ ਡੇਰਾ ਬਾਬਾ ਨਾਨਕ ਗੁਰਦੁਆਰੇ ਨਾਲ ਜੋੜਦਾ ਹੈ।

ਰਾਜ ਸਭਾ ਦੇ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦਾ ਮੁੱਦਾ ਚੁੱਕਿਆ। ਰਾਜ ਸਭਾ ਵਿੱਚ ਰਾਘਵ ਚੱਢਾ ਨੇ ਕਿਹਾ ਕਿ ਜਦੋਂ ਅੱਜ ਤੋਂ ਕੁਝ ਸਾਲ ਪਹਿਲਾਂ ਸ੍ਰੀ ਕਰਤਾਰਪੁਰ ਲਾਂਘਾ ਖੋਲ੍ਹਿਆ ਗਿਆ ਤਾਂ ਸਾਰੀ ਦੁਨੀਆ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੰਗ 'ਚ ਰੰਗ ਗਈ ਸੀ।

ਰਾਘਵ ਚੱਢਾ ਨੇ ਰਾਜਸਭਾ ਵਿੱਚ ਕਿਹਾ ਕਿ ਹਰ ਬੱਚਾ ਅਤੇ ਬਜ਼ੁਰਗ ਸ੍ਰੀ ਕਰਤਾਰਪੁਰ ਸਾਹਿਬ ਜਾ ਕੇ ਦਰਸ਼ਨ ਕਰਨਾ ਚਾਹੁੰਦਾ ਹੈ ਪਰ ਤਿੰਨ ਸਮੱਸਿਆਵਾਂ ਹਰ ਸ਼ਰਧਾਲੂ ਨੂੰ ਝੱਲਣੀਆਂ ਪੈ ਰਹੀਆਂ ਹਨ।ਪਹਿਲੀ ਸਮੱਸਿਆ ਹੈ- ਪਾਸਪੋਰਟ, ਤੁਹਾਡੇ ਕੋਲ ਪਾਸਪੋਰਟ ਹੋਣਾ ਜ਼ਰੂਰੀ ਹੈ, ਜੇ ਪਾਸਪੋਰਟ ਨਹੀਂ ਹੈ ਤਾਂ ਤੁਸੀਂ ਸ੍ਰੀ ਕਰਤਾਰਪੁਰ ਸਾਹਿਬ ਨਹੀਂ ਜਾ ਸਕਦੇ। ਭਾਰਤ ਸਰਕਾਰ ਪਾਕਿਸਤਾਨ ਦੀ ਸਰਕਾਰ ਸਾਹਮਣੇ ਇਹ ਮੁੱਦਾ ਚੁੱਕੇ। ਦੂਜੀ ਸਮੱਸਿਆ ਇਹ ਹੈ ਕਿ ਹਰ ਸ਼ਰਧਾਲੂ ਨੂੰ 20 ਡਾਲਰ



ਫ਼ੀਸ ਦੇਣੀ ਪੈਂਦੀ ਹੈ। ਇੱਕ ਸ਼ਰਧਾਲੂ ਨੂੰ ਸ੍ਰੀ ਕਰਤਾਰਪੁਰ ਸਾਹਿਬ ਜਾਣ ਲਈ 1600 ਰੁਪਏ ਦੇਣੇ ਪੈਂਦੇ ਹਨ। ਜੇ ਪਰਿਵਾਰ ਦੇ 5 ਮੈਂਬਰ ਹਰ ਸਾਲ ਜਾਣਾ ਚਾਹੁੰਦੇ ਹਨ ਤਾਂ ਸਾਲ ਦਾ ਹਰ ਇੱਕ ਪਰਿਵਾਰ ਦਾ 8 ਹਜ਼ਾਰ ਰੁਪਏ ਖ਼ਰਚਾ ਹੋਵੇਗਾ। ਜਿਸ ਨੂੰ ਬੰਦ ਕੀਤਾ ਜਾਵੇ ਤਾਂ ਜੋ ਉਹ ਆਰਾਮ ਨਾਲ ਸ੍ਰੀ ਕਰਤਾਰਪੁਰ ਸਾਹਿਬ ਜਾ ਸਕੇ। ਆਖ਼ਰੀ ਸਮੱਸਿਆ ਹੈ ਆਨਲਾਈਨ ਰਜਿਸਟਰੇਸ਼ਨ ਦੀ ਜਿਸ ਨੂੰ ਸੌਖਾ ਬਣਾਇਆ ਜਾਵੇ ਤਾਂ ਜੋ ਗੁਰੂ ਅਤੇ ਸੰਗਤ ਵਿਚਾਲੇ ਦੂਰੀਆਂ ਘੱਟ ਕੀਤੀਆਂ ਜਾ ਸਕਣ।

ਜ਼ਿਕਰਯੋਗ ਹੈ ਕਿ ਬੀਤੇ ਲੰਮੇ ਸਮੇਂ ਤੋਂ ਸ੍ਰੀ ਕਾਰਤਾਰਪੁਰ ਸਾਹਿਬ ਦਾ ਲਾਂਘਾ ਸ਼ਰਧਾਲੂਆਂ ਦੇ ਲਈ ਬੰਦ ਕਰ ਦਿੱਤਾ ਗਿਆ ਹੈ। ਪੰਜਾਬ ਦੀ ਸੰਗਤ ਇਸ ਲਾਂਘੇ ਨੂੰ ਖੁਲ੍ਹਵਾਉਣ ਦੇ ਲਈ ਕਈ ਵਾਰ ਗੁਹਾਰ ਲਗਾ ਚੁੱਕੀ ਹੈ ਪਰ ਸੰਗਤ ਦੀ ਇਸ ਮੰਗ ਵੱਲ ਧਿਆਨ ਨਹੀਂ ਦਿੱਤਾ ਗਿਆ। ਹੁਣ ਪੰਜਾਬ ਤੋਂ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਇਹ ਮੁੱਦਾ ਰਾਜ ਸਭਾ ਦੇ ਵਿੱਚ ਚੁੱਕਿਆ ਹੈ।


### ਸ੍ਰੀ ਕਰਤਾਰਪੁਰ ਲਾਂਘੇ ਸੰਬੰਧੀ ਪਾਕਿ ਨੇ ਅਧਿਕਾਰੀ ਕੀਤਾ ਨਿਯੁਕਤ

ਪਾਕਿਸਤਾਨ ਦੀ ਸੰਘੀ ਸਰਕਾਰ ਨੇ ਇਤਿਹਾਸਕ ਕਰਤਾਰਪੁਰ ਲਾਂਘੇ ਨਾਲ ਸਬੰਧਤ ਮਾਮਲਿਆਂ ਨੂੰ ਲੈ ਕੇ 3 ਮਹੀਨਿਆਂ ਲਈ ਇੱਕ ਅਧਿਕਾਰੀ ਦੀ ਨਿਯੁਕਤੀ ਕੀਤੀ ਹੈ। ਲਾਂਘੇ ਰਾਹੀਂ ਭਾਰਤੀ ਸਿੱਖ ਸ਼ਰਧਾਲੂ ਬਿਨਾਂ ਵੀਜ਼ੇ ਦੇ ਪਾਕਿਸਤਾਨ ਵਿੱਚ ਸਥਿਤ ਆਪਣੇ ਸਭ ਤੋਂ ਪਵਿੱਤਰ ਸਥਾਨਾਂ ਵਿੱਚੋਂ ਇੱਕ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕਦੇ ਹਨ। ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੇ ਪਵਿੱਤਰ ਸਥਾਨਾਂ ਦੀ ਦੇਖ਼ਭਾਲ ਕਰਨ ਵਾਲੀ ਸੰਘੀ ਸੰਸਥਾ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈਟੀਪੀਬੀ) ਨੇ 3 ਮਹੀਨਿਆਂ ਲਈ ਕਰਤਾਰਪੁਰ ਲਾਂਘੇ ਦੇ ਪ੍ਰੋਜੈਕਟ ਪ੍ਰਬੰਧਨ ਯੂਨਿਟ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੀ ਨਿਯੁਕਤੀ ਲਈ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ।

ਨੋਟੀਫਿਕੇਸ਼ਨ ਅਨੁਸਾਰ ਈਟੀਪੀਬੀ ਦੇ ਵਧੀਕ ਸਕੱਤਰ (ਪ੍ਰਸ਼ਾਸਨ) ਸਨਾਉੱਲਾ ਖਾਨ ਨੂੰ 3 ਮਹੀਨਿਆਂ ਲਈ 'ਆਰਜ਼ੀ ਵਿਵਸਥਾ' ਤਹਿਤ ਕਰਤਾਰਪੁਰ ਲਾਂਘੇ ਦੀ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਦੇ ਸੀਈਓ ਦਾ ਚਾਰਜ ਦਿੱਤਾ ਗਿਆ ਹੈ।

# ਅਮਰੀਕਾ ਦੇ ਕੁਝ ਹਿੱਸਿਆਂ ਵਿਚ ਸ਼ਕਤੀਸ਼ਾਲੀ ਬਰਫ਼ੀਲੇ ਤੂਫਾਨ ਤੇ ਮੀਂਹ ਨੇ ਜਨ ਜੀਵਨ ਕੀਤਾ ਪ੍ਰਭਾਵਿਤ

**ਸੈਕਰਾਮੈਂਟੋ 12 ਦਸੰਬਰ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸਮੁੱਚੇ ਪੱਛਮੀ ਹਿੱਸੇ ਵਿਚ ਸ਼ਕਤੀਸ਼ਾਲੀ ਬਰਫ਼ੀਲੇ ਤੂਫਾਨ ਤੇ ਦੱਖਣੀ ਕੈਲੀਫੋਰਨੀਆ ਦੇ ਕੁਝ ਹਿੱਸਿਆਂ ਵਿਚ ਪਈ 7 ਇੰਚ ਤੋਂ ਵਧ ਬਾਰਿਸ਼ ਨੇ ਜਨ ਜੀਵਨ ਪ੍ਰਭਾਵਿਤ ਕੀਤਾ ਹੈ। ਕੌਮੀ ਮੌਸਮ ਸੇਵਾ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਮੁੱਚੇ ਪੱਛਮੀ ਹਿੱਸੇ ਵਿਚ ਬਰਫ਼ੀਲਾ ਤੂਫਾਨ ਹੋਰ ਭਿਆਨਕ ਹੋ ਸਕਦਾ ਹੈ। ਕੋਲੋਰਾਡੋ ਤੋਂ ਮਿਨੀਸੋਟਾ ਤੱਕ ਜਬਰਦਸਤ ਬਰਫ਼ਬਾਰੀ ਹੋ ਸਕਦੀ ਹੈ ਤੇ ਤੇਜ ਹਵਾਵਾਂ ਚਲਣਗੀਆਂ। ਚਿਤਾਵਨੀ ਵਿਚ ਕਿਹਾ ਗਿਆ ਹੈ ਕਿ ਦੇਸ਼ ਦੇ ਬਹੁਤ ਸਾਰੇ ਖੇਤਰ ਭਾਰੀ ਬਰਫ਼ਬਾਰੀ ਕਾਰਨ ਪ੍ਰਭਾਵਿਤ ਹੋਣਗੇ ਜਿਸ ਕਾਰਨ ਸਫਰ ਕਰਨਾ ਅਸੰਭਵ ਹੋ ਸਕਦਾ ਹੈ। ਉੱਤਰ ਪੂਰਬੀ ਕੈਲੀਫੋਰਨੀਆ, ਗਰੇਟਰ ਲੇਕ ਟਾਹੋ ਖੇਤਰ, ਪੱਛਮੀ ਨੇਵਾਡਾ ਤੇ ਪੂਰਬੀ



ਸੀਰਾ ਨੇਵਾਡਾ ਵਿਚ ਭਾਰੀ ਬਰਫ਼ਬਾਰੀ ਹੋਈ ਹੈ। ਸੀਰਾ ਨੇਵਾਡਾ ਵਿਚ 5 ਫੁੱਟ ਤੱਕ ਬਰਫ਼ਬਾਰੀ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ । ਮੌਸਮ ਸੇਵਾ ਅਨੁਸਾਰ ਗਰੇਟਰ ਲੇਕ ਟਾਹੋ ਖੇਤਰ ਵਿਚ 48 ਇੰਚ ਤੱਕ ਬਰਫ਼ਬਾਰੀ ਰਿਕਾਰਡ ਹੋਈ ਹੈ। ਲੇਕ ਟਾਹੋ ਖੇਤਰ ਵਿਚ ਭਾਰੀ ਬਰਫ਼ਬਾਰੀ ਕਾਰਨ ਕੈਲੀਫੋਰਨੀਆ ਰਾਸ਼ਟਰੀ ਮਾਰਗ 89 ਨੂੰ ਬੰਦ ਕਰ ਦਿੱਤਾ ਗਿਆ। ਹਾਲਾਤ ਦੇ ਮੱ-ਦੇਨਜ਼ਰ ਹੋਰ ਸੜਕਾਂ ਨੂੰ ਵੀ ਬੰਦ ਕਰਨਾ ਪੈ ਸਕਦਾ ਹੈ। ਤੂਫਾਨ ਦੇ ਪੂਰਬ ਵੱਲ ਵਧਣ ਕਾਰਨ ਤੇ ਬਰਫ਼ ਦੇ ਢੇਰਾਂ ਕਾਰਨ ਉਪਰਲੇ ਮੱਧ ਪੱਛਮ ਦੇ ਪ੍ਰਮੁੱਖ ਰਾਸ਼ਟਰੀ ਮਾਰਗ 1-90 ਤੇ 1-94 ਦੇ ਹਿੱਸੇ ਬੰਦ ਕਰਨੇ ਪੈ ਸਕਦੇ ਹਨ।

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

### ਅਮਰੀਕਾ ਤੇ ਰੂਸ ਵਿਚਾਲੇ ਕੈਦੀਆਂ ਦਾ ਵਟਾਂਦਰਾ

# ਬਾਸਕਟ ਬਾਲ ਖਿਡਾਰਨ ਦੇ ਬਦਲੇ ਅਮਰੀਕਾ ਨੇ ਛੱਡਿਆ ਰੂਸ ਦਾ ਹਥਿਆਰਾਂ ਦਾ ਸੌਦਾਗਰ ਵਿਕਟਰ ਬਾਊਟ

**ਸੈਕਰਾਮੈਂਟੋ 9 ਦਸੰਬਰ–** ਅਮਰੀਕਾ ਤੇ ਰੂਸ ਵਿਚਾਲੇ ਹੋਏ ਕੈਦੀਆਂ ਦੇ ਵਟਾਂਦਰੇ ਦੌਰਾਨ ਦੋਨਾਂ ਦੇਸ਼ਾਂ ਨੇ ਇਕ ਦੂਸਰੇ ਦਾ ਇਕ ਇਕ ਕੈਦੀ ਰਿਹਾਅ ਕੀਤਾ ਹੈ। ਰਿਹਾਅ ਹੋਣ ਵਾਲਿਆਂ ਵਿਚ ਅਮਰੀਕਨ ਦੀ ਬਾਸਕਟਬਾਲ ਖਿਡਾਰਨ ਉਲੰਪਿਕ ਸੋਨ ਤਮਗਾ ਜੇਤੂ ਬ੍ਰਿਟਨੀ ਗਰੀਨਰ ਤੇ ਰੂਸ ਦਾ ਹਥਿਆਰਾਂ ਦਾ ਸੌਦਾਗਰ ਵਿਕਟਰ ਬਾਊਟ ਸ਼ਾਮਿਲ ਹੈ। ਇਹ ਪੁਸ਼ਟੀ ਰਾਸ਼ਟਰ-ਪਤੀ ਜੋ ਬਾਈਡਨ ਨੇ ਕੀਤੀ ਹੈ। ਅਮਰੀਕੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਗਰੀਨਰ ਨੂੰ ਜੇਲ ਤੋਂ ਰਿਹਾਅ ਕਰਕੇ ਮਾਸਕੋ ਲਿਜਾਇਆ ਗਿਆ ਹੈ ਜਿਥੋਂ ਉਹ ਯੂਨ-ਾਈਟਿਡ ਅਰਬ ਐਮੀਰੇਟਸ ਦੇ ਰਸਤੇ ਅਮਰੀਕਾ ਆਵੇਗੀ। ਗਰੀਨਰ ਦੀ ਰਿਹਾਈ ਲਈ ਬਾਈਡਨ ਪ੍ਰਸ਼ਾਸਨ ਉਪਰ ਦਬਾਅ ਬਣਿਆ ਹੋਇਆ ਸੀ ਪਰੰਤੂ ਯੁਕਰੇਨ ਜੰਗ ਕਾਰਨ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਵਧੀਆਂ ਤਲਖੀਆਂ ਕਰਕੇ ਗਰੀਨਰ ਦੀ ਰਿਹਾਈ ਲਈ ਦੇਰ ਹੋਈ। ਬਾਈਡਨ ਨੇ ਰਿਹਾਈ ਉਪਰੰਤ ਕਿਹਾ ਕਿ ਪਿਛਲੇ ਦੋ ਹਫਤਿਆਂ ਤੋਂ ਰੂਸ ਨਾਲ ਗਰੀਨਰ ਦੀ ਰਿਹਾਈ ਲਈ ਗੱਲਬਾਤ ਹੋ ਰਹੀ ਸੀ ਤੇ ਆਖਰਕਾਰ ਇਸ ਵਿਚ ਸਫਲਤਾ ਮਿਲੀ ਹੈ। ਬਾਈਡਨ ਨੇ ਕਿਹਾ ਕਿ ਮੈ ਤੁਹਾਨੂੰ ਇਹ





ਦੱਸਣ ਵਿਚ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਪਿਛਲੇ ਕੁਝ ਮਹੀਨੇ ਤੋਂ ਜੇਲ ਵਿਚ ਬੰਦ ਰਹੀ ਬ੍ਰਿਟਨੀ ਗਰੀਨਰ ਮਾਨਸਿਕ ਤੌਰ 'ਤੇ ਮਜਬੂਤ ਹੈ। ਬ੍ਰਿਟਨੀ ਗਰੀਨਰ 294 ਦਿਨ ਜੇਲ ਵਿਚ ਰਹੀ। ਬ੍ਰਿਟਨੀ ਨੂੰ ਫਰਵਰੀ ਵਿਚ ਮਾਸਕੋ ਦੇ ਹਵਾਈ ਅੱਡੇ 'ਤੇ ਭੰਗ ਦਾ ਤੇਲ ਰਖਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ 4 ਅਗਸਤ ਨੂੰ ਦੋਸ਼ੀ ਕਰਾਰ ਦੇ ਕੇ 9 ਸਾਲ ਦੀ ਸਜ਼ਾ ਸੁਣਾਈ ਗਈ ਸੀ। ਦੂਸਰੇ ਪਾਸੇ ਰਿਹਾਅ ਕੀਤੇ ਰੂਸੀ ਨਾਗਰਿਕ 55 ਸਾਲਾ ਵਿਕਟ ਬਾਊਟ ਨੂੰ ਹਥਿਆਰ ਵੇਚਣ ਦੀ ਕੋਸ਼ਿਸ ਦੇ ਮਾਮਲੇ ਵਿਚ ਫੜਿਆ ਗਿਆ ਸੀ ਜੋ ਹਥਿਆਰ ਅਮਰੀਕੀਆਂ ਵਿਰੁੱਧ ਵਰਤੇ ਜਾਣੇ ਸਨ। ਉਹ ਮੈਰੀਆਨ ਦੀ ਸੰਘੀ ਜੇਲ ਵਿਚ 25 ਸਾਲ ਦੀ ਸਜ਼ਾ ਕੱਟ ਰਿਹਾ ਸੀ। ਉਸ ਦੀ ਰਿਹਾਈ ਅਗਸਤ 2029 ਵਿਚ ਹੋਣੀ ਸੀ। ਉਹ ਰੂਸੀ ਫੌਜ ਦਾ ਸਾਬਕਾ ਲੈਫਟੀਨੈਂਟ ਕਰਨਲ ਹ

## ਅਮਰੀਕੀ ਸੈਨੇਟ ਵਿਚ ਸੱਤਾ ਦਾ ਤਵਾਜ਼ਨ ਵਿਗੜਿਆ, ਇਕ ਡੈਮੋਕਰੈਟਿਕ ਮੈਂਬਰ ਨੇ ਪਾਰਟੀ ਛੱਡੀ

**ਸੈਕਰਾਮੈਂਟੋ 10 ਦਸੰਬਰ–** ਅਮਰੀਕੀ ਸੈਨੇਟ ਦੀ ਡੈਮੋਕਰੈਟਿਕ ਮੈਂਬਰ ਕ੍ਰਿਸਟਨ ਸੀਨੇਮਾ ਵੱਲੋਂ ਪਾਰਟੀ ਛੱਡਣ ਤੇ ਆਜ਼ਾਦ ਮੈਂਬਰ ਵਜੋਂ ਵਿਚਰਨ ਦਾ ਐਲਾਨ ਕਰਨ



ਤੋਂ ਬਾਅਦ ਸਦਨ ਵਿਚ ਸੱਤਾ ਦਾ ਤਵਾਜ਼ਨ ਵਿਗੜ ਗਿਆ ਹੈ। ਐਰੀਜ਼ੋਨਾ ਦੀ ਸੈਨੇਟ ਮੈਂਬਰ ਸੀਨੇਮਾ ਦੇ ਐਲਾਨ ਤੋਂ ਬਾਅਦ 100 ਮੈਂਬਰੀ ਸੈਨੇਟ ਵਿਚ ਡੈਮੋਕਰੈਟਿਕ ਮੈਂਬਰਾਂ ਦੀ ਗਿਣਤੀ 48 ਰਹਿ ਗਈ ਹੈ ਜਦ ਕਿ ਰਿਪਬਲੀਕਨ ਮੈਂਬਰਾਂ ਦੀ ਗਿਣਤੀ 49 ਹੈ। 3 ਮੈਂਬਰ ਆਜ਼ਾਦ ਹਨ। ਹਾਲਾਂ ਕਿ ਪਾਰਟੀ ਲਈ ਇਹ ਰਾਹਤ ਵਾਲੀ ਗੱਲ ਹੈ ਕਿ ਦੋ ਆਜ਼ਾਦ ਮੈਂਬਰ ਵਰਮੋਂਟ ਤੋਂ ਬਰਨੀ ਸੈਂਡਰ ਤੇ ਮੈਨੇ ਤੋਂ ਅੰਗੁਸ ਕਿੰਗ ਸਦਨ ਵਿਚ ਡੈਮੋਕਰੈਟਿਕ ਪਾਰਟੀ ਦਾ ਸਾਥ ਦਿੰਦੇ ਹਨ। ਇਸ ਤਰਾਂ ਪਾਰਟੀ ਕੋਲ ਸਦਨ ਵਿਚ ਵੋਟਾਂ ਦੀ ਗਿਣਤੀ 50 ਹੋ ਜਾਂਦੀ ਹੈ। ਫਿਲਹਾਲ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਕਾਰਨ ਸਦਨ ਵਿਚ ਸੱਤਾ ਦੀ ਕਮਾਨ ਡੈਮੋਕਰੈਟਿਕ ਪਾਰਟੀ ਕੋਲ ਹੈ ਜੋ ਕਿਸੇ ਵੀ ਮਾਮਲੇ 'ਤੇ ਬਰਾਬਰ ਵੋਟਾਂ ਹੋਣ ਦੀ ਹਾਲਤ ਵਿਚ ਆਪਣੀ ਵੋਟ ਪਾਉਣ ਦਾ ਅਧਿਕਾਰ ਰਖਦੀ ਹੈ। ਸੀਨੇਮਾ ਨੇ ਅਜੇ ਇਹ ਫੈਸਲਾ ਨਹੀਂ ਕੀਤਾ ਕਿ ਉਹ ਸੈਂਡਰ ਤੇ ਕਿੰਗ ਵਾਲਾ ਪੈਂਤੜਾ ਅਪਣਾਏਗੀ ਜਾਂ ਰਿਪਬਲੀਕਨ ਪਾਰਟੀ ਦਾ ਸਾਥ ਦੇਵੇਗੀ।

## ਸਿੱਖ ਉਮੀਦਵਾਰ ਡਾ. ਜਸਮੀਤ ਕੌਰ ਬੈਂਸ ਨੇ ਕੈਲੀਫੋਰਨੀਆ ਸਟੇਟ ਅਸੈਂਬਲੀ ਵਿਚ ਸਹੁੰ ਚੁੱਕੀ





**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਅਸੈਂਬਲੀ ਹਲਕਾ ਡਿਸਟ੍ਰਿਕ-35 ਤੋਂ ਸਿੱਖ ਉਮੀਦਵਾਰ ਡਾ. ਜਸਮੀਤ ਕੌਰ ਬੈਂਸ ਨੇ ਚੋਣ ਜਿੱਤ ਕੇ ਅਮਰੀਕਾ ਭਰ ਵਿਚ ਇਕ ਨਵਾਂ ਇਤਿਹਾਸ ਸਿਰਜਿਆ ਹੈ। ਜਿੱਤ ਪ੍ਰਾਪਤ ਕਰਨ ਤੋਂ ਬਾਅਦ ਕੈਲੀਫੋਰਨੀਆ ਸਟੇਟ ਅਸੈਂਬਲੀ ਵਿਚ ਉਸ ਨੇ ਸਹੁੰ ਚੁੱਕ ਲਈ ਹੈ। ਇਸ ਦੌਰਾਨ ਕੈਲੀਫੋਰਨੀਆ ਭਰ 'ਚ ਜਿੱਤੇ ਅਸੈਂਬਲੀ ਮੈਂਬਰਾਂ ਨੇ ਵੀ ਸਹੁੰ ਚੁੱਕੀ।ਜਸਮੀਤ ਕੌਰ ਬੈਂਸ ਦੇ ਸਹੁੰ ਚੁੱਕ ਸਮਾਗਮ ਦੌਰਾਨ ਕੈਲੀਫੋਰਨੀਆ ਭਰ ਤੋਂ 300 ਦੇ ਕਰੀਬ ਸਿੱਖ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਅਮਰੀਕਾ ਵਿਚ ਪਹਿਲੀ ਸਿੱਖ ਔਰਤ ਨੂੰ ਅਸੈਂਬਲੀ ਮੈਂਬਰ ਬਣ-ਦਿਆਂ ਹੋਇਆਂ ਦੇਖਿਆ। ਸਹੁੰ ਚੁੱਕ ਸਮਾਗਮ ਦੌਰਾਨ ਜਸਮੀਤ ਕੌਰ ਬੈਂਸ ਦੇ ਪਿਤਾ ਦਵਿੰਦਰ ਸਿੰਘ ਬੈਂਸ ਤੋਂ ਇਲਾਵਾ ਉਨ੍ਹਾਂ ਦੀ ਮਾਤਾ ਅਤੇ ਭੈਣ-ਭਰਾ ਵੀ ਸ਼ਾਮਲ ਸਨ। ਜਮਮੀਤ ਕੌਰ ਬੈਂਸ ਨੂੰ ਅਧਿਕਾਰਤ ਤੌਰ 'ਤੇ ਕੈਲੀਫੋਰਨੀਆ ਕੈਪੀਟਲ ਵਿਚ ਆਪਣਾ ਦਫਤਰ ਅਤੇ



ਸਟਾਫ ਮਿਲ ਗਿਆ ਹੈ, ਜਿੱਥੋਂ ਹੁਣ ਜਸਮੀਤ ਕੌਰ ਬੈਂਸ ਅਸੈਂਬਲੀ ਦਾ ਕੋਈ ਵੀ ਕੰਮ ਕਰ ਸਕੇਗੀ।

ਇਸ ਸਮਾਗਮ ਤੋਂ ਬਾਅਦ ਵੱਖਰੇ ਤੌਰ 'ਤੇ ਸਿੱਖ ਭਾਈਚਾਰੇ ਲਈ ਇਕ ਹੋਰ ਸਮਾਗਮ ਰੱਖਿਆ ਗਿਆ, ਜਿੱਥੇ ਵੱਖ-ਵੱਖ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਜਸਮੀਤ ਕੌਰ ਬੈਂਸ ਨੂੰ ਅਮਰੀਕਾ ਵਿਚ ਪਹਿਲੀ ਸਿੱਖ ਅਸੈਂਬਲੀ ਮੈਂਬਰ ਬਣਨ 'ਤੇ ਵਧਾਈ ਦਿੱਤੀ।ਇਥੇ ਇਹ ਜ਼ਿਕਰਯੋਗ ਹੈ ਕਿ 8 ਨਵੰਬਰ ਨੂੰ ਹੋਈਆਂ ਅਸੈਂਬਲੀ ਚੋਣਾਂ ਵਿਚ ਜਸਮੀਤ ਕੌਰ ਬੈਂਸ ਨੇ ਆਪਣੀ ਵਿਰੋਧੀ ਲਟੇਸੀਆ ਪਰੇਜ਼ ਨੂੰ ਭਾਰੀ ਬਹੁਮਤ ਨਾਲ ਹਰਾਇਆ ਸੀ।

ਲਟੇਸੀਆ ਪਰੇਜ਼ ਪਿਛਲੇ ਲੰਮੇ ਸਮੇਂ ਤੋਂ ਅਮਰੀਕਨ ਰਾਜਨੀਤੀ ਵਿਚ ਸਰਗਰਮ ਸੀ ਅਤੇ ਉਸ ਕੋਲੋਂ ਇਸ ਸੀਟ 'ਤੇ ਜਿੱਤ ਹਾਸਲ ਕਰਨੀ ਬਹੁਤ ਮੁਸ਼ਕਲ ਸੀ। ਪਰ ਸਥਾਨਕ ਵੋਟਰਾਂ ਨੇ ਡਾ. ਜਸਮੀਤ ਕੌਰ ਬੈਂਸ ਦੀ ਯੋਗਤਾ ਅਤੇ ਕੰਮਾਂ ਨੂੰ ਦੇਖਦਿਆਂ ਉਸ ਨੂੰ ਭਾਰੀ ਬਹੁਮਤ ਨਾਲ ਜਿਤਾਇਆ।

## ਜਾਰਜ ਫਲਾਇਡ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਫਸਰ ਨੂੰ ਸਾਢੇ ਤਿੰਨ ਸਾਲ ਦੀ ਕੈਦ

**ਸੈਕਰਾਮੈਂਟੋ 10 ਦਸੰਬਰ–** 25 ਮਈ 2020 ਨੂੰ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਪੁਲਿਸ ਹੱਥੋਂ ਹੋਈ ਹੱਤਿਆ ਜਿਸ ਕਾਰਨ ਅੰਤਰ ਰਾਸ਼ਟਰੀ ਪੱਧਰ 'ਤੇ ਪ੍ਰਦਰਸ਼ਨ



ਹੋਏ ਸਨ, ਦੇ ਮਾਮਲੇ ਵਿਚ ਮਿਨੀਆਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਜੇ ਅਲੈਗਜੈਂਡਰ ਕੁਏਂਗ ਨੂੰ ਸਾਢੇ ਤਿੰਨ ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ ਹੱਤਿਆ ਵਿਚ ਸਹਿਯੋਗ ਕਰਨ ਦਾ ਦੋਸ਼ੀ ਪਾਇਆ ਗਿਆ ਹੈ। ਕੁਏਂਗ ਪਹਿਲਾਂ ਹੀ ਇਸ ਮਾਮਲੇ ਵਿਚ ਫਲਾਇਡ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਇਕ ਸੰਘੀ ਅਦਾਲਤ ਵੱਲੋਂ ਸੁਣਾਈ 3 ਸਾਲ ਦੀ ਸਜ਼ਾ ਲਿਸਬਨ (ਓਹੀਓ) ਦੀ ਜੇਲ ਵਿਚ ਕੱਟ ਰਿਹਾ ਹੈ। ਇਸ ਮਾਮਲੇ ਵਿਚ ਮੁੱਖ ਦੋਸ਼ੀ ਸਾਬਕਾ ਪੁਲਿਸ ਅਫਸਰ ਡੈਰਕ ਸ਼ੌਵਿਨ 21 ਸਾਲ ਜੇਲ ਦੀ ਸਜ਼ਾ ਕੱਟ ਰਿਹਾ ਹੈ।

## ਵਿੱਤੀ ਸਾਲ 2022 ਦੌਰਾਨ ਤਕਰੀਬਨ 10 ਲੱਖ ਲੋਕਾਂ ਨੂੰ ਮਿਲੀ ਅਮਰੀਕੀ ਨਾਗਰਿਕਤਾ ਭਾਰਤ ਸਮੇਤ 5 ਦੇਸ਼ਾਂ ਦੇ ਲੋਕਾਂ ਨੂੰ ਮਿਲੀ ਸਭ ਤੋਂ ਵਧ ਨਾਗਰਿਕਤਾ

**ਸੈਕਰਾਮੈਂਟੋ 11 ਦਸੰਬਰ–** ਵਿੱਤੀ ਸਾਲ 2022 ਦੌਰਾਨ ਵੱਖ ਵੱਖ ਦੇਸ਼ਾਂ ਦੇ ਤਕਰੀਬਨ 10 ਲੱਖ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਹੈ। ਪਿਛਲੇ 15 ਸਾਲਾਂ ਦੌਰਾਨ ਅਮਰੀਕੀ ਨਾਗਰਿਕਤਾ ਲੈਣ ਵਾਲੇ ਲੋਕਾਂ ਦੀ ਇਹ ਗਿਣਤੀ ਸਭ ਤੋਂ ਵਧ ਹੈ। ਇਹ ਖੁਲਾਸਾ ਯੂ ਐਸ ਇਮੀਗ੍ਰੇਸ਼ਨ ਸਿਟੀਜਨਸ਼ਿੱਪ ਐਂਡ ਇਮੀਗ੍ਰੇਸ਼ਨ ਸਰਵਿਸਜ ਨੇ ਜਾਰੀ ਇਕ ਰਿਪੋਰਟ ਵਿਚ ਕੀਤਾ ਹੈ। ਰਿਪੋਰਟ ਅਨੁਸਾਰ ਜਿਨਾਂ 5 ਦੇਸ਼ਾਂ ਦੇ ਲੋਕਾਂ ਨੂੰ ਸਭ ਤੋਂ ਵਧ ਨਾਗਰਿਕਤਾ ਮਿਲੀ ਹੈ, ਉਨਾਂ ਵਿਚ ਮੈਕਸੀਕੋ, ਭਾਰਤ, ਫਿਲਪਾਈਨਜ, ਕਿਊਬਾ ਤੇ ਡੌਮੀਨੀਕਨ ਰਿਪਬਲਿਕ ਸ਼ਾਮਿਲ ਹਨ। ਰਿਪੋਰਟ ਅਨੁਸਾਰ 30 ਸਤੰਬਰ ਨੂੰ ਸਮਾਪਤ ਹੋਏ ਵਿੱਤੀ ਸਾਲ 2022 ਦੌਰਾਨ 10,75,700 ਲੋਕਾਂ ਨੂੰ ਨਾਗਰਿਕਤਾ ਦੇਣ ਦੀ ਪ੍ਰਕ੍ਰਿਆ ਮੁਕੰਮਲ ਹੋਈ ਜਿਨਾਂ ਵਿਚੋਂ 9,67,400 ਨੂੰ ਅਮਰੀਕਾ ਦੇ ਨਵੇਂ ਨਾਗਰਿਕਾਂ ਵਜੋਂ ਸਹੁੰ ਚੁਕਾਈ ਗਈ। ਅਮਰੀਕੀ ਨਿਯਮਾਂ ਅਨੁਸਾਰ




ਉਹ ਲੋਕ ਅਮਰੀਕੀ ਨਾਗਰਿਕਤਾ ਲੈਣ ਦੇ ਹੱਕਦਾਰ ਹਨ ਜਿਨਾਂ ਕੋਲ ਗਰੀਨ ਕਾਰਡ ਹੈ ਜਾਂ ਜੋ ਫੌਜੀ ਸੇਵਾ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਬਾਈਡਨ ਪ੍ਰਸਾਸ਼ਨ ਨੇ ਨਾਗਰਿਕਤਾ ਫੀਸ 725 ਡਾਲਰ ਨਿਸ਼ਚਤ ਕੀਤੀ ਹੈ ਜਿਨਾਂ ਵਿਚੋਂ 640 ਡਾਲਰ ਪ੍ਰਕ੍ਰਿਆ ਫੀਸ ਤੇ 85 ਡਾਲਰ ਬਾਇਓਮੈਟਰਿਕ ਸੇਵਾ ਦੇ ਸ਼ਾਮਿਲ ਹਨ। ਫੌਜ ਵਿਚ ਸੇਵਾ ਨਿਭਾ ਰਹੇ ਲੋਕਾਂ ਨੂੰ ਇਸ ਫੀਸ ਤੋਂ ਛੋਟ ਹੈ।

ਇਥੇ ਜਿਕਰਯੋਗ ਹੈ ਕਿ ਜਿਨਾਂ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲ ਜਾਂਦੀ ਹੈ ਉਹ ਹੀ ਦੇਸ਼ ਦੇ ਬਾਕੀ ਨਾਗਰਿਕਾਂ ਵਾਂਗ ਸਰਕਾਰੀ ਯੋਜਨਾਵਾਂ ਤੇ ਪ੍ਰੋਗਰਾਮਾਂ ਦਾ ਲਾਹਾ ਲੈਣ ਦੇ ਯੋਗ ਹੁੰਦੇ ਹਨ। ਉਹ ਸੰਘੀ ਚੋਣਾਂ ਵਿਚ ਵੋਟ ਪਾ ਸਕਦੇ ਹਨ, ਚੋਣਾਂ ਲੜ ਸਕਦੇ ਹਨ, ਮੈਡੀਕਲ ਸਮੇਤ ਸਰਕਾਰੀ ਸਹਾਇਤਾ ਪ੍ਰੋਗਰਾਮਾਂ ਦਾ ਲਾਭ ਲੈ ਸਕਦੇ ਹਨ ਤੇ ਸਥਾਈ ਨਿਵਾਸ ਲਈ ਆਪਣੇ ਰਿਸ਼ਤੇਦਾਰਾਂ ਨੂੰ ਸਪਾਂਸਰ ਕਰ ਸਕਦੇ ਹਨ। ਉਨਾਂ ਦੇ ਬੱਚਿਆਂ ਦੀ ਅਮਰੀਕੀ ਨਾਗਰਿਕਤਾ ਯਕੀਨੀ ਹੋ ਜਾਂਦੀ ਹੈ।

ਦੇਸ਼ ਦੁਆਬਾ

# ਸ਼ਹੀਦ ਊਧਮ ਸਿੰਘ ਦੀ ਕੁਰਬਾਨੀ

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਜਿਹਨਾਂ ਯੋਧਿਆਂ, ਸੂਰਬੀਰਾਂ ਨੇ ਕੁਰਬਾਨੀਆਂ ਦੇ ਕੇ ਅੱਜ ਦੇ ਭਾਰਤ ਦੇ ਹੋਂਦ ਵਿਚ ਆਉਣ ਦਾ ਰਾਹ ਪੱਧਰਾ ਕੀਤਾ, ਉਹਨਾਂ ਵਿਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਨੌਜਵਾਨ ਸ਼ਹੀਦਾਂ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੈ। ਹਾਲਾਂਕਿ ਪੰਜਾਬੀ ਮੂਲ ਦੇ ਸੈਂਕੜੇ ਅਜਿਹੇ ਮਹਾਨ ਸ਼ਹੀਦ ਹੋਏ, ਜਿਹਨਾਂ ਨੇ ਕੁਰਬਾਨੀਆਂ ਦੇ ਕੇ ਭਾਰਤ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ, ਪਰ ਕੁਝ ਦਿਨਾਂ ਵਿਚ ਅਸੀਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾ ਰਹੇ ਹਾਂ, ਜਿਹਨਾਂ ਦੀ ਬਦੌਲਤ ਸਾਨੂੰ ਅੱਜ ਦਾ ਲੋਕਰਾਜੀ ਭਾਰਤ ਮਿਲਿਆ ਹੈ। ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਹਨਾਂ ਸ਼ਹੀਦਾਂ ਨੇ ਆਪਣੀ ਮਹਾਨ ਸ਼ਹਾਦਤ ਦੇ ਕੇ ਜਿੱਥੇ ਮੁਲਕ ਨੂੰ ਆਜ਼ਾਦ ਕਰਵਾਇਆ, ਉਥੇ ਹੀ ਅੱਜ ਦੇ ਲੋਕਰਾਜੀ ਅਤੇ ਹਰੇਕ ਵਰਗ ਲਈ ਅਧਿਕਾਰਾਂ ਦੀ ਸਿਰਜਣਾ ਕਰਨ ਵਾਲੇ, ਬਰਾਬਰੀ ਦੇ ਸਮਾਜ ਦਾ ਮੁੱਢ ਬੰਨ੍ਹਣ ਵਾਲੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਵੀ ਹਾਲੇ ਅਸੀਂ ਕੁਝ ਦਿਨ ਪਹਿਲਾਂ ਮਨਾਇਆ ਹੈ।

ਸ਼ਹੀਦ ਊਧਮ ਸਿੰਘ ਇਕ ਗਰੀਬ ਪਰਿਵਾਰ ਨਾਲ ਸਬੰਧਤ ਸਨ, ਜੋ ਬਚਪਨ ਵਿਚ ਹੀ ਯਤੀਮ ਹੋ ਗਏ ਅਤੇ ਯਤੀਮਖਾਨੇ ਵਿਚ ਹੀ ਪਲੇ-ਵੱਡੇ ਹੋਏ। ਉਹਨਾਂ ਦੇ ਇਸ ਸੰਘਰਸ਼ ਭਰੇ ਜੀਵਨ ਦੇ ਬਾਵਜੂਦ ਆਦਰਸ਼ ਅਤੇ ਦੇਸ਼ ਲਈ ਮਰ ਮਿਟਣ ਦੀਆਂ ਭਾਵਨਾਵਾਂ ਹੋਰ ਪ੍ਰਬੱਲ ਹੁੰਦੀਆਂ ਗਈਆਂ। ਉਹਨਾਂ ਨੇ ਆਪਣੀ ਚੜ੍ਹਦੀ ਜਵਾਨੀ ਜਲ੍ਹਿਆਂਵਾਲਾ ਬਾਗ ਦੇ ਕਿੱਸੇ ਸੁਣੇ, ਜਿੱਥੇ ਅੰਗਰੇਜ਼ ਹਕੂਮਤ ਨੇ ਸੈਂਕੜੇ ਨਿਰਦੋਸ਼ ਭਾਰਤੀਆਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ ਸੀ।

ਉਹਨਾਂ ਤੇ ਇਸ ਵਾਰਦਾਤ ਦਾ ਇੰਨਾ ਜ਼ਿਆਦਾ ਅਸਰ ਹੋਇਆ ਕਿ ਉਹਨਾਂ ਨੇ ਨਿਰਦੋਸ਼ਾਂ ਦੇ ਕਾਤਲਾਂ ਨੂੰ ਸਬਕ ਸਿਖਾਉਣ ਦਾ ਨਿਸਚਾ ਕਰ ਲਿਆ। ਇਸ ਤੋਂ ਬਾਅਦ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਉਹ ਭਾਰਤ ਤੋਂ ਨਿਕਲ ਤੁਰੇ ਅਤੇ ਕਈ ਮੁਲਕਾਂ ਵਿਚ ਹੁੰਦੇ ਹੋਏ, ਸੰਘਰਸ਼ ਕਰਦੇ ਆਖਿਰ ਇੰਗਲੈਂਡ ਪਹੁੰਚੇ। ਜਿੱਥੇ ਉਹਨਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਅੰਗਰੇਜ਼ ਅਫਸਰ ਜਨਰਲ ਡਾਇਰ ਦੀ ਹੱਤਿਆ ਕਰ ਦਿੱਤੀ ਅਤੇ ਫਿਰ ਆਤਮ-ਸਮਰਪਣ ਕਰਕੇ ਆਪਣੀਆਂ ਭਾਵਨਾਵਾਂ ਨੂੰ ਅੰਗਰੇਜ਼ਾਂ ਦੀ ਅਦਾਲਤ ਵਿਚ ਜਿਸ ਬਹਾਦਰੀ ਨਾਲ ਬਿਆਨ ਕੀਤਾ, ਉਸ ਨੇ ਅੰਗਰੇਜ਼ੀ ਹਕੂਮਤ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਦਾ ਅੰਗਰੇਜ਼ਾਂ ਤੇ ਇੰਨਾ ਅਸਰ ਹੋਇਆ ਕਿ ਉਹਨਾਂ ਨੇ ਭਾਰਤ ਛੱਡਣ ਦਾ ਫੈਸਲਾ ਕਰ ਲਿਆ ਅਤੇ ਇਸ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ। ਅੰਗਰੇਜ਼ਾਂ ਨੂੰ ਹੁਣ ਯਕੀਨ ਹੋ ਗਿਆ ਸੀ ਕਿ ਭਾਰਤੀ ਹੁਣ ਜਾਗਰੂਕ ਹੋ ਗਏ ਹਨ ਅਤੇ ਭਾਰਤ ਦੇ ਨੌਜਵਾਨਾਂ ਨੇ ਆਜ਼ਾਦੀ ਦਾ ਝੰਡਾ ਚੁੱਕ ਲਿਆ ਹੈ, ਜਿਹਨਾਂ ਨੂੰ ਹਰਾਉਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਅਸੀਂ ਤਹਿ ਦਿਲੋਂ ਸਿਜਦਾ ਕਰਦੇ ਹਾਂ।

ਇਸ ਦੇ ਨਾਲ ਹੀ ਭਾਰਤ ਦੇ ਇਕ ਹੋਰ ਮਹਾਨ ਸਪੂਤ ਨੇ ਬੜਾ ਲੰਮਾ ਸੰਘਰਸ਼ ਕਰਕੇ ਭਾਰਤ ਦੀ ਬਹੁਗਿਣਤੀ ਆਬਾਦੀ ਦੇ ਲਈ ਉਹ ਕੀਤਾ, ਜੋ ਭਾਰਤ ਦੇ ਦਲਿਤ, ਪੱਛੜੇ ਅਤੇ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਹੋਰ ਕੋਈ ਵੀ ਇਨਸਾਨ ਨਹੀਂ ਕਰ ਸਕਦਾ ਸੀ। ਭਾਰਤ ਦੇ ਹਰੇਕ ਨਾਗਰਿਕ ਨੂੰ ਬੁਨਿਆਦੀ ਹੱਕ ਤਾਂ ਮਿਲੇ ਹੀ, ਨਾਲ ਹੀ ਭਾਰਤ ਇਕ ਅਜਿਹਾ ਫੈਡਰਲ ਅਤੇ ਵਿਕੇਂਦਰਿਤ ਰਾਜ ਬਣਿਆ, ਜਿਸ ਵਿਚ ਸ਼ਕਤੀਆਂ ਦੀ ਵੰਡ ਅਜਿਹੇ ਤਰੀਕੇ ਨਾਲ ਕੀਤੀ ਗਈ ਕਿ ਕੋਈ ਵੀ ਪਾਸਾ ਤਾਨਾਸ਼ਾਹ ਨਹੀਂ ਹੋ ਸਕਦਾ। ਬਾਬਾ ਸਾਹਿਬ ਦੁਆਰਾ ਦਿੱਤੇ ਇਸ ਸੰਵਿਧਾਨ ਦੀ ਬਦੌਲਤ ਹੀ ਭਾਰਤ ਆਜ਼ਾਦੀ ਦੇ 75 ਸਾਲ ਬਾਅਦ ਵਿਸ਼ਵ ਵਿਚ ਤੇਜ਼ੀ ਨਾਲ ਉਭਰ ਰਿਹਾ ਹੈ।

**- ਤਰਸੇਮ ਜਲੰਧਰੀ**

# ਰੰਗਰੇਟੇ, ਗੁਰੂ ਕੇ ਬੇਟੇ- ਭਾਈ ਜੀਵਨ ਸਿੰਘ ਜੀ



ਜਦੋਂ ਕੋਈ ਸਿੰਘ (ਸਿੱਖ) ਇਨਸਾਨ ਸਿੱਖੀ ਵਾਸਤੇ ਵੱਡਾ ਕਾਰਨਾਮਾ ਕਰਦਾ ਹੈ ਜਾਂ ਕਿਸੇ ਕੀਤਾ ਸੀ, ਅਸੀਂ ਉਸ ਇਨਸਾਨ ਨੂੰ ਸਿੰਘ ਹੀ ਜਾਣਦੇ ਹਾਂ। ਉਸਦੀ ਜਾਤ-ਬਿਰਾਦਰੀ ਬਾਰੇ ਘੱਟ। ਦਸਵੇਂ ਗੁਰਾਂ 325 ਸਾਲ ਪਹਿਲਾਂ ਸ਼ਲੋਕ ਫੁਰਮਾਇਆ ਸੀ:- ਮਾਨਸ ਕੀ ਜਾਤ, ਸਭੈ ਏਕੋ ਪਹਿਚਾਨਬੋ।।

ਅੱਜ ਵੀ ਅਸੀਂ ਇਸ ਕਥਨ ਨੂੰ ਅੱਗੇ ਰੱਖ ਕੇ ਗੱਲ ਕਰਦੇ ਹਾਂ ਪਰ ਅਸਲੀਅਤ ਕੁਝ ਹੋਰ ਹੋ ਸਕਦੀ ਹੈ। ਮਨੁੱਖੀ ਇਤਿਹਾਸ ਨੂੰ ਫਰੋਲਿਆਂ ਲੱਗਦਾ ਹੈ ਕਿ ਕਿਸੇ ਵੀ ਦੇਸ਼, ਧਰਮ, ਸਭਿਅਤਾ ਵਿਚ ਘੱਟ ਗਿਣਤੀਆਂ ਜਾਂ ਆਰਥਿਕ ਤੌਰ 'ਤੇ ਪੱਛੜੇ ਵਰਗਾਂ ਦੀਆਂ ਕੁਰਬਾਨੀਆਂ ਬਹੁ-ਗਿਣਤੀ ਦੇ ਹੱਕ ਵਿਚ ਵਰਤੀਆਂ ਜਾਂਦੀਆਂ ਹਨ। ਅਗਰ ਅੱਜ ਤੱਕ ਸਿੱਖੀ ਵਿਚ ਜਾਤਾਂ-ਪਾਤਾਂ ਖੜ੍ਹੀਆਂ ਹਨ ਤਾਂ ਸਾਨੂੰ ਘੱਟ ਗਿਣਤੀਆਂ ਦੀਆਂ ਕੁਰਬਾਨੀਆਂ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ। ਇਹ ਸੱਚ ਹੈ ਕਿ ਸਿੱਖ ਮਜ਼ਹਬ ਵਿਚ ਹਿੰਦੂਆਂ ਅਤੇ ਹਿੰਦੂਆਂ 'ਚੋਂ ਨਿਕਲੇ ਔਰੰਗਜੇਬ ਸਮੇਂ ਬਣੇ ਮੁਸਲਮਾਨਾਂ ਵਿਚ ਮੁਕਾਬਲੇ ਜਾਤੀਵਾਦ ਘੱਟ ਹੋ ਸਕਦਾ ਹੈ। ਗੁਰਾਂ ਨੇ ਜਾਤ ਦੇ ਆਧਾਰ 'ਤੇ ਗੁਰਦੁਆਰੇ ਨਹੀਂ ਬਣਾਏ ਪਰ ਅੱਜ ਬਣ ਰਹੇ ਹਨ।

ਭਾਈ ਜੀਵਨ ਸਿੰਘ ਦੇ ਪਰਿਵਾਰ ਦੀ ਸਿੱਖੀ ਬਾਰੇ ਕਹਾਣੀ ਅਤੇ ਕੁਰਬਾਨੀ ਇਕੋ ਇਕ ਅਜਿਹੀ ਘੱਟ ਗਿਣਤੀ ਸਿੱਖ ਵਰਗ ਦੀ ਹੈ। ਵਾਲਮੀਕ ਜਾਤ ਨਾਲ ਸਬੰਧਤ ਲੋਕ ਚੂੜ੍ਹੇ ਜਾਂ ਭੰਗੀ ਨਾਂ ਨਾਲ ਜਾਣੇ ਜਾਂਦੇ ਹਨ ਜੋ ਸਿੱਖ ਬਣ ਕੇ ਮਜਬੀ ਸਿੱਖ ਜਾਂ ਰੰਗਰੇਟੇ ਸਿੰਘ ਵਜੋਂ ਜਾਣੇ ਜਾਣ ਲੱਗੇ। ਇੱਥੇ ਮਜਬੀ ਦਾ ਮਤਲਬ ਧਰਮੀ ਯਾਨਿ ਵਫਾਦਾਰ ਸਿੰਘ ਭੰਗੀ, ਰੰਗੇਟੇ ਸਿੰਘ ਕਿਵੇਂ ਕਹਾਉਣ ਲੱਗੇ? ਹਿੰਦੂਆਂ ਦੀ ਰਮਾਇਣ ਲਿਖਣ ਵਾਲਾ ਹਿੰਦੂ ਬਾਲਮੀਕ ਜੀ ਸਨ, ਜਿੱਥੋਂ ਬਾਲਮੀਕੀ ਕਹਿਣਾ ਸ਼ੁਰੂ ਹੋਇਆ। ਭਾਈ ਸਦਾ ਨੰਦ 9ਵੇਂ ਗੁਰਾਂ ਦੀ ਗੁਰਗੱਦੀ ਤੋਂ ਪਹਿਲਾਂ ਪਿੰਡ ਬਕਾਲੇ ਵਿਖੇ, ਤੇਗ ਬਹਾਦਰ ਅਤੇ ਪਰਿਵਾਰ ਦੀ ਸੇਵਾ ਕਰਦਾ ਸੀ। ਕਿਹਾ ਜਾਂਦਾ ਹੈ ਕਿ ਪਿੰਡ ਕੱਥੂ ਨੰਗਲ ਜੋ ਬਾਬਾ ਬੁੱਢਾ ਜੀ ਦਾ ਪਿੰਡ ਹੈ, ਭਾਈ ਕਲਿਆਣਾ ਜੀ, ਭਾਈ ਸਾਦਾ ਨੰਦ ਇਸੇ ਪਿੰਡ ਦੇ ਪਿਛੋਕੜ ਨਾਲ ਸਬੰਧਤ ਸਨ। ਜਦੋਂ ਗੁਰੂ ਤੇਗ ਬਹਾਦਰ ਸਾਹਿਬ ਪੰਜਾਬ ਦੇ ਹਾਲਾਤ ਨੂੰ ਵੇਖ ਕੇ ਪਟਨਾ ਸਾਹਿਬ ਚਲੇ ਗਏ ਤਾਂ ਹੋਰ ਸਿੰਘਾਂ ਵਾਂਗ ਸਾਦਾ ਨੰਦ ਵੀ ਨਾਲ ਸੀ। ਸਾਦਾ ਨੰਦ ਦੇ ਪਰਿਵਾਰ ਦਾ ਪਿਛੋਕੜ, ਗੁਰੂ ਨਾਨਕ ਦੀ ਗੱਦੀ ਨਾਲ ਜੁੜਿਆ ਹੋਇਆ ਸੀ। ਸਾਦਾ ਨੰਦ ਅਤੇ ਮਾਤਾ ਪਰੇਮੋ ਦੇ ਘਰ ਜੈਤਾ ਜੀ ਦਾ ਜਨਮ 1649 ਵਿਚ ਹੋਇਆ। ਦੂਜਾ ਪੁੱਤਰ ਭਾਈ ਸੰਗਤਾ ਜੀ ਦਾ ਜਨਮ 10ਵੇਂ ਗੁਰਾਂ ਤੋਂ ਇਕ ਦਿਨ ਬਾਅਦ ਦਾ ਆਖਿਆ ਜਾਂਦਾ ਹੈ। ਦੋਵੇਂ ਭਰਾ ਗੋਬਿੰਦ ਰਾਏ ਦੇ ਬਚਪਨ ਦੇ ਸਾਥੀ ਖਿਲਾਰੀ ਸਨ। ਜੈਤਾ ਜੀ 9ਵੇਂ ਗੁਰਾਂ ਤੋਂ ਕੋਈ 16 ਕੁ ਸਾਲ ਵੱਡੀ ਉਮਰ ਦੇ ਸਨ।



**ਪ੍ਰੋ ਜਸਵੀਰ ਸਿੰਘ ਉਭੀ ਅਜਨੌਹਾ**

ਚਾਂਦਨੀ ਚੌਂਕ ਵਿਖੇ ਗੁਰੂ ਤੇਗ ਬਹਾਦਰ ਜੀ ਅਤੇ ਹੋਰ ਸਿੰਘ ਭਾਈ ਮਤੀ ਦਸ ਅਤੇ ਭਾਈ ਸਤੀ ਦਾਸ ਦੀਆਂ ਬੇਰਹਿਮੀ ਨਾਲ ਸ਼ਹੀਦੀਆਂ ਪਿੱਛੋਂ ਕੋਈ ਵੀ ਸਿੱਖ ਕਹਾਉਣ ਵਾਸਤੇ ਤਿਆਰ ਨਹੀਂ ਸੀ। ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰੇ ਨੇ ਮੁਗਲਾਂ ਤੋਂ ਚੋਰੀ ਆਪਣੇ ਰੂੰ ਦੇ ਗੁਦਾਮ ਨੂੰ ਅੱਗ ਲਗਾ ਕੇ ਕੀਤਾ। ਸੀਸ ਬੜੀ ਹਿੰਮਤ, ਤੇਜੀ ਅਤੇ ਦਲੇਰੀ ਨਾਲ ਉਹ ਆਨੰਦਪੁਰ ਸਾਹਿਬ 9 ਸਾਲ ਦੇ ਗੋਬਿੰਦ ਰਾਏ ਸਾਹਮਣੇ ਆ ਭੇਂਟ ਕੀਤਾ। ਰੰਗ (ਰੰਘ) ਦਾ ਮਤਲਬ ਹੈ ਤੇਜੀ ਅਤੇ ਜੋਰ ਨਾਲ। ਫੁਰਤੀ ਨਾਲ ਇੱਥੇ 9ਵੇਂ ਗੁਰੂ ਆਖਿਆ ਰੰਘਰੇਟੇ ਗੁਰੂ ਕੇ ਬੇਟੇ। ਯਾਨਿ ਤੇਜੀ ਅਤੇ ਦਲੇਰੀ ਨਾਲ ਕੰਮ ਕਰਨ ਵਾਲੇ ਗੁਰੂ ਤੇਗ ਬਹਾਦਰ ਦੇ ਪੁੱਤਰ। ਇਥੋਂ ਭੰਗੀ ਸਿੱਖ ਬਰਾਦਰੀ ਨੂੰ ਰੰਗਰੇਟੇ ਕਹਿਣਾ ਸ਼ੁਰੂ ਹੋ ਗਿਆ। ਰੰਗੜ ਸ਼ਬਦ ਮੁਸਲਮਾਨ ਅਤੇ ਹਿੰਦੂਆਂ ਦੀ ਔਲਾਦ ਨੂੰ ਵੀ ਆਖਿਆ ਜਾਂਦਾ ਹੈ, ਜਿਵੇਂ ਮੱਸਾ ਰੰਗੜ।

ਜੇਤਾ ਨਾਂ ਗੁਰੂ ਤੇਗ ਬਹਾਦਰ ਜੀ ਨੇ ਦਿੱਤਾ ਸੀ। ਭਾਈ ਜੈਤਾ ਜੀ ਅੰਮ੍ਰਿਤ ਦੀ ਦਾਤ ਪਾਨ ਕਰਕੇ ਭਾਈ ਜੀਵਨ ਸਿੰਘ ਨਾਂ ਨਾਲ ਜਾਣੂ ਹੋਣ ਲੱਗੇ। ਜੀਵਨ ਸਿੰਘ ਨੇ ਬਹੁਤ ਸਾਰੀਆਂ ਜਿਵੇਂ ਭੰਗਾਣੀ ਦੀ ਜੰਗ, ਨਹਾਨ, ਆਨੰਦਪੁਰ ਦੀਆਂ 4 ਜੰਗਾਂ, ਨਿਰਮੋਹਗੜ੍ਹ, ਬਜੌਰ, ਸਰਸਾ, ਚਮਕੌਰ ਦੀ ਜੰਗ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਚਮਕੌਰ ਦੀ ਗੜ੍ਹੀ ਵਿਚ ਗੁਰੂ ਸਾਹਿਬ ਦੇ 40 ਸਿੰਘਾਂ ਵਿਚ ਮੌਜੂਦ ਸਨ। ਛੋਟਾ ਭਰਾ ਸੰਗਤ ਸਿੰਘ ਵੀ ਨਾਲ ਹੀ ਸੀ। ਜੀਵਨ ਸਿੰਘ ਜੀ ਬਹੁਤ ਅੱਛੇ ਕਵੀ, ਲਿਖਾਰੀ ਅਤੇ ਕੀਰਤਨੀਏ ਵੀ ਸਨ, ਬਹਾਦਰ ਜੰਗਜੂ ਦੀ ਸਿੱਖਿਆ ਲਈ ਸੀ। ਹੋਣਾਰ ਅਤੇ ਬਹੁਤ ਵਧੀਆ ਘੋੜ ਸਵਾਰ ਸਿਪਾਹੀ ਸਨ। ਅਖੀਰ 1704 ਨੂੰ ਚਮਕੌਰ ਦੀ ਗੜ੍ਹੀ ਵਿਚ ਸ਼ਹੀਦੀ ਪ੍ਰਾਪਤ ਕੀਤੀ। ਇੱਥੇ ਗੁਰਦੁਆਰਾ ਸ਼ਹੀਦ ਬੁਰਜ ਸਾਹਿਬ ਚਮਕੌਰ ਵਿਖੇ ਸਥਿਤ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਘੱਟ ਗਿਣਤੀ ਬਿਰਾਦਰੀਆਂ ਨਾਲ ਸਬੰਧਤ ਸਿੰਘਾਂ ਦੀਆਂ ਕੁਰਬਾਨੀਆਂ ਦਾ ਢੁਕਵਾਂ ਸਨਮਾਨ ਕਰੀਏ।

# ਸਮੇ ਨਾਲ ਬਹੁਤ ਕੁਝ ਨਵਾਂ ਹੁੰਦਾ ਹੈ !

**ਅਵਤਾਰ ਸਿੰਘ ਮਿਸ਼ਨਰੀ 510-432-5827**

ਸਮੇਂ ਨਾਲ ਕਈ ਕੁਝ ਬਦਲਦਾ ਹੈ। ਸਾਨੂੰ ਲਕੀਰ ਦੇ ਫ਼ਕੀਰ ਨਹੀਂ ਬਣਨਾ ਚਾਹੀਦਾ। ਕੁਦਰਤ ਨਿੱਤ ਨਵੀਆਂ ਪੁਲਾਂਘਾਂ ਪੱਟਦੀ ਹੈ। ਪਹਿਲੇ ਘਰ ਤੇ ਧਰਮ ਅਸਥਾਨ ਵੀ ਕੱਚੇ ਹੁੰਦੇ ਸਨ ਪਰ ਹੁਣ ਪੱਕੇ ਹਨ। ਤੁਹਾਡੇ ਮੁਤਾਬਕ ਪੁਰਾਤਨ ਹੀ ਹੋਣੇ ਚਾਹੀਦੇ ਸੀ। ਪਹਿਲੇ ਕੱਚੇ ਚੁੱਲ੍ਹੇ ਤੇ ਲੱਕੜਾਂ ਬਾਲ ਕੇ ਖਾਣਾ ਪੱਕਦਾ ਤੇ ਲੰਗਰ ਪੱਕਦੇ ਸਨ ਪਰ ਅੱਜ ਗੈਸ ਚੁੱਲੇ ਹਨ। ਬਿਜਲੀ ਹੀਟਰ ਹਨ। ਪਹਿਲੇ ਆਵਾਜਾਈ ਦੇ ਸਾਧਨ ਬੈਲ, ਘੋੜੇ, ਊਠ, ਹਾਥੀ ਤੇ ਗਧੇ ਆਦਿਕ ਸਨ ਪਰ ਅੱਜ ਸਕੂਟਰ, ਕਾਰਾਂ, ਬੱਸਾਂ ਤੇ ਹਵਾਈ ਜਹਾਜ਼ ਹਨ। ਇਵੇਂ ਹੀ ਪਹਿਲੇ ਗੁਰਦੁਆਰਿਆਂ ਚ ਵੀ ਤੇ ਘਰਾਂ ਚ ਵੀ ਤੱਪੜਾਂ ਤੇ ਬੈਠ ਕੇ ਖਾਣਾ ਖਾਧਾ ਜਾਂਦਾ ਸੀ ਪਰ ਅੱਜ ਮੇਜ਼ ਕੁਰਸੀਆਂ ਆ ਗਏ ਹਨ। ਪਹਿਲੇ ਗੁਰੂ ਸਾਹਿਬ ਦੀ ਸਵਾਰੀ ਨੰਗੇ ਪੈਰੀਂ ਪੈਦਲ ਜਾਂਦੀ ਸੀ ਤੇ ਹੁਣ ਕਾਰਾਂ ਤੇ ਜਾਣ ਲੱਗ ਪਈ ਹੈ। ਗੱਲ ਤਾਂ ਗੁਰੂ ਕੋ਼ਲੋਂ ਗਿਆਨ ਲੈਣ ਦੀ ਹੈ ਨਾ ਕਿ ਥੱਲੇ ਉੱਪਰ ਬੈਠਣ ਦੀ। ਫਿਰ ਸਾਡੇ ਨਾ਼ਲੋਂ ਤਾਂ ਮੰਦਰ, ਮਸਜਿਦ ਤੇ ਚਰਚ ਚੰਗੇ ਨੇ ਜੋ ਡਿਸਏਬਲ ਲੋਕਾਂ ਦੀ ਮਦਦ ਕਰਦੇ ਹਨ। ਸਿੱਖ ਮੱਤ ਤਾਂ ਹੈ ਹੀ ਆਧੁਨਿਕ ਮਾਡਰਨ ਹੈ ਅੱਗੇ ਵਧਣ ਦਾ ਉਪਦੇਸ਼ਕ ਹੈ-ਅਗਾਂਹ ਕੂ ਤ੍ਰਾਂਘ ਪਿੱਛਾ ਫੇਰ ਨ ਮੁਹਡੜਾ॥(ਸ਼ਬਦ ਗੁਰੂ ਗ੍ਰੰਥ) ਜਾਂ ਤਾਂ ਫਿਰ ਸਭ ਕੁਝ ਪੁਰਾਤਨ ਰੱਖੋ ਇਕੱਲੇ ਮੇਜ਼ ਕੁਰਸੀਆਂ ਹੀ ਕਿਉਂ ਚੱਕੇ ਜਾਣ! ਹੁਣ ਤਾਂ ਸਾਰੀ ਗੁਰਬਾਣੀ ਕੀ ਬਲਕਿ ਸਾਰੇ ਧਰਮ ਗ੍ਰੰਥ ਆਨ ਲਾਈਨ ਫ਼ੋਨ ਚਿੱਪਾਂ ਚ ਆ ਗਏ ਹਨ। ਕੀ ਹੁਣ ਉਹ ਵੀ ਬੰਦ ਕਰਾਓਗੇ?

# ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਆਪਣੇ ਜੱਦੀ ਦੇਸ਼ ਵਿੱਚ ਝੱਲਣੀ ਪਵੇਗੀ ਨਮੋਸ਼ੀ: ਕੰਵਰਦੀਪ ਸਿੰਘ ਰੰਧਾਵਾ



**ਚੰਡੀਗੜ੍ਹ-** ਅਸੀਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸਾਨੂੰ ਆਪਣੀ ਮਾਤ ਭੂਮੀ ਤੇ ਇਸ ਤਰ੍ਹਾਂ ਦੀ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ ਕਿ ਸਾਡੇ ਘਰ ਆ ਕੇ ਸਾਡੇ ਸਮਾਗਮ ਵਿੱਚ ਗੁੰਡਾਗਰਦੀ ਕਰਨ ਵਾਲੇ ਲੋਕਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਵੇਗੀ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਨੇਡਾ ਵਾਸੀ ਕੰਵਰਦੀਪ ਸਿੰਘ ਰੰਧਾਵਾ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਕਿੰਨ੍ਹੀ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਘਰ ਆ ਕੇ ਦਿੱਤੇ ਭਰੋਸੇ ਦੇ ਬਾਅਦ ਵੀ ਪੁਲਿਸ ਨੇ ਉਸ ਸ਼ਰਾਬ ਮਾਫ਼ੀਆ ਦੇ ਗੁੰਡੇ ਲੋਕਾਂ ਵਿਰੁੱਧ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਇੱਕ ਹਫ਼ਤੇ ਵਿੱਚ ਇਨਸਾਫ਼ ਨਾ ਮਿਲਿਆ ਤਾਂ ਉਹ ਤਿੱਖਾ ਸੰਘਰਸ਼ ਵਿੱਢ ਦੇਣਗੇ। ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਪੁਲਿਸ ਦੀ ਹੋਵੇਗੀ। ਜ਼ਿਕਰਯੋਗ ਹੈ ਕਿ ਬੀਤੀ 4 ਨਵੰਬਰ ਨੂੰ ਉਕਤ ਪਰਿਵਾਰ ਦਾ ਇੱਕ ਸਮਾਗਮ ਅੰਮ੍ਰਿਤਸਰ ਦੇ ਇੱਕ ਪੈਲੇਸ ਵਿੱਚ ਚੱਲ ਰਿਹਾ ਸੀ। ਜਿਸ ਦੌਰਾਨ ਕਥਿਤ ਸ਼ਰਾਬ ਮਾਫ਼ੀਆ ਦੇ ਕਰਿੰਦਿਆਂ ਨੇ ਗੈਰਕਾਨੂੰਨੀ ਸ਼ਰਾਬ ਦੀ ਵਰਤੋਂ ਦੇ ਦੋਸ਼ ਲਾਉਂਦਿਆਂ ਸ਼ਰੇਆਮ ਗੋਲੀਆਂ ਚਲਾ ਦਿੱਤੀਆਂ ਸਨ। ਜਿਸ ਕਾਰਨ ਪੂਰੇ ਪਰਿਵਾਰ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਸੀ। ਉਕਤ ਪਰਵਾਸੀ ਪਰਿਵਾਰ ਨੇ ਦੋਸ਼ ਲਗਾਇਆ ਸੀ ਕਿ ਉਨ੍ਹਾਂ ਵੱਲੋਂ ਖੁਦ ਖਰੀਦੀ ਗਈ ਸ਼ਰਾਬ ਦੀ ਵਰਤੋਂ ਕਰਨ ਕਾਰਨ ਸ਼ਰਾਬ ਮਾਫ਼ੀਆ ਨੇ ਉਨ੍ਹਾਂ ਦੇ ਸਮਾਗਮ ਵਿੱਚ ਜਾਣਬੁੱਝ ਕੇ ਗੁੰਡਾਗਰਦੀ ਕੀਤੀ। ਇੰਨ੍ਹਾਂ ਹੀ ਨਹੀਂ ਉਕਤ ਪਰਿਵਾਰ ਦਾ ਕਹਿਣਾ ਸੀ ਕਿ ਪੁਲਿਸ ਨੂੰ ਸ਼ਿਕਾਇਤ ਦੇਣ ਦੇ ਬਾਅਦ ਪੁਲਿਸ ਨੇ ਕਾਰਵਾਈ ਤਾਂ ਕੀ ਕਰਨੀ ਸੀ ਬਲਕਿ ਉਕਤ ਸ਼ਰਾਬ ਮਾਫ਼ੀਆ ਨੂੰ ਹੱਲਾਸ਼ੇਰੀ ਦੇਕੇ ਉਨ੍ਹਾਂ ਦੇ ਪਰਿਵਾਰ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਸ਼ਿਕਾਇਤ ਵਾਪਸ ਲੈਣ ਦਾ ਦਬਾਅ ਬਣਾਉਣ ਲੱਗ ਪਏ। ਉਨ੍ਹਾਂ ਕਿਹਾ ਕਿ ਬੇਸ਼ੱਕ ਘਟਨਾ ਤੋਂ ਕੁੱਝ ਸਮਾਂ ਬਾਅਦ ਹੀ ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ ਸ੍ਰ: ਧਾਲੀਵਾਲ ਨੇ ਉਨ੍ਹਾਂ ਦੇ ਘਰ ਆ ਕੇ ਭਰੋਸਾ ਦਿੱਤਾ ਸੀ ਕਿ ਦੋਸ਼ੀਆਂ ਖਿਲਾਫ਼ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਪਰ ਇੱਕ ਮਹੀਨਾਂ ਬੀਤ ਜਾਣ ਦੇ ਬਾਅਦ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸਮਾਗਮ ਵਿੱਚ ਉਸ ਸਮੇਂ 200 ਤੋਂ ਵੱਧ ਗੋਲੀਆਂ ਉਸ ਸਮੇਂ ਚੱਲੀਆਂ ਜਦੋ ਸ਼ਿਵ ਸੈਨਾ ਆਗੂ ਦੀ ਹੱਤਿਆ ਕਾਰਨ ਅੰਮ੍ਰਿਤਸਰ ਵਿੱਚ ਹਾਈ ਅਲਰਟ ਸੀ। ਉਨ੍ਹਾਂ ਕਿਹਾ ਕਿ ਸਬੂਤ ਵਜੋਂ ਉਨ੍ਹਾਂ 60 ਦੇ ਕਰੀਬ ਖਾਲੀ ਰੌਂਦ ਵੀ ਪੁਲਿਸ ਹਵਾਲੇ ਕੀਤੇ ਸਨ, ਪਰ ਇਸ ਦੇ ਬਾਵਜੂਦ ਪੁਲਿਸ ਹੱਥ ਤੇ ਹੱਥ ਧਰੀ ਬੈਠੀ ਹੈ। ਉਨ੍ਹਾਂ ਦੱਸਿਆ ਕਿ ਇੱਕ ਦੋਸ਼ੀ ਵਿਅਕਤੀ ਵੀ ਪੁਲਿਸ ਹਵਾਲੇ ਕੀਤਾ ਸੀ ਪਰ ਹੁਣ ਉਹ ਵੀ ਅਜ਼ਾਦ ਘੁੰਮ ਰਿਹਾ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੁਲਿਸ ਸ਼ਰਾਬ ਮਾਫ਼ੀਆ ਦੇ ਹੱਥਾਂ ਦੀ ਕਠਪੁਤਲੀ ਬਣੀ ਹੋਈ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਿਧਾਨ ਸਭਾ ਚੋਣਾਂ : ਗੁਜਰਾਤ ’ਚ ਭਾਜਪਾ ਤੇ ਹਿਮਾਚਲ ’ਚ ਕਾਂਗਰਸ ਨੇ ਮਾਰੀ ਬਾਜੀ

## ਗੁਜਰਾਤ ’ਚ ਭਾਜਪਾ ਨੇ 157, ਕਾਂਗਰਸ ਨੇ 17 ਸੀਟਾਂ ਹਾਸਿਲ ਕੀਤੀਆਂ, ਆਮ ਆਦਮੀ ਪਾਰਟੀ ਨੇ 5 ਸੀਟਾਂ ਤੇ ਹੋਰਾਂ ਨੇ ਚਾਰ ਸੀਟਾਂ ਹਾਸਲ ਕੀਤੀਆਂ, ਹਿਮਾਚਲ ’ਚ ਕਾਂਗਰਸ ਨੇ 40, ਭਾਜਪਾ ਨੇ 25 ਸੀਟਾਂ ਹਾਸਲ ਕੀਤੀਆਂ

**ਵਿਸ਼ੇਸ਼ ਰਿਪੋਰਟ (ਜੇ. ਸਿੰਘ ‘ਭੜਿਆਰ’)**

ਗੁਜਰਾਤ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੇ ਇਤਿਹਾਸਕ ਰਿਕਾਰਡ ਬਣਾਇਆ ਹੈ। 62 ਸਾਲ ਬਾਅਦ ਭਾਜਪਾ ਨੇ 157 ਸੀਟਾਂ ਨਾਲ ਜਿੱਤ ਹਾਸਿਲ ਕੀਤੀ ਹੈ। ਇਸ ਸਮੇਂ ਭਾਜਪਾ ਵਰਕਰਾਂ ਵਿੱਚ ਖੂਬ ਜਸ਼ਨ ਮਨਾਇਆ ਜਾ ਰਿਹਾ ਹੈ। ਕਾਂਗਰਸ ਪਾਰਟੀ 17 ਸੀਟਾਂ ਤੱਕ ਹੀ ਸਿਮਟ ਕੇ ਰਹਿ ਗਈ ਹੈ। ਆਮ ਆਦਮੀ ਪਾਰਟੀ ਨੇ 5 ਸੀਟਾਂ ਤੇ ਹੋਰਾਂ ਨੇ ਚਾਰ ਸੀਟਾਂ ਹਾਸਲ ਕੀਤੀਆਂ ਹਨ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਨੇ 40, ਭਾਜਪਾ ਨੇ 25 ਸੀਟਾਂ ਹਾਸਲ ਕੀਤੀਆਂ ਹਨ।

**ਪੀਐਮ ਮੋਦੀ ਨੇ ਗੁਜਰਾਤ ਵਾਸੀਆਂ ਦਾ ਕੀਤ ਧੰਨਵਾਦ**

ਪੀਐਮ ਮੋਦੀ ਨੇ ਆਪਣੇ ਟਵੀਟ ਵਿੱਚ ਲਿਖਿਆ, ਧੰਨਵਾਦ ਗੁਜਰਾਤ। ਬੇਮਿਸਾਲ ਚੋਣ ਨਤੀਜਿਆਂ ਨੂੰ ਦੇਖ ਕੇ ਮੈਂ ਬਹੁਤ ਸਾਰੀਆਂ ਭਾਵਨਾਵਾਂ ਨਾਲ ਭਰ ਗਿਆ ਹਾਂ। ਲੋਕਾਂ ਨੇ ਵਿਕਾਸ ਦੀ ਰਾਜਨੀਤੀ ਨੂੰ ਆਸ਼ੀਰਵਾਦ ਦਿੱਤਾ ਹੈ ਅਤੇ ਆਪਣੀ ਇੱਛਾ ਵੀ ਜ਼ਾਹਰ ਕੀਤੀ ਹੈ ਕਿ ਉਹ ਚਾਹੁੰਦੇ ਹਨ ਕਿ ਇਹ ਤੇਜ਼ੀ ਨਾਲ ਜਾਰੀ ਰਹੇ। ਮੈਂ ਗੁਜਰਾਤ ਦੀ ਲੋਕ ਸ਼ਕਤੀ ਨੂੰ ਸਲਾਮ ਕਰਦਾ ਹਾਂ।

**ਮੋਦੀ ਦੀ ਅਗਵਾਈ ਵਾਲੀ ਭਾਜਪਾ ਨੂੰ ਦਿੱਤਾ ਫਤਵਾ-ਅਮਿਤ ਸ਼ਾਹ**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਗੁਜਰਾਤ ਦੇ ਲੋਕਾਂ ਨੇ ਖੋਖਲੇ ਵਾਅਦਿਆਂ, ਖੁਸ਼ਾਮਦ ਅਤੇ ਤੁਸ਼ਟੀਕਰਨ ਦੀ ਰਾਜਨੀਤੀ ਨੂੰ ਰੱਦ ਕਰਕੇ ਵਿਕਾਸ ਅਤੇ ਲੋਕ ਭਲਾਈ ਨੂੰ ਸਮਰਪਿਤ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਨੂੰ ਬੇਮਿਸਾਲ ਫਤਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਵੱਡੀ ਜਿੱਤ ਨੇ ਦਰਸਾ ਦਿੱਤਾ ਹੈ ਕਿ ਹਰ ਵਰਗ, ਭਾਵੇਂ ਉਹ ਔਰਤਾਂ, ਨੌਜਵਾਨ ਜਾਂ ਕਿਸਾਨ, ਸਾਰੇ ਪੂਰੇ ਦਿਲ ਨਾਲ ਭਾਜਪਾ ਦੇ ਨਾਲ ਹਨ।



**ਲੋਕ ਭਲਾਈ ਪ੍ਰਤੀ ਵਚਨ ਬੱਧਤਾ ਦੀ ਜਿੱਤ-ਨੱਢਾ**

ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ ਨੇ ਆਪਣੇ ਟਵੀਟ ਵਿੱਚ ਕਿਹਾ, ਗੁਜਰਾਤ ਚੋਣਾਂ ਵਿੱਚ ਭਾਜਪਾ ਦੀ ਇਤਿਹਾਸਕ ਜਿੱਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਵਿਕਾਸ, ਸੁਸ਼ਾਸਨ ਅਤੇ ਲੋਕ ਭਲਾਈ ਪ੍ਰਤੀ ਵਚਨਬੱਧਤਾ ਦੀ ਜਿੱਤ ਹੈ। ਅਮਿਤ ਸ਼ਾਹ, ਭੂਪੇਂਦਰ ਪਟੇਲ, ਸੀਆਰ ਪਟੇਲ ਅਤੇ ਗੁਜਰਾਤ ਦੇ ਸਾਰੇ ਵਰਕਰਾਂ ਨੂੰ ਪੀਐਮ ਮੋਦੀ ਦੀ ਅਗਵਾਈ ਵਿੱਚ ਇਸ ਸ਼ਾਨਦਾਰ ਜਿੱਤ ਲਈ ਵਧਾਈ।

**ਹਿਮਾਚਲ ’ਚ ਕਾਂਗਰਸ ਦੀ ਵਾਪਸੀ**

ਹਿਮਾਚਲ ਪ੍ਰਦੇਸ਼ ਦੀਆਂ 68 ਵਿਧਾਨ ਸਭਾ ਸੀਟਾਂ ਲਈ ਵੋਟਾਂ ਦੀ ਗਿਣਤੀ ਜਾਰੀ ਹੈ। ਚੋਣ ਕਮਿਸ਼ਨ ਨੇ ਕਈ ਸੀਟਾਂ ਦੇ ਨਤੀਜੇ ਐਲਾਨ ਦਿੱਤੇ ਹਨ। ਕਾਂਗਰਸ ਨੇ 40 ਸੀਟਾਂ ਜਿੱਤੀਆਂ ਜਦ ਕਿ ਭਾਜਪਾ ਨੇ 25 ਸੀਟਾਂ ਜਿੱਤੀਆਂ ਹਨ। ਇਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣਾ ਅਸਤੀਫਾ ਰਾਜਪਾਲ ਨੂੰ ਸੌਂਪ ਦਿੱਤਾ ਹੈ। ਅਸੀਂ ਲੋਕਾਂ ਦੇ ਵਿਕਾਸ ਲਈ ਕੰਮ ਕਰਨਾ ਕਦੇ ਨਹੀਂ ਛੱਡਾਂਗੇ ਅਤੇ ਆਪਣੀਆਂ ਹਾਰਾਂ ਦੀ ਸਮੀਖਿਆ ਕਰਾਂਗੇ।

**ਜਿੱਤ ’ਤੇ ਵਰਕਰਾਂ ਨੂੰ ਖੜਗੇ ਨੇ ਦਿੱਤੀ ਵਧਾਈ**

ਹਿਮਾਚਲ ’ਚ ਕਾਂਗਰਸ ਦੀ ਜਿੱਤ ’ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਅਸੀਂ ਹਿਮਾਚਲ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ਮੈਂ ਲੋਕਾਂ, ਸਾਡੇ ਵਰਕਰਾਂ ਅਤੇ ਆਗੂਆਂ ਦਾ ਧੰਨਵਾਦ ਕਰਨਾ ਚਾਹਾਂਗਾ, ਜਿਨ੍ਹਾਂ ਦੇ ਯਤਨਾਂ ਸਦਕਾ ਇਹ ਨਤੀਜਾ ਆਇਆ ਹੈ। ਮੈਂ ਪ੍ਰਿਅੰਕਾ ਗਾਂਧੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੇ ਵੀ ਇਸ ਵਿੱਚ ਸਾਡੀ ਮਦਦ ਕੀਤੀ। ਸੋਨੀਆ ਗਾਂਧੀ ਦਾ ਆਸ਼ੀਰਵਾਦ ਵੀ ਸਾਡੇ ਨਾਲ ਹੈ।

# ਸੁਖਵਿੰਦਰ ਸਿੰਘ ਸੁੱਖੂ ਬਣੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ



**ਸ਼ਿਮਲਾ-** ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਖਵਿੰਦਰ ਸਿੰਘ ਸੁੱਖੂ ਸੂਬੇ ਦੇ ਅਗਲੇ ਮੁੱਖ ਮੰਤਰੀ ਅਤੇ ਪਾਰਟੀ ਨੇਤਾ ਮੁਕੇਸ਼ ਅਗਨੀਹੋਤਰੀ ਉਪ ਮੁੱਖ ਮੰਤਰੀ ਵਜੋਂ ਸ਼ਿਮਲਾ ਦੇ ਇਤਿਹਾਸਕ ਰਿੱਜ ਵਿਖੇ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ 'ਚ ਪਾਰਟੀ ਪ੍ਰਧਾਨ ਮੱਲਿਕਾਰਜੁਨ ਖੜਗੇ, ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਵਾਡਰਾ ਸਮੇਤ ਸੀਨੀਅਰ ਨੇਤਾ ਸ਼ਾਮਲ ਸਨ। ਹਿਮਾਚਲ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਜਿੱਤ ਵਿੱਚ ਇੱਕ ਫ਼ੀਸਦੀ ਤੋਂ ਘੱਟ ਵੋਟ ਨੇ ਅਹਿਮ ਭੂਮਿਕਾ ਨਿਭਾਈ। ਕਾਂਗਰਸ ਨੇ ਸੂਬੇ ਦੀਆਂ 68 ਵਿੱਚੋਂ 40 ਸੀਟਾਂ ’ਤੇ ਜਿੱਤ ਦਰਜ ਕਰ ਕੇ 43.90 ਫ਼ੀਸਦੀ ਵੋਟਾਂ ਹਾਸਲ ਕੀਤੀਆਂ। ਪਹਾੜੀ ਸੂਬੇ ਦੇ ਲੋਕਾਂ ਨੇ 1985 ਤੋਂ ਹਰ ਪੰਜ ਸਾਲ ਮਗਰੋਂ ਸੂਬਾ ਸਰਕਾਰ ਨੂੰ ਬਦਲਣ ਦੀ ਆਪਣੀ ਰਵਾਇਤ ਨੂੰ ਕਾਇਮ ਰੱਖਦਿਆਂ ਭਾਜਪਾ ਖ਼ਿਲਾਫ਼ ਫਤਵਾ ਦਿੱਤਾ ਹੈ। ਭਾਜਪਾ 43 ਫ਼ੀਸਦੀ ਵੋਟਾਂ ਪ੍ਰਾਪਤ ਕਰਨ ਦੇ ਬਾਵਜੂਦ ਸਿਰਫ਼ 25 ਸੀਟਾਂ ਹੀ ਜਿੱਤ ਸਕੀ। ਵੀਰਵਾਰ ਨੂੰ ਐਲਾਨੇ ਨਤੀਜਿਆਂ ਵਿੱਚ ਤਿੰਨ ਸੀਟਾਂ ਆਜ਼ਾਦ ਉਮੀਦਵਾਰਾਂ ਨੇ ਜਿੱਤੀਆਂ।

# ਭੂਪੇਂਦਰ ਪਟੇਲ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ



**ਗਾਂਧੀਨਗਰ-** ਭਾਜਪਾ ਆਗੂ ਭੂਪੇਂਦਰ ਪਟੇਲ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਇਸ ਸਬੰਧ ਵਿੱਚ ਗਾਂਧੀਨਗਰ ’ਚ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਹੋਰ ਸਿਆਸੀ ਆਗੂ ਹਾਜ਼ਰ ਸਨ। ਸ੍ਰੀ ਪਟੇਲ ਨੂੰ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਸੂਬੇ ਦੇ ਰਾਜਪਾਲ ਅਚਾਰਿਆ ਦੇਵਵ੍ਰੱਤ ਵੱਲੋਂ ਚੁਕਾਈ ਗਈ। ਸਹੁੰ ਚੁੱਕ ਸਮਾਗਮ ਸਕੱਤਰੇਤ ਨੇੜੇ ਹੈਲੀਪੈਡ ਗਰਾਊਂਡ ਵਿੱਚ ਕਰਵਾਇਆ ਗਿਆ।







# ਦਿੱਗਜ਼ ਨੇਤਾਵਾਂ ਦਾ ਗੁਜਰਾਤ ਤੇ ਹਿਮਾਚਲ ਚੋਣਾਂ ’ਚ ਵਧਿਆ ਕੱਦ

**ਨਵੀਂ ਦਿੱਲੀ–** ਗੁਜਰਾਤ ਵਿੱਚ ਭਾਜਪਾ ਨੇ 156 ਸੀਟਾਂ ਨਾਲ ਬੰਪਰ ਜਿੱਤ ਦਰਜ ਕੀਤੀ, ਜਦਕਿ ਹਿਮਾਚਲ ਵਿੱਚ ਕਾਂਗਰਸ ਨੂੰ 40 ਸੀਟਾਂ ਮਿਲੀਆਂ। ਇਸ ਦੌਰਾਨ ਇਨ੍ਹਾਂ ਪਾਰਟੀਆਂ ਦੇ ਬਜ਼ੁਰਗਾਂ ਲਈ ਇਹ ਚੋਣ ਨਤੀਜੇ ਵਿਸ਼ੇਸ਼ ਮਹੱਤਵ ਰੱਖਦੇ ਹਨ। ਆਓ ਜਾਣਦੇ ਹਾਂ ਗੁਜਰਾਤ ਅਤੇ ਹਿਮਾਚਲ ਚੋਣ ਨਤੀਜਿਆਂ ਦੀ ਕੀ ਅਹਿਮੀਅਤ ਹੈ।

**ਪ੍ਰਧਾਨ ਮੰਤਰੀ ਨਰਿੰਦਰ ਮੋਦੀ**

ਗੁਜਰਾਤ ਚੋਣਾਂ ‘ਚ ਜਿੱਤ ਤੋਂ ਬਾਅਦ ਭਾਰਤੀ ਰਾਜਨੀਤੀ ‘ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੱਦ ਹੋਰ ਵਧ ਗਿਆ ਹੈ। ਇਸ ਜਿੱਤ ਨੇ ਸਾਬਤ ਕਰ ਦਿੱਤਾ ਹੈ ਕਿ ਗੁਜਰਾਤ ਦੇ ਲੋਕ ਅਜੇ ਵੀ ਮੋਦੀ ਨੂੰ ਬਹੁਤ ਪਸੰਦ ਕਰਦੇ ਹਨ। ਦੂਜੇ ਪਾਸੇ, ਇਸ ਚੋਣ ਨੇ ਸਾਬਤ ਕਰ ਦਿੱਤਾ ਹੈ ਕਿ ਪੀਐਮ ਮੋਦੀ ਦੇ ਚੋਣ ਭਾਸ਼ਣ ਅਤੇ ਪੀਐਮ ਦੇ ਗੁਜਰਾਤ ਦੇ ਲੋਕਾਂ ਨਾਲ ਸਬੰਧਾਂ ਦਾ ਪ੍ਰਭਾਵ ਘੱਟ ਨਹੀਂ ਹੋਇਆ ਹੈ। ਗੁਜਰਾਤ ਵਿੱਚ ਭਾਜਪਾ ਦੀਆਂ ਕਈ ਰਾਜ ਪੱਧਰੀ ਨਾਕਾਮੀਆਂ ਨੂੰ ਪ੍ਰਧਾਨ ਮੰਤਰੀ ਦੀਆਂ ਰੈਲੀਆਂ ਨੇ ਭੁਲਾ ਦਿੱਤਾ।

**ਰਾਹੁਲ ਗਾਂਧੀ**

ਕਾਂਗਰਸ ਨੂੰ ਗੁਜਰਾਤ ‘ਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਤਾਂ ਹਿਮਾਚਲ ‘ਚ ਇਕ ਵਾਰ ਫਿਰ ਬਦਲਾਅ ਨਾਲ ਉਨ੍ਹਾਂ ਦੀ ਸਰਕਾਰ ਬਣਨ ਜਾ ਰਹੀ ਹੈ। ਹਿਮਾਚਲ ਵਿੱਚ ਜਿੱਤ ਦੇ ਬਾਵਜੂਦ ਇਸ ਦਾ ਸਿਹਰਾ ਕਾਂਗਰਸ ਦੀ ਸੂਬਾ ਇਕਾਈ ਨੂੰ ਜਾਂਦਾ ਹੈ ਨਾ ਕਿ ਰਾਹੁਲ ਗਾਂਧੀ ਨੂੰ। ਰਾਹੁਲ ਸਮੇਤ ਕਈ ਵੱਡੇ ਕਾਂਗਰਸੀ ਨੇਤਾਵਾਂ ਨੇ ਗੁਜਰਾਤ ਤੋਂ ਦੂਰੀ ਬਣਾਈ ਰੱਖੀ, ਜਿਸ ਕਾਰਨ ਇਸ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ। ਰਾਹੁਲ ਨੇ ਸਿਰਫ ਭਾਰਤ ਜੋੜੋ ਯਾਤਰਾ ‘ਤੇ ਧਿਆਨ ਕੇਂਦਰਿਤ ਕੀਤਾ, ਪਰ ਚੋਣਾਂ ‘ਚ ਉਨ੍ਹਾਂ ਨੂੰ ਇਸ ਦਾ ਫਾਇਦਾ ਮਿਲਦਾ ਨਜ਼ਰ ਨਹੀਂ ਆ ਰਿਹਾ।



**ਜੇਪੀ ਨੱਡਾ**

ਬੀਜੇਪੀ ਪ੍ਰਧਾਨ ਜੇਪੀ ਨੱਡਾ ਲਈ ਗੁਜਰਾਤ ਅਤੇ ਹਿਮਾਚਲ ਦੀਆਂ ਚੋਣਾਂ ਮਿਲੀਆਂ ਰਹੀਆਂ। ਨੱਡਾ ਦੀ ਪ੍ਰਧਾਨਗੀ ਹੇਠ ਹੋਇਆ ਸੀ ਕਿ ਭਾਜਪਾ ਨੇ ਗੁਜਰਾਤ ਵਿੱਚ ਸ਼ਾਨਦਾਰ ਜਿੱਤ ਹਾਸਲ ਕੀਤੀ ਸੀ, ਪਰ ਨੱਡਾ ਆਪਣੇ ਗ੍ਰਹਿ ਖੇਤਰ ਹਿਮਾਚਲ ਵਿੱਚ ਪਾਰਟੀ ਨੂੰ ਜਿੱਤ ਨਹੀਂ ਦਿਵਾ ਸਕੇ। ਜੇਪੀ ਨੱਡਾ ਨੇ ਖੁਦ ਹਿਮਾਚਲ ‘ਚ ਕਈ ਰੈਲੀਆਂ ਕੀਤੀਆਂ ਸਨ, ਜਿਸ ਦਾ ਅਸਰ ਇਸ ਰੂਪ ‘ਚ ਦੇਖਣ ਨੂੰ ਮਿਲਿਆ ਕਿ ਸੂਬੇ ‘ਚ ਭਾਜਪਾ ਦਾ ਆਧਾਰ ਕਮਜ਼ੋਰ ਨਹੀਂ ਹੋਇਆ, ਭਾਜਪਾ ਦੀਆਂ ਸੀਟਾਂ ਘਟੀਆਂ ਪਰ ਕਾਂਗਰਸ ਨਾਲੋਂ ਸਿਰਫ ਇਕ ਫੀਸਦੀ ਘੱਟ ਵੋਟ ਸ਼ੇਅਰ ਹਾਸਲ ਕੀਤਾ। ਨੱਡਾ ਕਮਜ਼ੋਰ ਮੁੱਖ ਮੰਤਰੀ ਅਤੇ ਸੱਤਾ ਵਿਰੋਧੀ ਸੋਚ ਕਾਰਨ ਹੋਏ ਨੁਕਸਾਨ ਨੂੰ ਪੂਰਾ ਨਹੀਂ ਕਰ ਸਕੇ।

**ਮੱਲਿਕਾਰਜੁਨ ਖੜਗੇ**

ਕਾਂਗਰਸ ਪ੍ਰਧਾਨ ਵਜੋਂ ਆਪਣੀ ਪਹਿਲੀ ਚੋਣ ਵਿੱਚ ਕਾਂਗਰਸ ਪ੍ਰਧਾਨ ਮਲਿਕਾਅਰਜੁਨ ਖੜਗੇ ਨੂੰ ਗੁਜਰਾਤ ਵਿੱਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਨਹਿਰੂ-ਗਾਂਧੀ ਪਰਿਵਾਰ ਦੇ ਸਭ ਤੋਂ ਵਫ਼ਾਦਾਰ ਮੰਨੇ ਜਾਂਦੇ ਖੜਗੇ ਨੂੰ ਆਪਣੇ ਹੀ ਬਿਆਨ ਨਾਲ ਨੁਕਸਾਨ ਪਹੁੰਚਿਆ। ਪੀਐਮ ਮੋਦੀ ਦੀ ਤੁਲਨਾ ਰਾਵਣ ਨਾਲ ਕਰਨ ਨਾਲ ਕਾਂਗਰਸ ਪਾਰਟੀ ਨੂੰ ਵੱਡਾ ਨੁਕਸਾਨ ਉਠਾਉਣਾ ਪਿਆ ਹੈ।

ਦੂਜੇ ਪਾਸੇ ਹਿਮਾਚਲ ਵਿੱਚ ਜਿੱਤ ਵੀ ਉਨ੍ਹਾਂ ਦੀ ਪ੍ਰਧਾਨਗੀ ਹੇਠ ਹੋਈ ਹੈ ਪਰ ਹੁਣ ਉਨ੍ਹਾਂ ਨੂੰ ਆਪਣੇ ਨੇਤਾਵਾਂ ਨੂੰ ਬਰਕਰਾਰ ਰੱਖਣਾ ਹੈ ਅਤੇ ਪੰਜ ਸਾਲ ਸਰਕਾਰ ਚਲਾਉਣ ਵਿੱਚ ਉਨ੍ਹਾਂ ਦੀ ਮਦਦ ਕਰਨੀ ਹੈ।


**ਅਰਵਿੰਦ ਕੇਜਰੀਵਾਲ**

ਆਮ ਆਦਮੀ ਪਾਰਟੀ ਦੇ ਸਰਪ੍ਰਸਤ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੋਲ ਗੁਜਰਾਤ ਅਤੇ ਹਿਮਾਚਲ ਚੋਣਾਂ ਵਿੱਚ ਗੁਆਉਣ ਲਈ ਕੁਝ ਨਹੀਂ ਸੀ। ਗੁਜਰਾਤ ਵਿੱਚ 5 ਸੀਟਾਂ ਦੇ ਨਾਲ 10 ਫੀਸਦੀ ਤੋਂ ਵੱਧ ਵੋਟ ਸ਼ੇਅਰ ਹਾਸਲ ਕਰਨਾ ਵੀ ਕੇਜਰੀਵਾਲ ਲਈ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦੀ ਪਾਰਟੀ ਹੁਣ ਰਾਸ਼ਟਰੀ ਪਾਰਟੀ ਵੀ ਬਣ ਗਈ ਹੈ।

# ਸਿਆਟਲ ਦੀ ਰਹਿਣ ਵਾਲੀ ਪਹਿਲੀ ਪੰਜਾਬਣ “ਮਿਸ ਵਰਲਡ’’ ਮੁਕਾਬਲੇ ’ਚ ਦੂਜੇ ਦਰਜੇ ’ਤੇ ਆਉਣ ਤੇ ਸਨਮਾਨਿਤ




**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਕੈਂਟ ਦੀ ਰਹਿਣ ਵਾਲੀ ਲੜਕੀ ਸੈਣੀ ਮਿਸ ਵਰਲਡ ਮੁਕਾਬਲੇ ’ਚੋਂ ਦੂਜੇ ਦਰਜੇ ’ਤੇ ਰਹਿਣ ਵਾਲੀ ਨੂੰ ਸਪੈਸ਼ਲ ਬੁਲਾ ਕੇ ਭਾਰਤ ਦੇ ਰਾਜਦੂਤ ਤਰਨਜੀਤ ਸਿੰਘ ਸੰਧੂਤੇ ਡਾ. ਨਗਿੰਦਰਾ ਪ੍ਰਸ਼ਾਦ ਕੌਂਸਲੇਟ ਜਨਰਲ ਸੈਨਫਰਾਂਸਿਸਕੋ ਨੇ ਸਨਮਾਨਿਤ ਕੀਤਾ ਤੇ ਵਧਾਈ ਦਿੱਤੀ। ਹਰਦੇਵ ਸਿੰਘ ਜੱਜ ਨੇ ਦੱਸਿਆ ਕਿ ਪੰਜਾਬੀ ਭਾਈਚਾਰੇ ਲਈ ਮਾਣ ਦੀ ਗੱਲ ਹੈ ਕਿ ਅਮਰੀਕਾ ਦੀ ਨੁਮਾਇੰਦਗੀ ਕਰਕੇ ਪਹਿਲੀ ਪੰਜਾਬਣ ਸੈਣੀ ਨੇ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਹੈ। ਸੈਣੀ ਨੂੰ ਮਿਸ ਵਰਲਡ ਫਸਟ ਰਨਰ ਅੱਪ ਐਵਾਰਡ ਪ੍ਰਾਪਤ ਕਰਨ ਦਾ ਮਾਣ ਮਿਲਿਆ ਹੈ। ਕਰਨਲ ਹਰਦਿਆਲ ਸਿੰਘ ਵਿਰਕ, ਹਰਦੀਪ ਸਿੰਘ ਗਿੱਲ, ਮਿੰਟੂ ਬਾਠ, ਗੁਰਦੀਪ ਸਿੰਘ ਸਿੱਧੂ, ਦਲਜੀਤ ਸਿੰਘ ਗਿੱਲ, ਮਨਮੋਹਣ ਸਿੰਘ ਧਾਲੀਵਾਲ, ਜਗਤਾਰ ਸਿੰਘ ਸਰੋਆ ਤੇ ਹਰਦੇਵ ਸਿੰਘ ਜੱਜ ਨੇ ਵੀ ਵਧਾਈ ਦਿੱਤੀ।






# ਵੱਖ ਵੱਖ ਰਹਿਣ ਕਾਰਣ ਅਮਰੀਕੀ ਉਦਾਸੀ ਤੇ ਇਕੱਲਤਾ ਦੇ ਸ਼ਿਕਾਰ

**ਵਸ਼ਿੰਗਟਨ–** ਹਾਲ ਹੀ ਵਿੱਚ ਅਰਥ ਸ਼ਾਸਤਰੀ ਬ੍ਰਾਈਸ ਵਾਰਡ ਵਾਸ਼ਿੰਗਟਨ ਪੋਸਟ ਵਿੱਚ ਲਿਖਦਾ ਹੈ ਕਿ ਅਮਰੀਕੀ ਵੱਖ-ਵੱਖ ਰਹਿਣ ਨੂੰ ਤਰਜੀਹ ਦੇਣ ਲੱਗੇ ਹਨ। ਇਸ ਕਾਰਣ ਅਮਰੀਕੀ ਉਦਾਸੀ ਤੇ ਸਟਰੈਸ ਵਿਚ ਰਹਿਣ ਲਗ ਪਏ ਹਨ।2013 ਤੋਂ ਬਾਅਦ ਲੋਕਾਂ ਦੀ ਦੋਸਤਾਂ-ਮਿੱਤਰਾਂ ਨਾਲ ਸਿੱਧੀ ਗੱਲਬਾਤ ਵਿੱਚ ਕਾਫੀ ਕਮੀ ਆਈ ਹੈ। ਇਹ ਮਹਾਂਮਾਰੀ ਤੋਂ ਬਹੁਤ ਪਹਿਲਾਂ ਹੋ ਰਿਹਾ ਸੀ। ਇਸ ਗਿਰਾਵਟ ਵਿੱਚ ਸੋਸ਼ਲ ਮੀਡੀਆ, ਸਿਆਸੀ ਧਰੁਵੀਕਰਨ ਅਤੇ ਨਵੀਂ ਤਕਨੀਕ ਨੇ ਭੂਮਿਕਾ ਨਿਭਾਈ ਹੈ। ਉਸ ਦਾ ਕਹਿਣਾ ਹੈ ਕਿ ਸਮਾਜਿਕ ਜੀਵਨ ਵਿੱਚ ਨਿਘਾਰ ਚਿੰਤਾਜਨਕ ਰੁਝਾਨ ਹੈ। ਮੇਰੇ ਵਿਚਾਰ ਵਿੱਚ ਇਹ ਸੱਚ ਹੈ ਕਿ ਅਮਰੀਕਨ ਹੁਣ ਦੋਸਤਾਂ ਨਾਲ ਘੱਟ ਸਮਾਂ ਬਿਤਾ ਰਹੇ ਹਨ ਕਿਉਂਕਿ ਉਹ ਬਹੁਤ ਥੱਕ ਗਏ ਹਨ। 35 ਤੋਂ 44 ਸਾਲ ਦੀ ਉਮਰ ਦੇ ਲੋਕਾਂ ਕੋਲ ਮਨੋਰੰਜਨ ਲਈ ਵੀਹ ਸਾਲ ਪਹਿਲਾਂ ਨਾਲੋਂ ਘੱਟ ਸਮਾਂ ਹੈ। ਲੇਬਰ ਬਿਊਰੋ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਕਿ 35 ਤੋਂ 44 ਸਾਲ ਦੀ ਉਮਰ ਦੇ ਅਮਰੀਕੀਆਂ ਕੋਲ 2003 ਤੋਂ ਹਰ ਰੋਜ਼ 16 ਮਿੰਟ ਤੋਂ ਘੱਟ ਵਿਹਲਾ ਸਮਾਂ ਹੈ।ਜ਼ਿਆਦਾ ਕੰਮ ਕਰਨ ਅਤੇ ਪਰਿਵਾਰਕ ਮੈਂਬਰਾਂ ਦੀ ਦੇਖਭਾਲ ਨਾ ਕਰਨ ਕਾਰਨ ਅਜਿਹਾ ਹੋਇਆ ਹੈ। ਨਵੇਂ




ਅੰਕੜੇ ਦਰਸਾਉਂਦੇ ਹਨ ਕਿ ਅਮੀਰ ਦੇਸ਼ਾਂ ਦੀ ਸੰਸਥਾ OECD ਵਿੱਚ ਅਮਰੀਕਨ ਦਿਨ ਵਿੱਚ ਸਭ ਤੋਂ ਵੱਧ ਘੰਟੇ ਕੰਮ ਕਰਦੇ ਹਨ। ਅਮਰੀਕਾ ਵਿਚ ਵੀ ਕੇਂਦਰ ਸਰਕਾਰ ਦੇ ਪੱਧਰ 'ਤੇ ਪੇਡ ਲੀਵ ਦਾ ਕੋਈ ਪ੍ਰਬੰਧ ਨਹੀਂ ਹੈ। ਬੀਮਾਰ ਹੋਣ ਜਾਂ ਯਾਤਰਾ ਕਰਨ ਲਈ ਵੀ ਕੋਈ ਅਦਾਇਗੀ ਛੁੱਟੀ ਨਹੀਂ ਹੈ।ਮਾਊਂਟ ਰਾਇਲ ਯੂਨੀਵਰਸਿਟੀ ਕੈਲਗਰੀ ਦੀ ਪ੍ਰੋਫ਼ੈਸਰ ਅਤੇ ਸੋਸ਼ਲ ਮੀਡੀਆ-ਫਰੈਂਡਸ਼ਿਪ 'ਤੇ ਵਿਸ਼ਲੇਸ਼ਣ ਕਰਨ ਵਾਲੀ ਮੇਲਿੰਡਾ ਡੇਸਜਰਲੈਇਸ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਔਨਲਾਈਨ ਅਤੇ ਆਫ਼ਲਾਈਨ ਸੰਵਾਦ ਵਿੱਚ ਬਹੁਤ ਫ਼ਰਕ ਹੈ। ਹੁਣ ਅਸੀਂ ਵਰਚੁਅਲ ਸੰਸਾਰ ਅਤੇ ਅਸਲ ਸੰਸਾਰ ਦੇ ਵਿਚਕਾਰ ਡਿਜੀਟਲ ਪਾੜੇ ਨੂੰ ਪੂਰਾ ਕਰ ਲਿਆ ਹੈ।

ਮੇਲਿੰਡਾ ਦੀ ਖੋਜ ਸੁਝਾਅ ਦਿੰਦੀ ਹੈ ਕਿ ਤਤਕਾਲ ਮੈਸੇਜਿੰਗ ਵਰਗੀਆਂ ਸਮਾਜਿਕ ਸੰਚਾਰ ਤਕਨੀਕਾਂ ਰਾਹੀਂ ਗੂੜ੍ਹੀ ਜਾਣਕਾਰੀ ਸਾਂਝੀ ਕਰਨ ਨਾਲ ਦੋਸਤੀ ਵਿੱਚ ਸੁਧਾਰ ਹੁੰਦਾ ਹੈ। ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਸੋਸ਼ਲ ਮੀਡੀਆ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ। ਉੱਤਰੀ ਕੈਰੋਲੀਨਾ ਯੂਨੀਵਰਸਿਟੀ ਦੇ ਆਈਟੀ ਸੈਂਟਰ ਦੇ ਪ੍ਰਮੁੱਖ ਖੋਜਕਰਤਾ ਪ੍ਰੋਫੈਸਰ ਐਲਿਸ ਮਾਰਵਿਕ ਦਾ ਕਹਿਣਾ ਹੈ ਕਿ ਸਾਡੇ ਰਿਸ਼ਤੇ ਇੰਟਰਨੈੱਟ ਤੱਕ ਸੀਮਿਤ ਨਹੀਂ ਹਨ।

# ਜਾਰਜ ਫਲਾਇਡ ਦੇ ਕਾਤਲ ਸਾਬਕਾ ਪੁਲਸ ਅਧਿਕਾਰੀ ਨੂੰ ਹੋਈ ਤਿੰਨ ਸਾਲ ਦੀ ਸਜ਼ਾ

**ਮਿਨੀਆਪੋਲਿਸ–**25 ਮਈ 2020 ਨੂੰ ਸਾਬਕਾ ਪੁਲਸ ਅਧਿਕਾਰੀ ਡੇਰੇਕ ਚੌਵਿਨ ਨੇ ਫਲਾਇਡ ਦੀ ਗਰਦਨ ਨੂੰ ਕਰੀਬ 9 ਮਿੰਟ ਤੱਕ ਆਪਣੇ ਗੋਡੇ ਨਾਲ ਦਬਾਈ ਰੱਖਿਆ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਮਿਨੀਆਪੋਲਿਸ ਦੇ ਸਾਬਕਾ ਪੁਲਸ ਅਧਿਕਾਰੀ ਜੇ ਅਲੈਗਜ਼ੈਂਡਰ ਕੁਆਂਗ ਨੂੰ ਸ਼ੁੱਕਰਵਾਰ ਨੂੰ ਸਾਢੇ 3 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਕੁਆਂਗ ਨੇ 25 ਮਈ 2020 ਨੂੰ ਫਲਾਇਡ ਦੀ ਪਿੱਠ ਨੂੰ ਉਸ ਸਮੇਂ ਗੋਡੇ ਨਾਲ ਦਬਾਈ ਰੱਖਿਆ ਸੀ, ਜਦੋਂ ਇੱਕ ਹੋਰ ਪੁਲਸ ਅਧਿਕਾਰੀ ਨੇ ਉਸਦੀ ਗਰਦਨ 'ਤੇ ਗੋਡਾ ਰੱਖਿਆ ਹੋਇਆ ਸੀ। ਇਸ ਦੌਰਾਨ ਸਾਹ ਲੈਣ ਵਿਚ ਤਕਲੀਫ਼ ਹੋਣ ਅਤੇ ਸਾਹ ਘੁਟਣ ਕਾਰਨ ਫਲਾਇਡ ਦੀ ਮੌਤ ਹੋ ਗਈ ਸੀ। ਇਸ ਘਟਨਾ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਅਮਰੀਕਾ 'ਚ ਭਾਰੀ ਵਿਰੋਧ ਪ੍ਰਦਰਸ਼ਨ ਹੋਏ ਸਨ। ਕਵਾਂਗ ਨੂੰ ਅਕਤੂਬਰ ਵਿੱਚ ਦੂਜੇ ਦਰਜੇ ਦੇ ਕਤਲ ਲਈ ਉਕਸਾਉਣ ਅਤੇ ਉਸ ਵਿਚ ਸਹਿਯੋਗ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਹ ਪਹਿਲਾਂ ਹੀ ਫਲਾਇਡ ਦੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਕਰਨ ਲਈ ਸੰਘੀ ਸਜ਼ਾ ਕੱਟ ਰਿਹਾ ਹੈ। ਉਸ ਨੂੰ ਓਹੀਓ ਦੀ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ।




# ਪੰਜਾਬੀ ਪ੍ਰਵਾਸੀ ਭਾਰਤੀਆਂ ਨੂੰ ਆਪ ਸਰਕਾਰ ਤੋਂ ਮਿਲੇ ਸਿਰਫ ਇਸ਼ਤਿਹਾਰ : ਜਾਖੜ



**ਚੰਡੀਗੜ੍ਹ–** ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੈਂਬਰ ਪਾਰਲੀਮੈਂਟ (ਐਮਪੀ) ਸੁਨੀਲ ਜਾਖੜ ਨੇ ਅੰਮ੍ਰਿਤਸਰ ਵਿਖੇ ਸ਼ਰਾਬ ਮਾਫੀਆਂ ਵੱਲੋਂ ਇਕ ਐਨਆਰਆਈ ਪਰਿਵਾਰ ਨਾਲ ਲਗਾਤਾਰ ਹੋ ਰਹੀ ਬੇਇਨਸਾਫ਼ੀ ਦੇ ਮੱਦੇਨਜ਼ਰ ਪੰਜਾਬੀ ਪਰਵਾਸੀ ਭਾਰਤੀਆਂ ਦੀ ਮੀਟਿੰਗ ਕਰਵਾਉਣ ਪਿੱਛੇ ਸੂਬਾ ਸਰਕਾਰ ਦੀ ਨੀਅਤ ਤੇ ਸਵਾਲ ਖੜ੍ਹੇ ਕੀਤੇ ਹਨ।ਜਿਕਰਯੋਗ ਹੈ ਕਿ ਇੱਥੇ ਸ਼ਰਾਬ ਮਾਫੀਆ ਨੇ ਇਕ ਐਨਆਰਆਈ ਪਰਿਵਾਰ ਦੇ ਵਿਆਹ ਸਮਾਗਮ ਵਿੱਚ ਵਿਘਨ ਪਾਇਆ ਸੀ। ਸ੍ਰੀ ਜਾਖੜ ਨੇ ਟਵੀਟ ਕੀਤਾ ਹੈ ਕਿ 16 ਤੋਂ 19 ਦਸੰਬਰ ਤੱਕ ਪ੍ਰਵਾਸੀ ਭਾਰਤੀਆਂ ਨਾਲ ਮੀਟਿੰਗਾਂ ਦਾ ਇਸ਼ਤਿਹਾਰ ਦੇਣਾ ਪੰਜਾਬ ਸਰਕਾਰ ਦੀ ਬੇਸ਼ਰਮੀ ਭਰੀ ਕਾਰਵਾਈ ਹੈ, ਜਦੋਂ ਕਿ ਇੱਕ ਐਨਆਰਆਈ ਪਰਿਵਾਰ ਇਨਸਾਫ਼ ਦੀ ਉਡੀਕ ਕਰ ਰਿਹਾ ਹੈ ਜਦੋਂ ਕਿ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਵਿਆਹ ਸਮਾਗਮ ਤੇ ਹਮਲਾ ਕਰਨ ਵਾਲੇ ਸ਼ਰਾਬ ਮਾਫੀਆ ਦੇ ਗੁੰਡੇ ਖੁੱਲੇਆਮ ਘੁੰਮ ਰਹੇ ਹਨ।

ਜਿਕਰਯੋਗ ਹੈ ਕਿ ਪਿਛਲੇ ਮਹੀਨੇ 4 ਨਵੰਬਰ ਨੂੰ ਵੇਰਕਾ ਚੌਕ ਅੰਮ੍ਰਿਤਸਰ ਸਥਿਤ ਮੈਰਿਜ ਪੈਲੇਸ ਜਿੱਥੇ ਐਨਆਰਆਈ ਪਰਿਵਾਰ ਸਮਾਗਮ ਕਰ ਰਹੇ ਸਨ, ਸ਼ਰਾਬ ਦੀ ਵਰਤੋਂ ਦੇ ਮੁੱਦੇ ਨੂੰ ਲੈ ਕੇ ਸ਼ਰਾਬ ਦੇ ਠੇਕੇਦਾਰਾਂ ਦੇ ਦੋ ਧੜਿਆਂ ਨੇ ਨਾਜਾਇਜ਼ ਤੌਰ ਤੇ ਵਿਆਹ ਸਮਾਗਮ ਵਿਚ ਦਾਖਲ ਹੋ ਕੇ ਇਕ—ਦੂਜੇ ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ।

# ਨਵਜੋਤ-2022 ਪੁਰਸਕਾਰਾਂ ਨਾਲ ਪੰਜ ਸ਼ਖ਼ਸੀਅਤਾਂ ਦਾ ਸਨਮਾਨ

## ਨਵਜੋਤ ਸਾਹਿਤ ਸੰਸਥਾ ਔੜ ਦਾ ਸਥਾਪਨਾ ਦਿਵਸ ਮਨਾਇਆ





**ਔੜ, (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਵਲੋਂ ਇੱਥੇ ਆਪਣਾ 40ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਮੌਕੇ ਉਦਾਘਟਨੀ ਰਸਮ ਸਮਾਜ ਸੇਵੀ ਜਸਵੰਤ ਕੁਮਾਰ ਸੋਨੂੰ, ਪ੍ਰਿੰਸੀਪਲ ਨਛੱਤਰ ਸੁਮਨ ਨੇ ਸ਼ਮਾ ਰੌਸ਼ਨ ਕਰਕੇ ਸਾਂਝੇ ਤੌਰ 'ਤੇ ਨਿਭਾਈ। ਸਮਾਗਮ ਵਿੱਚ ਸੰਸਥਾ ਦੇ ਸੰਸਥਾਪਕ ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ, ਸੰਸਥਾ ਦੇ ਸਰਪ੍ਰਸਤ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਪ੍ਰੋ. ਸੰਧੂ ਵਰਿਆਣਵੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਹਨਾਂ ਸੰਸਥਾ ਦੇ 40 ਸਾਲ ਦੀਆਂ ਪ੍ਰਾਪਤੀਆਂ 'ਤੇ ਵਧਾਈ ਦਿੰਦਿਆਂ ਇਸ ਸੰਸਥਾ ਨੂੰ ਪੇਂਡੂ ਖਿੱਤੇ ਵਿੱਚ ਕਿਤਾਬਾਂ ਪ੍ਰਕਾਸ਼ਤ ਕਰਾਉਣ ਅਤੇ ਨਵੇਂ ਲੇਖਕ ਪੈਦਾ ਕਰਨ ਵਾਲੀ ਉਦਾਹਰਣ ਸੰਸਥਾ ਦੱਸਿਆ।

ਸਮਾਗਮ ਦੌਰਾਨ ਪੰਜਾਬੀਅਤ ਲਈ ਯੋਗਦਾਨ ਪਾਉਣ ਵਾਲੀਆਂ ਪੰਜ ਸ਼ਖ਼ਸੀਅਤਾਂ ਨੂੰ 'ਨਵਜੋਤ-2022' ਪੁਰਸਕਾਰ ਪ੍ਰਦਾਨ ਕੀਤੇ ਗਏ। ਇਹਨਾਂ ਵਿੱਚ ਪੰਜਾਬੀ ਰਸਾਲੇ 'ਅਦਬੀ ਮਹਿਕ' ਦੇ ਮੁੱਖ ਸੰਪਾਦਿਕਾ ਕਮਲਾ ਸੱਲ੍ਹਣ, ਲੋਕ ਸ਼ੰਘਰਸ 'ਚ ਮਹਿਲਾ ਸ਼ਕਤੀਕਰਨ ਦੇ ਪ੍ਰਤੀਕ ਬੀਬੀ ਗੁਰਬਖਸ਼ ਕੌਰ ਸੰਘਾ, ਸਾਹਿਤਕ ਪੱਤਕਾਰਤਾ ਦੇ ਤਰਜਮਾਨ ਅਵਤਾਰ ਸਿੰਘ ਭੰਮਰਾ, ਪੰਜਾਬੀ ਅਧਿਆਪਨ ਨੂੰ ਸਮਰਪਿਤ ਅਧਿਆਪਕਾ ਬਲਵਿੰਦਰ ਕੌਰ ਅਤੇ ਪੰਜਾਬੀ ਕਾਵਿ ਦੇ ਉਸਾਰੂ ਸਿਰਜਕ ਕੁਲਵਿੰਦਰ ਕੁੱਲਾ ਸ਼ਾਮਲ ਸਨ। ਇਹਨਾਂ ਨੂੰ ਯਾਦਗਾਰੀ ਚਿੰਨ੍ਹ ਅਤੇ ਨਗਦੀ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਅਤੇ ਸਕੱਤਰ ਸੁਰਜੀਤ ਮਜਾਰੀ ਨੇ ਦੱਸਿਆ ਕਿ ਸੰਸਥਾ ਦੀ ਸਮੁੱਚੀ ਕਾਰਜਕਾਰਨੀ ਪੰਜਾਬੀ ਸਾਹਿਤ ਲਈ ਸਮਰਪਿਤ ਸੇਵਾਵਾਂ ਨਿਭਾਉਂਦੀ ਆ ਰਹੀ ਅਤੇ ਇਸ ਨੇ ਇੱਕੋ ਸਮੇਂ ਤਿੰਨ ਲੜੀਵਾਰ ਪ੍ਰੋਗਰਾਮ 'ਲੇਖਕ ਦੇ ਵਿਹੜੇ', 'ਸਾਹਿਤਕ ਸੱਥ' ਅਤੇ ' ਸਾਹਿਤ ਉਸਾਰਨ ਮੁਕਾਬਲਾ' ਸ਼ੁਰੂ ਕਰਕੇ ਨਿਵੇਕਲੀ ਪਿਰਤ ਪਾਈ ਹੈ। ਇਸ ਮੌਕੇ ਸੰਸਥਾ ਦੀਆਂ 40 ਸਾਲ ਦੀਆਂ ਬਹੁਪੱਖੀ ਪ੍ਰਾਪਤੀਆਂ ਅਤੇ ਇਸ ਦੇ ਇਤਿਹਾਸ ਬਾਰੇ ਜਾਣਕਾਰੀ ਭਰਪੂਰ ਸੋਵੀਨਾਰ 'ਨਵਜੋਤ' ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਜੁੜੇ ਕਵੀ ਦਰਬਾਰ ਚ ਤਲਵਿੰਦਰ ਸ਼ੇਰਗਿੱਲ, ਸੋਹਣ ਸਹਿਜਲ, ਜਗਦੀਸ਼ ਰਾਣਾ, ਮਨੋਜ ਫਗਵਾੜਵੀ, ਦਵਿੰਦਰ ਸਕੋਹਪੁਰੀ, ਗੁਰਨੇਕ ਸ਼ੇਰ, ਰਜਨੀ ਸ਼ਰਮਾ, ਅਮਰਜੀਤ ਜਿੰਦ, ਪ੍ਰਹਲਾਦ ਅਟਵਾਲ, ਰੇਸ਼ਮ ਕਰਨਾਣਵੀ, ਹਰਮਿੰਦਰ ਹੈਰੀ, ਮੱਖਣ ਬਖ਼ਲੌਰ, ਚਮਨ ਮੱਲਪੁਰੀ, ਦਵਿੰਦਰ ਬੇਗ਼ਮਪੁਰੀ, ਹਰੀ ਕ੍ਰਿਸ਼ਨ ਪਟਵਾਰੀ, ਸੁੱਚਾ ਰਾਮ ਜਾਡਲਾ, ਦੇਸ ਰਾਜ ਬਾਲੀ, ਦਲਜੀਤ ਗਿੱਲ, ਕੇਵਲ ਰਾਮ, ਸੁਰਿੰਦਰ ਸੋਢੀ ਆਦਿ ਸ਼ਾਮਲ ਸਨ।

# ਸੰਤ ਸੀਚੇਵਾਲ ਨੇ ਦੇਸ਼ 'ਚ ਪਾਣੀ ਦੀ ਹੋ ਰਹੀ ਬਰਬਾਦੀ ਦਾ ਮੁੱਦਾ ਰਾਜ ਸਭਾ ਵਿੱਚ ਚੁੱਕਿਆ

**ਸੁਲਤਾਨਪੁਰ ਲੋਧੀ–** ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਅੱਜ ਸਰਦ ਰੁੱਤ ਦੇ ਚਲ ਰਹੇ ਸੈਸ਼ਨ ਦੌਰਾਨ ਪਾਰਲੀਮੈਂਟ ਵਿੱਚ ਪਾਣੀ ਦੀ ਹੋ ਰਹੀ ਬਰਬਾਦੀ ਦਾ ਮੁੱਦਾ ਗੰਭੀਰਤਾ ਨਾਲ ਉਠਾਇਆ। ਰਾਜ ਸਭਾ ਦੇ ਸਦਨ 'ਚ ਪਾਣੀ ਦੀ ਹੋ ਰਹੀ ਬਰਬਾਦੀ ਲਈ ਅਧਿਕਾਰੀਆਂ ਨੂੰ ਜ਼ਿੰਮੇਵਾਰ ਦੱਸਦਿਆ ਸੰਤ ਸੀਚੇਵਾਲ ਨੇ ਕਿਹਾ ਕਿ ਉਨ੍ਹਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ। ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੂੰ ਮੁਖਾਤਿਬ ਹੁੰਦਿਆ ਸੰਤ ਸੀਚੇਵਾਲ ਨੇ ਕਿਹਾ ਕਿ ਰਾਸ਼ਟਰੀ ਨੀਤੀ ਅਨੁਸਾਰ ਸ਼ਹਿਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਪ੍ਰਤੀ ਵਿਅਕਤੀ 135 ਲੀਟਰ ਪ੍ਰਤੀ ਦਿਨ ਤੈਅ ਕੀਤੀ ਗਈ ਹੈ। ਇਸ ਦੇ ਆਧਾਰ 'ਤੇ ਟਰੀਟਮੈਂਟ ਪਲਾਂਟਾਂ ਦੇ ਡਿਜ਼ਾਈਨ ਤਿਆਰ ਕੀਤੇ ਜਾਂਦੇ ਹਨ। ਪਰ ਅਸਲ ਵਿੱਚ ਇਹ ਸਪਲਾਈ 250 ਲੀਟਰ ਤੋਂ ਲੈ ਕੇ 300 ਲੀਟਰ ਤੱਕ ਕੀਤੀ ਜਾ ਰਹੀ ਹੈ ਜਿਸ ਕਾਰਨ ਟਰੀਟਮੈਂਟ ਪਲਾਂਟ ਫੇਲ੍ਹ ਹੋ ਰਹੇ ਹਨ। ਸੰਤ ਸੀਚੇਵਾਲ ਨੇ ਸਦਨ ਵਿੱਚ ਜਲੰਧਰ ਦੇ ਬਸਤੀ ਪੀਰਦਾਦ ਵਿੱਚ ਲੱਗੇ 50 ਐਮਐਲਡੀ ਦੇ ਟਰੀਟਮੈਂਟ ਪਲਾਂਟ ਦਾ ਜ਼ਿਕਰ ਕਰਦਿਆ ਕਿਹਾ ਕਿ ਇਹ ਪਲਾਂਟ 5 ਜੂਨ 2014 ਨੂੰ ਚਾਲੂ ਕੀਤਾ ਗਿਆ ਸੀ ਤੇ ਇਹ ਪਲਾਂਟ ਨੇ 2025 ਤੱਕ ਸਾਰੇ ਸ਼ਹਿਰ ਦੇ ਗੰਦੇ ਪਾਣੀ ਨੂੰ ਟ੍ਰੀਟ ਕਰਨਾ ਸੀ ਪਰ ਪੀਣ ਵਾਲੇ ਪਾਣੀ ਦੀ ਸਪਲਾਈ ਦੁੱਗਣੀ ਹੋਣ ਕਾਰਨ ਸੀਵਰੇਜ ਦੇ ਪਾਣੀ ਦੀ ਮਾਤਰਾ ਵੱਧ ਗਈ ਅਤੇ ਪਲਾਂਟ 2016 ਵਿੱਚ ਫੇਲ੍ਹ ਹੋ ਗਿਆ। ਉਨ੍ਹਾਂ ਕਿਹਾ ਕਿ ਇਹੋ ਜਿਹੇ ਹਾਲਾਤ ਦੇਸ਼ ਦੇ ਲਗਪਗ ਸਾਰੇ ਟਰੀਟਮੈਂਟ ਪਲਾਂਟ ਦੇ ਹਨ ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਸ ਪ੍ਰਤੀ ਨਾ ਤਾਂ ਕਿਸੇ ਪ੍ਰਸ਼ਾਸਨਿਕ ਅਧਿਕਾਰੀ ਦੀ ਜਵਾਬਦੇਹੀ ਤੈਅ ਹੋ ਰਹੀ ਹੈ ਅਤੇ ਨਾ ਹੀ ਇਸ ਵੱਲ ਧਿਆਨ ਦਿੱਤਾ ਜਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਇਸ ਸਭ ਲਈ ਜ਼ਿੰਮੇਵਾਰ ਵਾਟਰ ਸਪਲਾਈ ਵਿਭਾਗ ਦੀ ਮਿਸ ਮੈਨਜਮੈਂਟ ਹੈ। ਟਰੀਟਮੈਂਟ ਪਲਾਂਟਾਂ 'ਤੇ ਖਰਚ ਕੀਤੇ ਗਏ ਕਰੋੜਾਂ ਰੁਪਏ ਵੀ ਵਿਅਰਥ ਜਾ ਰਹੇ ਹਨ। ਸੰਤ ਸੀਚੇਵਾਲ ਨੇ ਮੰਗ ਕੀਤੀ ਕਿ ਪੀਣ ਵਾਲਾ ਪਾਣੀ ਸਾਰਿਆਂ ਲਈ ਉਪਲਬਧ ਹੋਵੇ ਅਤੇ ਕੇਂਦਰ ਅਤੇ ਰਾਜ ਦੀਆ ਸਰਕਾਰਾਂ ਆਪਣੀ ਜ਼ੁਮੇਵਾਰੀ ਪਹਿਲ ਦੇ ਆਧਾਰ 'ਤੇ ਨਿਭਾਉਣ ਅਤੇ ਰਾਸ਼ਟਰੀ ਨੀਤੀ ਅਨੁਸਾਰ ਸ਼ਹਿਰਾਂ ਵਿਚ 135 ਲੀਟਰ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਪਾਣੀ ਦੀ ਸਪਲਾਈ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਟਰੀਟਮੈਂਟ ਪਲਾਂਟ ਫੇਲ੍ਹ ਨਾ ਹੋਣ ਅਤੇ ਦਰਿਆਵਾਂ ਵਿੱਚ ਵਹਾਏ ਜਾ ਰਹੇ ਗੰਦੇ ਪਾਣੀ ਨੂੰ ਰੋਕਿਆ ਜਾ ਸਕੇ। ਪੂਰਾ ਦੇਸ਼ ਪਹਿਲਾਂ ਹੀ ਪੀਣ ਵਾਲੇ ਪਾਣੀ ਦੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਇਸ ਲਈ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾਵੇ।

# ਪੰਜਾਬ 'ਚ ਅਵਾਰਾ ਪਸ਼ੂਆਂ ਦੀ ਸਾਂਭ ਸੰਭਾਲ ਤੇ ਯੋਜਨਾ ਉਲੀਕਣ ਦੇ ਨਿਰਦੇਸ਼

**ਚੰਡੀਗੜ੍ਹ–** ਸੂਬੇ ਵਿੱਚ ਖੁੱਲ੍ਹੇ ਵਿੱਚ ਘੁੰਮਦੇ ਅਵਾਰਾ ਪਸ਼ੂਆਂ ਕਾਰਨ ਵਾਪਰਦੇ ਹਾਦਸਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਇਨ੍ਹਾਂ ਦੀ ਸਾਂਭ ਸੰਭਾਲ ਅਤੇ ਪ੍ਰਬੰਧਨ ਲਈ ਯੋਜਨਾ ਉਲੀਕਣ ਅਤੇ ਅਵਾਰਾ ਪਸ਼ੂਆਂ ਨਾਲ ਵਾਪਰਦੇ ਹਾਦਸਿਆਂ ਦੇ ਪੀੜਤਾਂ ਨੂੰ ਢੁੱਕਵਾ ਮੁਆਵਜ਼ਾ ਦੇਣ ਲਈ ਇਕਸਾਰ ਨੀਤੀ ਬਣਾਉਣ ਵਾਸਤੇ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ।



ਅੱਜ ਇਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਉਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਸਥਾਨਕ ਸਰਕਾਰਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪੋ-ਆਪਣੇ ਖੇਤਰਾਂ ਵਿੱਚ ਖੁੱਲ੍ਹੇਆਮ ਘੁੰਮਦੇ ਅਵਾਰਾ ਪਸ਼ੂਆਂ ਦੀ ਸ਼ਨਾਖਤ ਕਰ ਕੇ ਉਨ੍ਹਾਂ ਨੂੰ ਖਾਸ ਵਾਹਨ ਰਾਹੀਂ ਨੇੜਲੀਆਂ ਗਊਸ਼ਾਲਾਵਾਂ ਅੰਦਰ ਛੱਡਣ ਦੀ ਵਿਵਸਥਾ ਤਿਆਰ ਕਰਨ।

ਉਨ੍ਹਾਂ ਪ੍ਰਸ਼ਾਸਨਿਕ ਸੁਧਾਰ ਵਿਭਾਗ ਨੂੰ ਕਿਹਾ ਕਿ ਕੋਈ ਅਜਿਹਾ ਟਰੈਕਿੰਗ ਸਿਸਟਮ ਬਣਾਇਆ ਜਾਵੇ ਜਿਸ ਰਾਹੀਂ ਜੀਓ ਮੈਪਿੰਗ ਪਤਾ ਲੱਗ ਸਕੇ ਕਿ ਅਵਾਰਾ ਪਸ਼ੂ ਕਿਸ ਜਗ੍ਹਾਂ ਘੁੰਮ ਰਿਹਾ ਹੈ। ਇਸ ਲਈ ਕੰਟਰੋਲ ਰੂਮ ਵੀ ਸਥਾਪਤ ਕੀਤਾ ਜਾ ਸਕਦਾ ਹੈ ਜਿੱਥੋਂ ਅਵਾਰਾ ਪਸ਼ੂ ਵਾਲੀ ਜਗ੍ਹਾਂ ਉਤੇ ਇਸ ਨੂੰ ਲਿਜਾਣ ਵਾਲੇ ਵਾਹਨ ਨੂੰ ਭੇਜਿਆ ਜਾਵੇ।

ਮੁੱਖ ਸਕੱਤਰ ਨੇ ਕਿਹਾ ਕਿ ਸੂਬੇ ਵਿੱਚ ਅਵਾਰਾ ਪਸ਼ੂਆਂ ਨਾਲ ਵਾਪਰਦੇ ਹਾਦਸੇ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ, ਇਸ ਨਾਲ ਮਨੁੱਖੀ ਜਾਨਾਂ ਅਜਾਈ ਜਾਂਦੀਆਂ ਹਨ। ਅਵਾਰਾ ਪਸ਼ੂਆਂ ਦੇ ਰੋਕਥਾਮ ਲਈ ਸਬੰਧਤ ਮਹਿਕਮੇ ਮਿਲ ਕੇ ਕੰਮ ਕਰਨ। ਇਸ ਦੌਰਾਨ ਮੀਟਿੰਗ ਵਿੱਚ ਅਵਾਰਾ ਪਸ਼ੂਆਂ ਨਾਲ ਵਾਪਰਦੇ ਹਾਦਸਿਆਂ ਨਾਲ ਜਾਨ ਗਵਾਉਣ ਵਾਲੇ ਵਿਅਕਤੀ ਦੇ ਪਰਿਵਾਰ ਨੂੰ ਮੁਆਵਾਜ਼ਾ ਰਾਸ਼ੀ ਦੇਣ ਦੀ ਨੀਤੀ ਉਤੇ ਵੀ ਵਿਚਾਰ ਕੀਤਾ ਗਿਆ। ਇਸ ਸਬੰਧੀ ਮੁੱਖ ਸਕੱਤਰ ਵੱਲੋਂ ਵਿੱਤ ਕਮਿਸ਼ਨਰ ਪੇਂਡੂ ਵਿਕਾਸ ਤੇ ਪੰਚਾਇਤਾਂ, ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ, ਪ੍ਰਮੁੱਖ ਸਕੱਤਰ ਪਸ਼ੂ ਪਾਲਣ, ਪ੍ਰਮੁੱਖ ਸਕੱਤਰ ਟਰਾਂਸਪੋਰਟ ਤੇ ਏ.ਡੀ.ਜੀ.ਪੀ. ਟ੍ਰੈਫਿਕ ਦੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਤਾਂ ਜੋ ਢੁੱਕਵਾਂ ਮੁਆਵਜ਼ਾ ਦੇਣ ਲਈ ਇਕਸਾਰ ਨੀਤੀ ਬਣਾਈ ਜਾ ਸਕੀ।

# ਲਾਲ ਰੰਗੀ ਲੇਬਰ ਸਰਕਾਰ ਦੇ ਇਮੀਗ੍ਰੇਸ਼ਨ ਵਿਭਾਗ ਵੱਲੋਂ 'ਹਰੀ ਸੂਚੀ' ਕੰਮਾਂ ਦੀ ਸ਼੍ਰੇਣੀ ਵਿਚ ਵਾਧਾ

## ਨਰਸਾਂ, ਮਾਹਿਰ ਡਾਕਟਰ, ਦਾਈਆਂ ਨੂੰ ਦਾ ਪੱਕਾ ਹੋਣਾ ਕੀਤਾ ਆਸਾਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਲੇਬਰ ਸਰਕਾਰ ਦਾ ਇਮੀਗ੍ਰੇਸ਼ਨ ਵਿਭਾਗ ਦੇ ਕਈ ਕੰਮ ਬਾਹਲੇ ਨਿਆਰੇ ਹੋ ਰਹੇ ਹਨ। ਕਮਰਿਆਂ ਅੰਦਰ ਕੀਤੇ ਜਾਂਦੇ ਫੈਸਲੇ ਬਹੁਤੀ ਵਾਰ ਪ੍ਰੈਕਟੀਕਲ ਨਾ ਹੋਣ ਕਰਕੇ ਸਰਕਾਰ ਲੰਬਾ ਸਫਰ ਤੈਅ ਕਰਕੇ ਯੂ. ਟਰਨ ਮਾਰਦੀ ਹੈ। ਪਰ ਜੋ ਇਸ ਦੌਰਾਨ ਸਮਾਂ ਅਤੇ ਬਾਏ-ਬਾਏ ਕਰਕੇ ਲੰਘ ਗਏ ਹੁਨਰਮੰਦ ਲੋਕ ਉਦੋਂ ਤੱਕ ਤੁਹਾਡੀ ਹਾਕ ਸੁਨਣ ਦੇ ਦਾਇਰੇ ਤੋਂ ਬਾਹਰ ਚਲੇ ਜਾਂਦੇ ਹਨ। ਹੁਣ ਜਦੋਂ ਕਿ ਬਹੁਤ ਸਾਰੇ ਲੋਕ ਆਸਟਰੇਲੀਆ ਅਤੇ ਕੈਨੇਡਾ ਪਲਾਇਨ ਕਰ ਗਏ ਹਨ ਤਾਂ ਹੁਣ ਸਰਕਾਰ ਪਹਿਲਾਂ ਬਣਾਈਆਂ ਗੁੰਝਲਦਾਰ ਸਕੀਮਾਂ ਜਾਂ ਕਹਿ ਲਈਏ ਪਹਾੜੀ ਝੋਟੀ (ਸਿਰ ਮਾਰਨ ਵਾਲੀ) ਬਣੀਆਂ ਸਕੀਮਾਂ ਨੂੰ ਜਠੇਰਿਆਂ ਦੇ ਚਾੜ੍ਹ ਕੇ ਪੁੰਨ ਦੇ ਕੰਮ ਵਿਚ ਬਦਲਣਾ ਚਾਹੁੰਦੀ ਹੈ। ਜਿਹੜੀਆਂ ਨਰਸਾਂ ਅਤੇ ਮਿਡ ਵਾਈਵਜ਼ 2 ਸਾਲਾਂ ਤੋਂ ਪੱਕੇ ਹੋਣ ਨੂੰ ਤੜਫ ਰਹੀਆਂ ਸਨ, ਸਰਕਾਰ ਨੇ ਹੁਣ ਗੱਲ ਮੰਨੀ ਹੈ ਕਿ ਇਨ੍ਹਾਂ ਨੂੰ ਪੱਕੇ ਕੀਤੇ ਜਾਣ ਵਾਸਤੇ ਇਨ੍ਹਾਂ ਨੂੰ 'ਗ੍ਰੀਨ ਲਿਸਟ' (ਹਰੀ ਸੂਚੀ) ਦੇ ਵਿਚ ਸ਼ਾਮਿਲ ਕਰਨਾ ਬਣਦਾ ਹੈ। ਨੈਸ਼ਨਲ ਪਾਰਟੀ ਨੇ ਸਰਕਾਰ ਦੀ ਇਸ ਗਲਤੀ ਨੂੰ ਸੋਸ਼ਲ ਮੀਡੀਆ ਉਤੇ ਖ਼ੂਬ ਨਸ਼ਰ ਕੀਤਾ ਹੈ।

**ਕੀ ਆਇਆ ਹੈ ਨਵਾਂ?**

ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਹਰੀ ਸੂਚੀ ਦਾ ਵੱਡਾ ਵਿਸਤਾਰ ਕੀਤਾ ਗਿਆ ਹੈ।

ਨਰਸਾਂ, ਮਾਹਿਰ ਡਾਕਟਰਾਂ ਅਤੇ ਦਾਈਆਂ ਨੂੰ ਸਿੱਧੇ ਤੌਰ 'ਤੇ ਪੱਕੇ ਹੋਣ ਲਈ ਯੋਗ ਹੋਣਗੇ।

ਸਾਰੇ ਅਧਿਆਪਕਾਂ, ਨਿਕਾਸੀ (ਡ੍ਰੇਨ ਲੇਅਰਜ਼) ਲਾਈਨਾਂ ਪਾਉਣ ਵਾਲੇ, ਮੋਟਰ ਮਕੈਨਿਕ ਅਤੇ ਹੋਰ ਅਜਿਹੇ ਕੰਮ ਕਰਨ ਵਾਲੇ ਪੱਕੇ ਹੋਣ ਵਾਲੀ ਸ਼੍ਰੇਣੀ ਵਿਚ ਸ਼ਾਮਿਲ ਹੋਣਗੇ।

ਹਰੀ ਸੂਚੀ ਵਿੱਚ ਹੋਰ 10 ਵਾਧੂ ਪੇਸ਼ੇ ਸ਼ਾਮਲ ਕੀਤੇ ਗਏ ਹਨ। ਜਿਸ ਵਿੱਚ ਸਿਹਤ ਸੰਭਾਲ, ਸਿੱਖਿਆ, ਮਕਾਨ ਉਸਾਰੀ ਖੇਤਰ ਅਤੇ ਹੋਰ ਭੂਮਿਕਾਵਾਂ ਸ਼ਾਮਿਲ ਹ।ਨ

ਰੁਜ਼ਗਾਰਦਾਤਾਵਾਂ ਨੂੰ ਲੋੜੀਂਦੇ ਕਾਮਿਆਂ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਕਰਨ ਲਈ ਇੱਕ ਨਵੇਂ ਸੈਕਟਰ ਸਮਝੌਤੇ ਤਹਿਤ ਬੱਸ ਅਤੇ ਟਰੱਕ ਡਰਾਈਵਰਾਂ ਲਈ ਨਵਾਂ ਅਸਥਾਈ ਪੱਕੇ ਹੋਣ ਵਾਲਾ ਮਾਰਗ ਤਿਆਰ ਕੀਤਾ ਗਿਆ ਹੈ।

ਕੋਵਿਡ ਦੁਆਰਾ ਬੰਦ ਕੀਤੇ ਗਏ ਪੋਸਟ ਸਟੱਡੀ ਵਰਕ ਵੀਜ਼ਾ ਧਾਰਕਾਂ ਲਈ ਦੁਬਾਰਾ ਵੀਜ਼ਾ ਜਾਰੀ ਕਰਨਾ।

ਨਾਜ਼ੁਕ ਹਲਾਤਾਂ ਦੇ ਕਰਮਚਾਰੀਆਂ ਲਈ ਲੰਬੇ ਸਮੇਂ ਦੇ ਖਾਸ ਉਦੇਸ਼ ਵਾਲਾ ਵਰਕ ਵੀਜ਼ਾ।

ਇਮੀਗ੍ਰੇਸ਼ਨ ਮੰਤਰੀ ਮਾਈਕਲ ਵੁੱਡ ਨੇ ਅੱਜ ਵਿਸ਼ਵਵਿਆਪੀ ਮਜ਼ਦੂਰਾਂ ਦੀ ਘਾਟ ਦੇ ਮਾਧਿਅਮ ਨਾਲ




ਨਿਊਜ਼ੀਲੈਂਡ ਦੇ ਕਾਰੋਬਾਰਾਂ ਨੂੰ ਹੋਰ ਸਮਰਥਨ ਦੇਣ ਅਤੇ ਵਧੇਰੇ ਉੱਚ ਹੁਨਰਮੰਦ ਕਾਮਿਆਂ ਨੂੰ ਲੰਬੇ ਸਮੇਂ ਲਈ ਆਕਰਸ਼ਿਤ ਕਰਨ ਲਈ ਉਪਾਵਾਂ ਦੇ ਇੱਕ ਬੰਡਲ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ "ਪੂਰੀ ਦੁਨੀਆ ਇਸ ਸਮੇਂ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰ ਰਹੀ ਹੈ। ਜਦੋਂ ਤੋਂ ਸਾਡੀਆਂ ਸਰਹੱਦਾਂ ਮੁੜ ਖੁੱਲ੍ਹੀਆਂ ਹਨ, ਸਰਕਾਰ ਨੇ ਇਹਨਾਂ ਘਾਟਾਂ ਨੂੰ ਪੂਰਾ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਭਰਤੀ ਕਰਨ ਲਈ ਕਾਰੋਬਾਰਾਂ ਦੀ ਸਹਾਇਤਾ ਲਈ ਕਈ ਕਦਮ ਚੁੱਕੇ ਹਨ। ਅਸੀਂ ਅੰਤਰਰਾਸ਼ਟਰੀ ਭਰਤੀ ਲਈ 94,000 ਤੋਂ ਵੱਧ ਨੌਕਰੀਆਂ ਦੀਆਂ ਅਸਾਮੀਆਂ ਨੂੰ ਮਨਜ਼ੂਰੀ ਦਿੱਤੀ ਹੈ, 40,000 ਤੋਂ ਵੱਧ ਕੰਮਕਾਜੀ ਛੁੱਟੀਆਂ ਦੇ ਵੀਜ਼ੇ ਦਿੱਤੇ ਹਨ, ਪੈਸੀਫਿਕ ਐਕਸੈਸ ਸ਼੍ਰੇਣੀ ਅਤੇ ਸਮੋਆ ਕੋਟਾ ਦੁਬਾਰਾ ਖੋਲ੍ਹਿਆ ਹੈ, ੍ਹ5 ਸਕੀਮ ਵਿੱਚ ਇੱਕ ਦਹਾਕੇ ਵਿੱਚ ਸਭ ਤੋਂ ਵੱਡਾ ਵਾਧਾ ਕੀਤਾ ਹੈ ਅਤੇ ਹੁਨਰਮੰਦ ਪ੍ਰਵਾਸੀ ਸ਼੍ਰੇਣੀ ਅਤੇ ਮਾਤਾ-ਪਿਤਾ ਸ਼੍ਰੇਣੀ ਨੂੰ ਮੁੜ ਸ਼ੁਰੂ ਕੀਤਾ ਹੈ। 15 ਦਸੰਬਰ ਦਿਨ ਵੀਰਵਾਰ ਤੋਂ ਰਜਿਸਟਰਡ ਨਰਸਾਂ ਅਤੇ ਦਾਈਆਂ ਕੋਲ ਪੱਕੇ ਹੋਣ ਲਈ ਤੁਰੰਤ ਰਸਤਾ ਹੋਵੇਗਾ, ਜੋ ਪਹਿਲਾਂ ਹੀ ਨਿਊਜ਼ੀਲੈਂਡ ਵਿੱਚ ਹਨ।

ਮਹਾਂਮਾਰੀ ਦੇ ਬਾਅਦ ਤੋਂ ਦੇਸ਼ ਵਿੱਚ 3,474 ਨਰਸਾਂ ਆ ਚੁੱਕੀਆਂ ਹਨ, ਪਰ ਇਹ ਸਪੱਸ਼ਟ ਹੈ ਕਿ ਸਾਨੂੰ ਨਰਸਾਂ ਨੂੰ ਨਿਊਜ਼ੀਲੈਂਡ ਦੀ ਚੋਣ ਕਰਨ ਲਈ ਉਤਸ਼ਾਹਿਤ ਕਰਨ ਲਈ ਹੋਰ ਕੁਝ ਕਰਨ ਦੀ ਲੋੜ ਹੈ। ਇਹਨਾਂ ਭੂਮਿਕਾਵਾਂ ਨੂੰ ਜੋੜਨਾ ਉਹਨਾਂ ਲਈ ਨਿਊਜ਼ੀਲੈਂਡ ਦੇ ਆਕਰਸ਼ਕਤਾ ਨੂੰ ਹੋਰ ਵਧਾਏਗਾ ਜੋ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰਾਂ ਨੂੰ ਲੰਬੇ ਸਮੇਂ ਲਈ ਸਥਾਪਤ ਕਰਨਾ ਚਾਹੁੰਦੇ ਹਨ। ਮਾਰਚ ਤੋਂ ਸਾਰੇ ਅਧਿਆਪਕਾਂ ਨੂੰ ਸ਼ਾਮਲ ਕਰਨ ਲਈ ਕੰਮ ਤੋਂ ਪੱਕੇ ਹੋਣ ਤੱਕ ਦਾ ਹੋਰ ਵਿਸਤਾਰ ਕੀਤਾ ਜਾਵੇਗਾ ਅਤੇ ਵਾਧੂ ਭੂਮਿਕਾਵਾਂ ਜਿਵੇਂ ਕਿ ਡਰੇਨ ਲੇਅਰਾਂ, ਮੋਟਰ ਮਕੈਨਿਕ ਹੁਨ-ਰਮੰਦ ਸਿਵਲ ਮਸ਼ੀਨ ਆਪਰੇਟਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਸਾਰੇ ਬਿਨੈਕਾਰ 29 ਸਤੰਬਰ 2021 ਤੋਂ ਆਪਣੇ ਕੰਮ ਤੋਂ ਪੱਕੇ ਹੋਣ ਦੀਆਂ ਲੋੜਾਂ ਲਈ ਵਰਕ ਵੀਜ਼ਾ 'ਤੇ ਸਮਾਂ ਗਿਣਨ ਦੇ ਯੋਗ ਹੋਣਗੇ।

ਸਾਡੇ ਕੰਮ ਵਾਲੇ ਖੇਤਰਾਂ ਦੇ ਹੋਣ ਵਾਲੇ ਸਮਝੌਤੇ ਤਹਿਤ ਸਮੁੰਦਰੀ ਭੋਜਨ, ਬਜ਼ੁਰਗਾਂ ਦੀ ਦੇਖਭਾਲ, ਮੀਟ ਪ੍ਰੋਸੈਸਿੰਗ, ਮੌਸਮੀ ਬਰਫ਼ ਅਤੇ ਸਾਹਸੀ ਸੈਰ-ਸਪਾਟਾ ਖੇਤਰਾਂ ਵਿੱਚ ਲਾਗੂ ਹਨ। ਅੱਜ ਅਸੀਂ ਇਸ ਸਕੀਮ ਨੂੰ ਬੱਸ ਅਤੇ ਟਰੱਕ ਡਰਾਈਵਰਾਂ ਲਈ ਸਮਾਂ ਸੀਮਤ, ਦੋ ਸਾਲਾਂ ਦੇ ਰਿਹਾਇਸ਼ੀ ਮਾਰਗ ਨਾਲ ਵਧਾਉਣ ਲਈ ਸਹਿਮਤ ਹੋਏ ਹਾਂ। ਇਹ ਸਮਝੌਤਾ ਬੱਸ ਡਰਾਈਵਰਾਂ ਅਤੇ ਸਥਾਨਕ ਕਰਮਚਾਰੀਆਂ ਦੇ ਵਿਕਾਸ ਲਈ ਬਿਹਤਰ ਉਜਰਤਾਂ ਅਤੇ ਸ਼ਰਤਾਂ ਨੂੰ ਸੁਧਾਰਨ ਲਈ ਚੱਲ ਰਹੇ ਸਾਡੇ ਕੰਮ ਦਾ ਸਮਰਥਨ ਕਰੇਗਾ। ਇਹ ਰਾਸ਼ਟਰੀ ਪੱਧਰ 'ਤੇ ਡਰਾਈਵਰਾਂ ਦੀ ਘਾਟ ਨੂੰ ਦੂਰ ਕਰਨ ਵਿੱਚ ਮਦਦ ਕਰੇਗਾ। ਕੋਵਿਡ-19 ਮਹਾਂਮਾਰੀ ਦੌਰਾਨ 2020-21 ਵਿੱਚ ਬਾਰਡਰ ਬੰਦ ਹੋਣ ਕਾਰਨ ਖੁੰਝ ਗਏ ਪੋਸਟ ਸਟੱਡੀ ਵਰਕ ਵੀਜ਼ੇ ਦੇ ਲਗਭਗ 1,800 ਪਿਛਲੇ ਧਾਰਕਾਂ ਲਈ 12-ਮਹੀਨੇ ਦਾ ਓਪਨ ਵਰਕ ਵੀਜ਼ਾ ਪ੍ਰਦਾਨ ਕੀਤਾ ਜਾਏਗਾ।" ਮਾਈਕਲ ਵੁੱਡ ਨੇ ਕਿਹਾ ਕਿ ਗਰੀਨ ਸੂਚੀ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਅਗਲੀ ਸਮੀਖਿਆ 2023 ਦੇ ਮੱਧ ਵਿੱਚ ਕੀਤੀ ਜਾਵੇਗੀ।

# ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵਰਲਡ ਕੱਪ ਹਾਕੀ ਟਰਾਫੀ ਲੈ ਕੇ ਪੁੱਜੇ ਹਾਕੀ ਖ਼ਿਡਾਰੀ ਤੇ ਅਹੁਦੇਦਾਰ

**ਅੰਮ੍ਰਿਤਸਰ-** ਭਾਰਤ ਦੇ ਸੂਬਾ ਓਡੀਸ਼ਾ ਦੇ ਸ਼ਹਿਰ ਭੁਬਨੇਸ਼ਵਰ ਅਤੇ ਰਾਉਰਕਿਲਾ ਵਿਖੇ ਹੋ ਰਹੇ 15ਵੇਂ ਹਾਕੀ ਵਰਲਡ ਕੱਪ ਦੀ ਟਰਾਫ਼ੀ ਲੈ ਕੇ ਪੰਜਾਬ ਦੇ ਸੀਨੀਅਰ ਹਾਕੀ ਖਿਡਾਰੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਪੁੱਜੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਹੇਠ ਵਰਲਡ ਕੱਪ ਹਾਕੀ ਟਰਾਫੀ ਨੂੰ ਮੈਂਬਰ ਸ਼੍ਰੋਮਣੀ ਕਮੇਟੀ ਚਰਨਜੀਤ ਸਿੰਘ ਕਾਲੇਵਾਲ, ਮੈਨਜਰ ਸਤਨਾਮ ਸਿੰਘ ਮਾਗਾ ਸਰਾਏ, ਧਰਮ ਪ੍ਰਚਾਰ ਕਮੇਟੀ ਦੇ ਸੁਪਰਡੈਂਟ ਰਾਜਿੰਦਰ ਸਿੰਘ ਰੂਬੀ ਅਟਾਰੀ, ਸੂਚਨਾ ਕੇਂਦਰ ਦੇ ਇੰਚਾਰਚ ਅੰਮ੍ਰਿਤਪਾਲ ਸਿੰਘ ਵੱਲੋਂ ਸਾਂਝੇ ਤੌਰ 'ਤੇ ਵਰਲਡ ਕੱਪ ਹਾਕੀ ਟਰਾਫੀ ਲਈ ਪੰਜਾਬ ਹਾਕੀ ਦੇ ਆਏ ਅਹੁਦੇਦਾਰਾਂ ਨੂੰ ਜੀ ਆਇਆਂ ਕਿਹਾ ਗਿਆ।



NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਪੰਜਾਬ ਨੇ ਭਾਰਤ ਨਾਲ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਇਟਲੀ ਨੂੰ ਮੌਕਿਆਂ ਦੀ ਪੇਸ਼ਕਸ਼ ਕੀਤੀ

**ਚੰਡੀਗੜ੍ਹ, (ਦਲਜੀਤ ਕੌਰ)-** "ਇਟਲੀ ਅਤੇ ਪੰਜਾਬ ਵਿਚਕਾਰ ਸਹਿਯੋਗ ਦੀ ਗੁੰਜਾਇਸ਼ ਬਹੁਤ ਵੱਡੀ ਹੈ, ਚੇਅਰਮੈਨ ਸ੍ਰੀ ਅਮਿੱਤ ਥਾਪਰ ਨੇ ਕਿਹਾ।" ਸੀਆਈਆਈ ਪੰਜਾਬ ਅਤੇ ਪ੍ਰਧਾਨ, ਗੰਗਾ ਐਕਰੋਵੂਲਜ਼ ਲਿਮਟਿਡ ਅੱਜ ਸੀਆਈਆਈ ਉੱਤਰੀ ਖੇਤਰ ਹੈੱਡਕੁਆਰਟਰ ਵਿਖੇ ਅੱਜ ਸੀਆਈਆਈ ਉੱਤਰੀ ਖੇਤਰ ਦੇ ਹੈੱਡਕੁਆਰਟਰ ਵਿਖੇ ਪੰਜਾਬ ਅਤੇ ਇਟਲੀ ਦਰਮਿਆਨ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਬਾਰੇ ਗੋਲਮੇਜ਼ ਵਿੱਚ ਬੋਲਦਿਆਂ, ਸ੍ਰੀ ਅਮਿਤ ਥਾਪਰ, ਚੇਅਰਮੈਨ, ਸੀਆਈਆਈ ਪੰਜਾਬ ਅਤੇ ਪ੍ਰਧਾਨ, ਗੰਗਾ ਐਕਰੋਵੂਲਜ਼ ਲਿਮਟਿਡ ਨੇ ਸਾਂਝਾ ਕੀਤਾ, "ਪੰਜਾਬ ਵਿੱਚ ਪੰਜ ਖੇਤਰ ਹਨ ਜਿਨ੍ਹਾਂ ਵਿੱਚ ਇਟਲੀ ਨੂੰ ਟੈਕਸਟਾਈਲ ਕੈਪੀਟਲ ਗੁਡਜ਼, ਮਸ਼ੀਨਰੀ ਦੀ ਖੋਜ ਕਰਨੀ ਚਾਹੀਦੀ ਹੈ। ਪਾਰਟਸ, ਡੇਅਰੀ, ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ ਖੇਤੀ ਮਸ਼ੀਨਾਂ ।" ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਅਤੇ ਇਟਲੀ ਦਰਮਿਆਨ ਇੱਕ ਸਾਂਝੀ ਗੱਲ ਹੈ ਕਿ ਉਨ੍ਹਾਂ ਦਾ ਦੁੱਧ ਉਤਪਾਦਾਂ ਪ੍ਰਤੀ ਪਿਆਰ ਹੈ। ਪੰਜਾਬ ਦੇਸ਼ ਵਿੱਚ ਦੁੱਧ ਦੀ ਸਭ ਤੋਂ ਵੱਧ ਖਪਤ ਕਰਦਾ ਹੈ ਅਤੇ ਪਸ਼ੂ ਪਾਲਣ ਅਤੇ ਡੇਅਰੀ ਉਦਯੋਗ ਅਤੇ ਵਪਾਰ ਲਈ ਅਪਾਰ ਸੰਭਾਵਨਾਵਾਂ ਰੱਖਦੇ ਹਨ। ਇਟਲੀ ਵਿਚ ਕੁੱਲ ਭਾਰਤੀ




ਪ੍ਰਵਾਸੀਆਂ ਵਿਚੋਂ 70 ਫੀਸਦੀ ਪੰਜਾਬ ਦੇ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਡੇਅਰੀ ਵਰਕਰ ਹਨ।

ਪੰਜਾਬ ਅਤੇ ਇਟਲੀ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਗੱਲ ਕਰਦਿਆਂ, ਸ੍ਰੀ ਦਿਲੀਪ ਕੁਮਾਰ, ਪ੍ਰਮੁੱਖ ਸਕੱਤਰ, ਨਿਵੇਸ਼ ਪ੍ਰਮੋਸ਼ਨ ਅਤੇ ਉਦਯੋਗ ਅਤੇ ਵਣਜ, ਪੰਜਾਬ ਸਰਕਾਰ ਨੇ ਸਾਂਝਾ ਕੀਤਾ ਕਿ ਪੰਜਾਬ ਦੀ ਸਨਅਤ ਉਸ ਭਵਿੱਖ ਦੀ ਗਵਾਹੀ ਦੇਣ ਵਿੱਚ ਦਿਲਚਸਪੀ ਰੱਖਦੀ ਹੈ ਜਿਸਦੀ ਉਨ੍ਹਾਂ ਨੇ ਕਲਪਨਾ ਕੀਤੀ ਹੈ। "ਪੰਜਾਬ ਇੱਕ ਪ੍ਰਗਤੀਸ਼ੀਲ ਰਾਜ ਹੈ ਅਤੇ ਅਗਾਂਹਵਧੂ ਸੂਬਾ ਹੈ। ਜਿੱਥੋਂ ਤੱਕ ਕਾਰੋਬਾਰ ਕਰਨ ਦੀ ਸੌਖ ਦਾ ਸਵਾਲ ਹੈ, ਅਸੀਂ ਚੰਗੀ ਰੈਂਕਿੰਗ ਵਾਲੇ ਹਾਂ। ਮੈਂ ਇਟਲੀ ਨਾਲ ਹੋਰ ਸਹਿਯੋਗ ਲਈ ਬੇਨਤੀ ਕਰਾਂਗਾ। ਸਾਡੇ ਕੋਲ ਇਟਲੀ ਵਿਚ ਪੰਜਾਬੀਆਂ ਦੀ ਵੱਡੀ ਆਬਾਦੀ ਹੈ।" ਉਨ੍ਹਾਂ ਨੇ ਇਟਲੀ ਦੇ ਵਫਦ ਨੂੰ ਫਰਵਰੀ 2023 ਵਿੱਚ ਹੋਣ ਵਾਲੇ ਪ੍ਰੋਗਰੈਸਿਵ ਪੰਜਾਬ ਇਨਵੈਸਟਰਸ ਸਮਿਟ ਲਈ ਸੱਦਾ ਦਿੱਤਾ।

ਭਾਰਤ ਵਿੱਚ ਇਟਲੀ ਦੇ ਰਾਜਦੂਤ ਐਚ ਈ ਮਿਸਟਰ ਵਿਨਸੈਂਜੋ ਡੀ ਲੂਕਾ ਨੇ ਦੱਸਿਆ ਕਿ ਇਟਲੀ ਵਿੱਚ ਪੰਜਾਬੀ ਭਾਈਚਾਰਾ ਸਭ ਤੋਂ ਵੱਧ ਹੈ। ਕੋਵਿਡ ਦੇ ਬਾਵਜੂਦ ਪਿਛਲੇ ਤਿੰਨ ਸਾਲਾਂ ਵਿੱਚ, ਇਟਲੀ-ਭਾਰਤ 2022 ਵਿੱਚ 13 ਬਿਲੀਅਨ ਯੂਰੋ ਦੇ ਵਪਾਰ ਦੇ ਨਾਲ ਦੁਵੱਲੇ ਵਪਾਰ ਵਿੱਚ ਚੋਟੀ ਦੇ ਸਥਾਨ 'ਤੇ ਪਹੁੰਚ ਗਿਆ ਹੈ, ਜਿਸ ਨਾਲ ਇਟਲੀ ਯੂਰਪੀ ਸੰਘ ਵਿੱਚ ਭਾਰਤ ਦਾ ਤੀਜਾ ਸਭ ਤੋਂ ਵੱਡਾ ਭਾਈਵਾਲ ਬਣ ਗਿਆ ਹੈ। ਇਸ ਤੋਂ ਇਲਾਵਾ, ਇਟਲੀ ਵਿਚ ਯੂਰਪੀਅਨ ਯੂਨੀਅਨ ਵਿਚ ਸਭ ਤੋਂ ਵੱਧ ਭਾਰਤੀ ਹਨ। ਸਾਡਾ ਉਦੇਸ਼ ਭਾਰਤ ਵਿੱਚ ਹੋਰ ਵਪਾਰ, ਨਿਵੇਸ਼ ਅਤੇ ਵਪਾਰ ਨੂੰ ਉਤਸ਼ਾਹਿਤ ਕਰਨਾ ਹੈ। ਅਸੀਂ ਨਿਰਮਾਣ ਮਸ਼ੀਨਰੀ, ਊਰਜਾ ਤਬਦੀਲੀ, ਰੱਖਿਆ ਅਤੇ ਫੂਡ ਪ੍ਰੋਸੈਸਿੰਗ ਵਿੱਚ ਸਾਂਝੇਦਾਰੀ ਨੂੰ ਤਰਜੀਹ ਦੇ ਰਹੇ ਹਾਂ। ਰਾਜਦੂਤ ਨੇ ਪੰਜਾਬ ਵਿੱਚ ਡੇਅਰੀ ਸੈਕਟਰ ਦੇ ਵਿਕਾਸ ਲਈ ਨਵੀਨਤਾਕਾਰੀ ਤਕਨਾਲੋਜੀ ਵਿੱਚ ਸਹਿਯੋਗ 'ਤੇ ਜ਼ੋਰ ਦਿੱਤਾ।

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਅਪਣਾਉਣ ਦਾ ਸੱਦਾ

**ਦਿੜ੍ਹਬਾ (ਦਲਜੀਤ ਕੌਰ)-** ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਅਤੇ ਕਣਕ ਦੇ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਨਿਕਲ ਕੇ ਖੇਤੀ ਵਿਭਿੰਨਤਾ ਅਪਣਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਜਿਥੇ ਪੰਜਾਬ ਸਰਕਾਰ ਸਰਗਰਮ ਹੈ ਉਥੇ ਕਿਸਾਨਾਂ ਨੂੰ ਵੀ ਮੋਹਰੀ ਭੂਮਿਕਾ ਨਿਭਾਉਣ ਦੀ ਲੋੜ ਹੈ। ਦਿੜ੍ਹਬਾ ਦੇ ਪਿੰਡ ਰੋਗਲਾ ਦੇ ਅਗਾਂਹਵਧੂ ਕਿਸਾਨ ਬਲਵਿੰਦਰ ਸਿੰਘ ਵੱਲੋਂ ਇੱਕ ਏਕੜ ਵਿੱਚ ਲਗਾਏ ਗਏ ਡਰੈਗਨ ਫਰੂਟ ਦੇ ਬਾਗ਼ ਦਾ ਦੌਰਾ ਕਰਦਿਆਂ ਕੈਬਨਿਟ ਮੰਤਰੀ ਨੇ ਉਸ ਦੇ ਉਦਮ ਦੀ ਸ਼ਲਾਘਾ ਕੀਤੀ। ਸ. ਚੀਮਾ ਨੇ ਕਿਹਾ ਕਿ ਕਿਸਾਨਾਂ ਨੂੰ ਬਾਗ਼ਬਾਨੀ ਵਿਭਾਗ ਦੀਆਂ ਸਿਫਾਰਸ਼ਾਂ ਅਨੁਸਾਰ ਫ਼ਲਾਂ ਦੇ ਬਾਗ਼ ਵੀ ਲਗਾਉਣੇ ਚਾਹੀਦੇ ਹਨ ਕਿਉਂਕਿ ਫ਼ਲਾਂ ਦੇ ਬੂਟੇ ਲਾਉਣ, ਬਾਗ਼ ਮਸ਼ੀਨਰੀ, ਸਾਂਭ ਸੰਭਾਲ ਲਈ ਵੀ ਸਬਸਿਡੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਿਹਨਤੀ ਅਤੇ ਹਿੰਮਤੀ ਕਿਸਾਨਾਂ ਨੇ ਦੁਨੀਆਂ ਭਰ ਵਿੱਚ ਆਪਣੀਆਂ ਮਿਸਾਲਾਂ ਕਾਇਮ ਕੀਤੀਆਂ ਹਨ ਅਤੇ ਬਲਵਿੰਦਰ ਸਿੰਘ ਜਿਹੇ ਸਿਰੜੀ ਕਿਸਾਨ ਹੋਰਨਾਂ ਲਈ ਰਾਹ ਦਸੇਰਾ ਸਾਬਤ ਹੋਣਗੇ। ਕੈਬਨਿਟ ਮੰਤਰੀ ਨੇ ਕਿਹਾ ਕਿ ਤਜਰਬੇ ਦੇ ਤੌਰ 'ਤੇ ਡਰੈਗਨ ਫਰੂਟ ਲਗਾਉਣ ਵਾਲੇ ਇਸ ਕਿਸਾਨ ਲਈ ਇਹ ਪੁਲਾਂਘ ਆਉਣ ਵਾਲੇ ਸਮੇਂ ਵਿੱਚ ਆਰਥਿਕ ਮਜ਼ਬੂਤੀ ਦੇ ਨਵੇਂ ਰਾਹ ਖੋਲ੍ਹੇਗੀ ਕਿਉਂ ਕਿ ਡਰੈਗਨ ਫਰੂਟ ਨੂੰ ਪੋਸ਼ਕ ਤੱਤਾਂ ਨਾਲ ਭਰਪੂਰ ਫ਼ਲਾਂ ਦੀ ਮੋਹਰੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਸ. ਚੀਮਾ ਨੇ ਕਿਹਾ ਕਿ ਪੰਜਾਬ ਦੀ ਧਰਤੀ ਏਨੀ ਉਪਜਾਊ ਹੈ ਕਿ ਇਥੇ ਸਾਡੇ ਕਿਸਾਨ ਵੀਰ ਆਪਣੀ ਮਿਹਨਤ ਤੇ ਲਗਨ ਨਾਲ ਨਵੀਆਂ ਪੈੜਾਂ ਪਾ ਰਹੇ ਹਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਰਵਾਇਤੀ ਫ਼ਸਲੀ ਚੱਕਰ ਵਿੱਚੋਂ ਕੱਢਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ ਅਮਰੂਦ, ਆੜੂ, ਨਾਸ਼ਪਤੀ ਅਤੇ ਬੇਰ ਦੇ ਬਾਗ਼ ਲਗਾਉਣ ਵਿੱਚ ਵੀ ਕਿਸਾਨਾਂ ਨੇ ਕਾਫੀ ਦਿਲਚਸਪੀ ਦਿਖਾਈ ਹੈ ਅਤੇ ਹੁਣ ਇਹ ਕਿਸਾਨ ਹੋਰਨਾਂ ਲਈ ਪ੍ਰੇਰਨਾਸ੍ਰੋਤ ਬਣ ਰਹੇ ਹਨ। ਕੈਬਨਿਟ ਮੰਤਰੀ ਦੇ ਦੌਰੇ ਤੋਂ ਪ੍ਰਭਾਵਿਤ ਕਿਸਾਨ ਸ. ਬਲਵਿੰਦਰ ਸਿੰਘ ਨੇ ਕਿਹਾ ਕਿ ਉਸਨੇ ਪਿਛਲੇ ਸਾਲ ਹੀ ਡਰੈਗਨ ਫਰੂਟ ਦਾ ਬਾਗ਼ ਲਗਾਇਆ ਸੀ ਅਤੇ ਇਸ ਵਾਰ ਹੋਈ ਭਰਪੂਰ ਪੈਦਾਵਾਰ ਨੇ ਉਸ ਨੂੰ ਕਾਫੀ ਉਤਸ਼ਾਹਿਤ ਕੀਤਾ ਹੈ। ਇਸ ਮੌਕੇ ਕੈਬਨਿਟ ਮੰਤਰੀ ਦੇ ਓਐਸਡੀ ਸ. ਤਪਿੰਦਰ ਸਿੰਘ ਸੋਹੀ ਵੀ ਮੌਜੂਦ ਸਨ।



# ਤਰਕਸ਼ੀਲਾਂ ਵੱਲੋਂ ਭਵਾਨੀਗੜ੍ਹ ਸਕੂਲ ਵਿਖੇ ਤਰਕਸ਼ੀਲ ਸਮਾਗਮ; ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ

**ਭਵਾਨੀਗੜ੍ਹ (ਦਲਜੀਤ ਕੌਰ)-** ਵਿਗਿਆਨਕ ਚੇਤਨਾ ਦੇ ਪ੍ਰਚਾਰ ਪਸਾਰ ਵਿੱਚ ਜੁਟੀ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਾਨੀਗੜ੍ਹ (ਲੜਕੇ) ਵਿਖੇ ਇਕ ਸਿਖਿਆਦਾਇਕ ਤਰਕਸ਼ੀਲ ਸਮਾਗਮ ਅਯੋਜਿਤ ਕੀਤਾ ਗਿਆ। ਇਸ ਸਮਾਰੋਹ ਦੇ ਸ਼ੁਰੂ ਵਿੱਚ ਪ੍ਰਿੰਸੀਪਲ ਸ੍ਰੀਮਤੀ








ਤਰਵਿੰਦਰ ਕੌਰ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਏ ਤੇ ਚੇਤਨਾ ਪਰਖ ਪ੍ਰੀਖਿਆ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮਵੇਦ ਨੇ ਕਿਹਾ ਕਿ ਵਿਗਿਆਨਕ ਚੇਤਨਾ ਭਰਮ ਮੁਕਤ ਤੇ ਚੰਗੇਰੇ ਸਮਾਜ ਦਾ ਰਾਹ ਹੈ। ਉਨ੍ਹਾਂ ਕਿਹਾ ਕਿ ਰਸਮੀ ਪੜ੍ਹਾਈ ਤੋਂ ਬਿਨਾਂ ਹੋਰ ਕਿਤਾਬਾਂ ਪੜ੍ਹਨਾ ਤੇ ਜਾਣਕਾਰੀ ਹਾਸਲ ਕਰਨ ਦੇ ਗੁਣ ਮਨੁੱਖੀ ਸਖਸ਼ੀਅਤ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ, ਚੇਤਨਾ, ਜੱਦੋਜਹਿਦ ਨਾਲ ਹੀ ਖੁਸ਼ਹਾਲ ਸਮਾਜ ਸਿਰਜਿਆ ਜਾ ਸਕਦਾ ਹੈ। ਉਨ੍ਹਾਂ ਆਪਣੇ ਸੰਬੋਧਨ ਵਿੱਚ ਹਾਜ਼ਰੀਨ ਨੂੰ ਸੁਨਿਹਰੇ ਭਵਿੱਖ ਵਾਲੇ ਸਮਾਜ ਦੀ ਸਿਰਜਣਾ ਲਈ ਤਰਕਸ਼ੀਲ ਸੋਚ ਅਪਨਾਉਣ ਦਾ ਸੱਦਾ ਦਿੱਤਾ। ਚੇਤਨਾ ਪਰਖ ਪ੍ਰੀਖਿਆ ਬਾਰੇ ਕਿਹਾ ਕਿ ਬਾਲ ਮਨਾਂ ਅੰਦਰ ਵਿਗਿਆਨਕ ਚੇਤਨਾ ਦਾ ਦੀਵਾ ਬਾਲਣਾ ਹੀ ਪ੍ਰੀਖਿਆ ਦਾ ਉਦੇਸ਼ ਹੈ।

ਇਸ ਮੌਕੇ ਤਰਕਸ਼ੀਲ ਆਗੂ ਚਰਨ ਕਮਲ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨ੍ਹੇਰੇ ਵਿੱਚੋਂ ਨਿਕਲਣ ਤੇ ਵਿਗਿਆਨਕ ਨਜ਼ਰੀਆ ਅਪਨਾਉਣ ਦਾ ਭਾਵਪੂਰਤ ਸੁਨੇਹਾ ਦਿੱਤਾ।

ਇਸ ਮੌਕੇ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਪੇਸ਼ ਕਰਦਿਆਂ ਕਿਹਾ ਕਿ ਜਾਦੂ ਇੱਕ ਕਲਾ ਹੈ, ਹੱਥ ਦੀ ਸਫਾਈ ਹੈ। ਉਨ੍ਹਾਂ ਰੁਮਾਲ ਤੋਂ ਛੜੀ ਬਣਾ ਕੇ, ਅਖਬਾਰ ਦੇ ਟੁਕੜੇ ਟੁਕੜੇ ਕਰਕੇ ਦੁਬਾਰਾ ਪੂਰਾ ਅਖਬਾਰ ਬਣਾ ਕੇ, ਫੁੱਲ ਗਾਇਬ ਕਰਕੇ ਦੁਬਾਰਾ ਪੈਦਾ ਕਰਕੇ, ਬੱਚੇ ਦੇ ਕੰਨ ਤੋਂ ਫੁਲਦਾਰ ਲੜੀ ਕਢ ਕੇ ਦਰਸ਼ਕਾਂ ਨੂੰ ਅਚੰਭਿਤ ਕੀਤਾ। ਉਨ੍ਹਾਂ ਜਾਦੂ ਸ਼ੋਅ ਰਾਹੀਂ ਵਿਗਿਆਨਕ ਸੋਚ ਅਪਨਾਉਣ ਲਈ ਕਿਹਾ।

ਸਮਾਰੋਹ ਦੇ ਦੂਸਰੇ ਸ਼ੈਸ਼ਨ ਵਿੱਚ ਚੇਤਨਾ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਵਾਲੇ ਸੈਕੰਡਰੀ ਤੇ ਮਿਡਲ ਵਰਗ ਦੇ ਵਿਦਿਆਰਥੀਆਂ ਨੂੰ ਸਨਮਾਨ ਸਰਟੀਫਿਕੇਟ ਤੇ ਪੜ੍ਹਨ ਸਮੱਗਰੀ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੀਖਿਆ ਵਿੱਚ ਵਧੀਆ ਸਹਿਯੋਗ ਕਰਨ ਕਰਕੇ ਸਕੂਲ ਪ੍ਰਿੰਸੀਪਲ ਤਰਵਿੰਦਰ ਕੌਰ, ਅਧਿਆਪਕਾਂ ਹਰੀਸ਼ ਕੁਮਾਰ, ਜਗਜੀਤ ਸਿੰਘ ਬਖਸ਼ੀ, ਟੁਵਿੰਦਰ ਕੁਮਾਰ ਗੁਰਮੀਤ ਕੌਰ, ਰਜਨੀ ਬਾਲਾ, ਅਤੇ ਰਜਿੰਦਰ ਸਿੰਘ ਕਲਰਕ ਨੂੰ ਸਨਮਾਨ ਪੱਤਰ ਤੇ ਤਰਕਸ਼ੀਲਾਂ ਵਲੋਂ ਅਧਿਆਪਕਾਂ ਦੇ ਸਨਮਾਨ ਲਈ ਛਪਾਈ ਵਿਸ਼ੇਸ਼ ਪੁਸਤਕ ਇਲਮ ਤੋਂ ਇਖਲਾਕ ਤਕ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਧਿਆਪਕਾਂ ਰਣਜੀਤ ਕੌਰ, ਦਵਿੰਦਰ ਕੌਰ, ਆਸ਼ੂ ਮਾਲਾ, ਅਜਾਇਬ ਸਿੰਘ, ਬਿਕੱਰ ਸਿੰਘ, ਧਨਵੰਤ ਸਿੰਘ, ਨਵੀਨ ਮਿਤੱਲ, ਅਜਮੇਰ ਸਿੰਘ, ਕਿਰਨਦੀਪ ਕੌਰ, ਨੈਨਸੀ ਸ਼ਰਮਾ, ਬਿੰਦੂ ਰਾਣੀ, ਨਵਦੀਪ ਕੌਰ, ਗਗਨਦੀਪ ਮੜਕਨ, ਸ਼ੁਸ਼ੀਲ ਕੁਮਾਰੀ ਅਤੇ ਹਰਜੀਤ ਸਿੰਘ ਆਦਿ ਵੱਲੋਂ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਗਈ। ਸਟੇਜ ਸੰਚਾਲਨ ਮਾਸਟਰ ਅਜਾਇਬ ਸਿੰਘ ਨੇ ਕੀਤਾ। ਪ੍ਰੋਗਰਾਮ ਅਤੀ ਭਾਵਪੂਰਤ ਰਿਹਾ।

# ਮਿਸਿਜ ਇੰਡੀਆ ਫੈਸ਼ਨਿਸ਼ਟਾ 2022 ਚੁਣੇ ਜਾਣ 'ਤੇ ਡਾ. ਕ੍ਰਿਤੀਕਾ ਖੁੰਗਰ ਦਾ ਹੋਇਆ ਸਨਮਾਨ

**ਸਿਰਸਾ (ਸਤੀਸ਼ ਬਾਂਸਲ)** ਹਾਲ ਹੀ 'ਚ ਐਨਸੀਆਰ 'ਚ ਆਯੋਜਿਤ ਮਿਸ-ਮਿਸਿਜ ਇੰਡੀਆ ਫੈਸ਼ਨਿਸ਼ਟਾ 2022 ਮੁਕਾਬਲੇ 'ਚ ਮਿਸਿਜ ਇੰਡੀਆ ਫੈਸ਼ਨਿਸ਼ਟਾ 2022 ਚੁਣੀ ਗਈ ਡਾ. ਕ੍ਰਿਤੀਕਾ ਖੁੰਗਰ ਦੇ ਸਨਮਾਨ ਚ ਵੂਮੈਨ ਡੇਡੀਕੈਸ਼ਨ ਵਲੋਂ ਇਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਇਨਰ ਵਹੀਲ ਕਲੱਬ ਦੀ ਮੈਂਬਰ ਮਧੂ ਮਹਿਤਾ ਵਲੋਂ ਵਿਸ਼ੇਸ਼ ਮਹਿਮਾਨ ਵਜੋਂ ਪੁੱਜਣ ਤੋਂ ਇਲਾਵਾ ਡਾ. ਕ੍ਰਿਤੀਕਾ ਖੁੰਗਰ ਦੇ ਪਰਿਵਾਰਿਕ ਮੈਂਬਰ ਪਿਤਾ ਰਾਜਕੁਮਾਰ ਖੁੰਗਰ , ਮਾਤਾ ਮਧੂ ਖੁੰਗਰ ,ਭਰਾ ਇਸ਼ਾਨ ਖੁੰਗਰ ਭਾਬੀ ਹਿਤੈਸ਼ੀ ਖੁੰਗਰ ਅਤੇ ਪਤੀ ਰੁਪਿੰਦਰ ਸਚਦੇਵਾ ਆਦਿ ਵੀ ਹਾਜਿਰ ਸਨ। ਇਸ ਮੌਕੇ ਵੂਮੈਨ ਡੇਡੀਕੈਸ਼ਨ ਵਲੋਂ ਡਾ. ਕ੍ਰਿਤੀਕਾ ਖੁੰਗਰ ਨੂੰ ਵੂਮੈਨ ਡੇਡੀਕੈਸ਼ਨ ਦਾ ਬ੍ਰਾਂਡ ਅੰਬੈਸਡਰ ਵੀ ਚੁਣਿਆ ਗਿਆ। ਬੇਟੀ ਦੀ ਇਸ ਬਹੁਤ ਹੀ ਵੱਡੀ ਪ੍ਰਾਪਤੀ 'ਤੇ ਬਹੁਤ ਹੀ ਖੁਸ਼ ਹੋਏ ਪਿਤਾ ਰਾਜਕੁਮਾਰ ਖੁੰਗਰ ਤੇ ਮਾਤਾ ਮਧੂ ਖੁੰਗਰ ਨੇ ਕਿਹਾ ਕਿ ਉਹਨਾਂ ਨੂੰ ਆਪਣੀ ਬੇਟੀ ਦੀ ਇਸ ਸਫਲਤਾ 'ਤੇ ਮਾਣ ਹੈ। ਜੋ ਲੋਕ ਬੇਟੀਆਂ ਨੂੰ ਬੋਝ ਸਮਝਦੇ ਹਨ ਉਹਨਾਂ ਲਈ ਸਾਡੀ ਬੇਟੀ ਨੇ ਇਕ ਅਨੋਖਾ ਉਦਾਹਰਣ ਪੇਸ਼ ਕਰਕੇ ਅਜਿਹੇ ਲੋਕਾਂ ਨੂੰ ਸੋਚਣ 'ਤੇ ਮਜਬੂਰ ਕੀਤਾ ਹੈ ਕਿ ਅੱਜ ਬੇਟੀਆਂ ਬੋਝ ਨਹੀਂ ਹਨ, ਜਰੂਰਤ ਹੈ , ਉਹਨਾਂ ਨੂੰ ਚੰਗੇ ਸੰਸਕਾਰ ਦੇਣ ਦੀ ਅਤੇ ਬੇਟਿਆਂ ਦੇ ਬਰਾਬਰ ਹੱਕ ਦੇਣ ਦੀ । ਡਾ. ਕ੍ਰਿਤੀਕਾ ਖੁੰਗਰ ਦੇ ਭਰਾ ਇਸ਼ਾਨ ਖੁੰਗਰ ਅਤੇ ਭਾਬੀ ਹਿਤੈਸ਼ੀ ਖੁੰਗਰ ਨੇ ਕਿਹਾ ਕਿ ਕ੍ਰਿਤੀਕਾ ਨੇ ਮਾਪਿਆਂ ਦੇ ਸਹਿਯੋਗ ਅਤੇ ਅਪਣੀ ਮੇਹਨਤ ਨਾਲ ਜੋ ਮੰਜਿਲ ਹਾਸਿਲ ਕੀਤੀ ਹੈ, ਉਹ ਕਾਬਿਲੇ ਤਾਰੀਫ ਹੈ ਅਤੇ ਉਸਦੀ ਪ੍ਰਾਪਤੀ 'ਤੇ ਸਾਨੂੰ ਬਹੁਤ ਮਾਣ ਹੈ । ਡਾ. ਕ੍ਰਿਤੀਕਾ ਦੇ ਪਤੀ ਰੁਪਿੰਦਰ ਸਚਦੇਵਾ ਨੇ ਕਿਹਾ ਕਿ ਇਕ ਔਰਤ ਲਈ ਘਰ ਨੂੰ ਸੰਭਾਲਣ ਦੇ ਨਾਲ ਨਾਲ ਇਸ ਤਰਾਂ ਦੇ ਮੁਕਾਬਲਿਆਂ ਚ ਹਿੱਸਾ ਲੈਣਾ ਅਪਣੇ ਆਪ 'ਚ ਬੇਮਿਸਾਲ ਹੈ। ਕ੍ਰਿਤੀਕਾ ਨੇ ਨਾ ਸਿਰਫ ਅਪਣੇ ਘਰ ਨੂੰ ਬਾਖੂਬੀ ਸੰਭਾਲਿਆ ਸਗੋਂ ਪ੍ਰਤੀਯੋਗਿਤਾ 'ਚ ਹਿੱਸਾ ਲੈਣ ਦੇ ਨਾਲ ਨਾਲ ਅਪਣੀ ਨੌਕਰੀ ਨੂੰ ਵੀ ਵਧੀਆ ਤਰੀਕੇ ਨਾਲ ਚਲਾਇਆ । ਜਦੋਂ ਡਾ. ਕ੍ਰਿਤੀਕਾ ਨੂੰ ਫੈਸ਼ਨ ਦੇ ਬਾਰੇ 'ਚ ਰੁਚੀ ਨੂੰ ਲੈਕੇ ਪੁੱਛਿਆ ਗਿਆ ਤਾਂ ਉਹਨਾਂ ਦੱਸਿਆ ਕਿ ਫੈਸ਼ਨ ਹਰ ਲੜਕੀ ਅਤੇ ਔਰਤ ਚ ਹੁੰਦਾ ਹੈ, ਜੇਕਰ ਇਕ ਔਰਤ ਅਤੇ ਲੜਕੀ ਇਹ ਦਿਲੋਂ ਮਹਿਸੂਸ ਕਰੇ ਕਿ ਉਹ ਸੁੰਦਰ ਹੈ ਤਾਂ ਇਸਤੋਂ ਵੱਡੀ ਸੁੰਦਰਤਾ ਹੋਰ ਕੋਈ ਹੋ ਨਹੀਂ ਸਕਦੀ। ਉਹਨਾਂ ਕਿਹਾ ਕਿ ਅੱਜ ਨਾਰੀ ਕਿਸੇ ਵੀ ਖੇਤਰ 'ਚ ਪੁਰਸ਼ਾਂ ਨਾਲੋਂ ਪਿੱਛੇ ਨਹੀਂ ਹੈ। ਜਰੂਰਤ ਹੈ ਦ੍ਰਿੜ ਇਰਾਦੇ ਨਾਲ ਅੱਗੇ ਵੱਧਣ ਦੀ। ਇਸ ਮੌਕੇ ਇਨਰ ਵਹੀਲ ਕਲੱਬ ਦੀ ਮੈਂਬਰ ਮਧੂ ਮਹਿਤਾ ਨੇ ਕਿਹਾ ਕਿ ਡਾ. ਕ੍ਰਿਤੀਕਾ ਖੁੰਗਰ ਨਾ ਸਿਰਫ ਸਿਰਸਾ ਜਿਲੇ ਦਾ ਨਾਮ ਰੋਸ਼ਨ ਕੀਤਾ ਹੈ ਸਗੋਂ ਨਾਰੀ ਸਮਾਜ ਦਾ ਵੀ ਮਾਣ ਵਧਾਇਆ ਹੈ। ਉਹਨਾਂ ਮਹਿਲਾਵਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਵੀ ਅਪਣੀ ਰੁਚੀ ਅਨੁਸਾਰ ਖੇਤਰ ਦੀ ਚੋਣ ਕਰਨ ਤਾਂ ਜੋ ਅੱਗੇ ਚੱਲਕੇ ਪਰਿਵਾਰ ਅਤੇ ਜਿਲੇ ਦਾ ਨਾਮ ਰੋਸ਼ਨ ਕਰ ਸਕਣ।







# ਆਮ ਆਦਮੀ ਪਾਰਟੀ ਦੀ ਸਰਕਾਰ ਲਾਅ ਐਂਡ ਆਰਡਰ 'ਚ ਹੋਈ ਨਾਕਾਮ : ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਤਰਨਤਾਰਨ ਜ਼ਿਲ੍ਹੇ ਦੇ ਸਰਹਾਲੀ ਥਾਣੇ ਉਤੇ ਹੋਏ ਰਾਕੇਟ ਲਾਂਚਰ ਦੇ ਹਮਲੇ ਨੂੰ ਲੈ ਕੇ ਬਹੁਜਨ ਸਮਾਜ ਪਾਰਟੀ ਨੇ ਆਮ ਆਦਮੀ ਪਾਰਟੀ ਨੂੰ ਨਿਸ਼ਾਨਾ ਬਣਾਇਆ। ਜਾਰੀ ਬਿਆਨ ਵਿੱਚ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ



ਸਿੰਘ ਗੜ੍ਹੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਪੰਜਾਬ ਵਿਚ ਲਾਅ ਐਂਡ ਆਰਡਰ ਵਿੱਚ ਨਾਕਾਮ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਥਾਣੇ ਉਤੇ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਜਾਣਾ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਇਹ ਦੂਜੀ ਵਾਰ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਗਿਆ ਹੈ। ਸ੍. ਗੜ੍ਹੀ ਨੇ ਕਿਹਾ ਕਿ ਸੂਬੇ ਵਿੱਚ ਅਮਨ ਕਾਨੂੰਨ ਨੂੰ ਕਾਇਮ ਰੱਖਣ ਵਿੱਚ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਭਗਵੰਤ ਮਾਨ ਸਰਕਾਰ ਦੀ ਨਲਾਇਕੀ ਕਾਰਨ ਹੀ ਹੈ ਕਿ ਦਿਨੋਂ ਦਿਨ ਪੰਜਾਬੀਆ ਨੂੰ ਗੋਲੀਆਂ ਮਾਰਕੇ ਕਤਲ ਕੀਤਾ ਜਾ ਰਹੇ ਹਨ, ਵੱਖਵਾਦੀ ਸ਼ਕਤੀਆਂ ਮੁੜ ਤੋਂ ਸਿਰ ਚੁੱਕ ਰਹੀ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਵਿੱਚ ਸ਼ਾਂਤੀ ਲਈ ਦਿੱਲੀ ਵਾਲੇ ਆਪਣੇ ਆਕਾ ਦੀ ਗੁਲਾਮੀ ਛੱਡਕੇ ਪੰਜਾਬ ਦੇ ਲਈ ਕੰਮ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਇਸ ਸਥਿਤੀ ਨੂੰ ਗੰਭੀਰਤਾ ਨਾਲ ਸਮਝਣ ਅਤੇ ਠੋਸ ਕਦਮ ਚੁੱਕਣ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਨੇ ਪਹਿਲਾਂ ਹੀ ਸ਼ਾਂਤੀ, ਭਾਈਚਾਰਕ ਸਾਂਝ ਦੇ ਲਈ ਬਹੁਤ ਵੱਡੀ ਕੁਰਬਾਨੀ ਦਿੱਤੀ ਹੈ। ਹੁਣ ਇਸ ਨੂੰ ਬਣਾਈ ਰੱਖਣ ਲਈ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਜਾਗਰੂਕ ਹੋਣ ਅਤੇ ਸਰਕਾਰ ਉਤੇ ਦਬਾਅ ਬਣਾਉਣ ਕਿ ਉਹ ਠੋਸ ਕਦਮ ਚੁੱਕੇ।

# ਚੋਰੀ ਦੀ ਗੱਡੀ ਨਾਲ ਪੁਲੀਸ ਵਾਹਨ ਨੂੰ ਟੱਕਰ ਮਾਰਨ ਦੇ ਦੋਸ਼ ਹੇਠ ਪੰਜਾਬੀ ਗ੍ਰਿਫ਼ਤਾਰ




**ਟੋਰਾਂਟੋ–** ਕੈਨੇਡਾ ਦੇ ਬਰੈਂਪਟਨ 'ਚ ਇਕ ਪੰਜਾਬੀ ਨੌਜਵਾਨ (ਕੈਨੇਡੀਅਨ ਸਿੱਖ) ਨੂੰ ਚੋਰੀ ਦੀ ਗੱਡੀ ਨਾਲ ਪੁਲੀਸ ਵਾਹਨ ਨੂੰ ਟੱਕਰ ਮਾਰ ਕੇ ਸੜਕ ਤੋਂ ਹੇਠਾਂ ਲਾਹੁਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਵੇਰਵਿਆਂ ਮੁਤਾਬਕ ਜੁਲਾਈ, 2021 ਵਿਚ ਗੌਰਵਦੀਪ ਸਿੰਘ ਨੂੰ ਹੁਰਓਂਟਾਰੀਓ ਸਟਰੀਟ ਨੇੜੇ ਚੋਰੀ ਦੀ ਗੱਡੀ ਵਿਚ ਘੁੰਮਦਿਆਂ ਦੇਖਿਆ ਗਿਆ ਸੀ। ਪੀਲ ਪੁਲੀਸ ਨੇ ਦੱਸਿਆ ਕਿ ਉਸ ਨੇ ਪੁਲੀਸ ਦੀ ਕਰੂਜ਼ਰ ਨੂੰ 'ਜਾਣਬੁੱਝ ਕੇ ਟੱਕਰ ਮਾਰੀ ਤੇ ਇਸ ਨੂੰ ਆਪਣੇ ਬਚਾਅ ਖਾਤਰ ਸੜਕ ਤੋਂ ਹੇਠਾਂ ਲਾਹੁਣ ਦੀ ਕੋਸ਼ਿਸ਼ ਕੀਤੀ।' ਪੁਲੀਸ ਮੁਤਾਬਕ ਉਸ ਨੇ ਇਹ ਸਭ ਜਾਣਬੁੱਝ ਕੇ ਆਪਣੇ ਬਚਾਅ ਲਈ ਕੀਤਾ। ਇਸ ਤੋਂ ਬਾਅਦ ਉਸ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਕੱਢੇ ਗਏ ਤੇ ਪਿਛਲੇ ਮਹੀਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਗੌਰਵਦੀਪ ਉਤੇ 12 ਦੋਸ਼ ਲਾਏ ਗਏ ਹਨ ਜਿਨ੍ਹਾਂ ਵਿਚ ਵਾਹਨ ਚੋਰੀ ਕਰਨਾ ਵੀ ਸ਼ਾਮਲ ਹੈ।

# ਸੰਯੁਕਤ ਕਿਸਾਨ ਮੋਰਚਾ ਨੇ ਸੂਬੇ ਦੇ ਸੰਸਦ ਮੈਂਬਰਾਂ ਨੂੰ ਸੌਂਪੇ ਚਿਤਾਵਨੀ-ਪੱਤਰ

## ਪੰਜਾਬ ਦੀਆਂ ਕਿਸਾਨ-ਜਥੇਬੰਦੀਆਂ ਵੱਲੋਂ ਕਿਸਾਨ-ਅੰਦੋਲਨ ਦੀ ਵਰ੍ਹੇਗੰਢ ਮੌਕੇ ਵੱਖ-ਵੱਖ ਥਾਵਾਂ 'ਤੇ ਭਰਵੇਂ ਇਕੱਠ

**ਚੰਡੀਗੜ੍ਹ (ਦਲਜੀਤ ਕੌਰ)–** ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਪੰਜਾਬ ਦੀਆਂ 33 ਕਿਸਾਨ-ਜਥੇਬੰਦੀਆਂ ਵੱਲੋਂ ਸੂਬੇ ਦੇ ਸੰਸਦ ਮੈਂਬਰਾਂ ਨੂੰ ਚਿਤਾਵਨੀ-ਪੱਤਰ ਸੌਂਪਦਿਆਂ 29 ਦਸੰਬਰ ਤੱਕ ਚੱਲਣ ਵਾਲੇ ਸੰਸਦ ਦੇ ਇਜਲਾਸ ਦੌਰਾਨ ਕਿਸਾਨੀ-ਮਸਲੇ ਜ਼ੋਰ-ਸ਼ੋਰ ਨਾਲ ਉਠਾਉਣ ਲਈ ਕਿਹਾ ਗਿਆ। ਕਿਸਾਨ-ਅੰਦੋਲਨ ਦੀ ਵਰ੍ਹੇਗੰਢ ਮੌਕੇ ਕਿਸਾਨਾਂ ਵੱਲੋਂ ਭਰਵੇਂ ਇਕੱਠ ਕੀਤੇ ਗਏ ਅਤੇ ਸੰਸਦ-ਮੈਂਬਰਾਂ ਦੇ ਦਫ਼ਤਰਾਂ/ਰਿਹਾਇਸ਼ਾਂ ਤੱਕ ਮਾਰਚ ਕਰਦਿਆਂ ਚਿਤਾਵਨੀ ਪੱਤਰ ਸੌਂਪੇ ਗਏ।

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਹਰਿੰਦਰ ਸਿੰਘ ਲੱਖੋਵਾਲ, ਡਾ. ਦਰਸ਼ਨਪਾਲ, ਬੂਟਾ ਸਿੰਘ ਬੁਰਜਗਿੱਲ, ਹਰਮੀਤ ਸਿੰਘ ਕਾਦੀਆਂ, ਨਿਰਭੈ ਸਿੰਘ ਢੁੱਡੀਕੇ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਮਨਜੀਤ ਸਿੰਘ ਰਾਏ, ਬਲਜੀਤ ਸਿੰਘ ਗਰੇਵਾਲ, ਡਾ. ਸਤਨਾਮ ਅਜਨਾਲਾ, ਸਤਨਾਮ ਸਿੰਘ ਬਹਿਰੂ, ਜੰਗਵੀਰ ਸਿੰਘ ਚੌਹਾਨ, ਮੁਕੇਸ਼ ਚੰਦਰ, ਫੁਰਮਾਨ ਸਿੰਘ ਸੰਧੂ, ਬਲਵਿੰਦਰ ਸਿੰਘ ਰਾਜੂ ਔਲਖ, ਬੂਟਾ ਸਿੰਘ ਸ਼ਾਦੀਪੁਰ, ਵੀਰ ਸਿੰਘ ਬੜਵਾ, ਕਿਰਨਜੀਤ ਸਿੰਘ ਸੇਖੋਂ, ਕੁਲਦੀਪ ਸਿੰਘ ਵਜੀਦਪੁਰ, ਬਿੰਦਰ ਸਿੰਘ ਗੋਲੇਵਾਲਾ, ਮਲੂਕ ਸਿੰਘ ਹੀਰਕੇ, ਹਰਦੇਵ ਸਿੰਘ ਸੰਧੂ, ਹਰਜੀਤ ਸਿੰਘ ਰਵੀ, ਨਿਰਵੈਲ ਸਿੰਘ ਡਾਲੇਕੇ, ਰਾਜਵਿੰਦਰ ਕੌਰ, ਗੁਰਬਖਸ਼ ਸਿੰਘ ਬਰਨਾਲਾ, ਕਿਰਪਾ ਸਿੰਘ ਨੱਥੂਵਾਲਾ, ਭੁਪਿੰਦਰ ਸਿੰਘ ਅਤੇ ਕੁਲਵਿੰਦਰ ਸਿੰਘ ਘੁੰਮਣ ਅਤੇ ਹੋਰਨਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੇ 21 ਨਵੰਬਰ 2021 ਨੂੰ ਕੇਂਦਰ ਸਰਕਾਰ ਨੂੰ ਲਿਖੇ ਪੱਤਰ ਵਿੱਚ ਆਪਣੀਆਂ ਛੇ ਲੰਬਿਤ ਮੰਗਾਂ ਵੱਲ ਸਰਕਾਰ ਦਾ ਧਿਆਨ ਖਿੱਚਿਆ ਸੀ। ਇਸ ਦੇ ਜਵਾਬ ਵਿੱਚ, 9 ਦਸੰਬਰ 2021 ਨੂੰ, ਸ਼੍ਰੀ ਸੰਜੇ ਅਗਰਵਾਲ, ਸਕੱਤਰ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਸੰਯੁਕਤ ਕਿਸਾਨ ਮੋਰਚਾ ਨੂੰ ਇੱਕ ਪੱਤਰ (ਸਕੱਤਰ/AFW/2021/iMs/1) ਲਿਖਿਆ। ਇਸ ਪੱਤਰ ਵਿੱਚ ਉਨ੍ਹਾਂ ਸਰਕਾਰ ਦੀ ਤਰਫ਼ੋਂ ਕਈ ਮੁੱਦਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਅਤੇ ਅੰਦੋਲਨ ਵਾਪਸ ਲੈਣ ਦੀ ਅਪੀਲ ਕੀਤੀ। ਸਰਕਾਰ ਦੇ ਇਸ ਪੱਤਰ 'ਤੇ ਭਰੋਸਾ ਕਰਦੇ ਹੋਏ, ਸੰਯੁਕਤ ਕਿਸਾਨ ਮੋਰਚਾ ਨੇ 11 ਦਸੰਬਰ 2021 ਨੂੰ ਦਿੱਲੀ ਦੀਆਂ ਸਰਹੱਦਾਂ 'ਤੇ ਚੱਲ ਰਹੇ ਮੋਰਚੇ ਅਤੇ ਸਾਰੇ ਰੋਸ ਪ੍ਰਦਰਸ਼ਨਾਂ ਨੂੰ ਮੁਅੱਤਲ ਕਰਨ ਦਾ ਫੈਸਲਾ ਕੀਤਾ ਸੀ। ਅੱਜ 12 ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਕਿਸਾਨਾਂ ਨੇ ਇਸ ਪੱਤਰ ਰਾਹੀਂ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਕਿ ਸਾਡੀਆਂ ਪ੍ਰਮੁੱਖ ਸੱਤ ਮੰਗਾਂ ਦੇ ਹੱਕ ਵਿੱਚ ਤੁਸੀਂ ਪਾਰਲੀਮੈਂਟ ਵਿੱਚ ਆਪਣੀ ਆਵਾਜ਼ ਬੁਲੰਦ ਕਰੋ ਅਤੇ ਭਾਰਤ ਦੇ ਕਿਸਾਨਾਂ ਦੀਆਂ ਰਹਿੰਦੀਆਂ ਚਾਰ ਮੰਗਾਂ ਹੋਰ ਤਿੰਨ ਮੰਗਾਂ ਨੂੰ ਹੱਲ ਕਰਨ ਲਈ ਤੁਰੰਤ ਅਤੇ ਠੋਸ ਕਦਮ ਚੁੱਕਣ ਲਈ ਕੇਂਦਰ ਸਰਕਾਰ 'ਤੇ ਦਬਾਅ ਪਾਓ ਜੋ ਮੰਗਪੱਤਰ ਦੇ ਰੂਪ 'ਚ ਹੇਠਾਂ ਸੂਚੀਬੱਧ ਕੀਤੀਆਂ ਗਈਆਂ ਹਨ।

ਕਿਸਾਨ-ਆਗੂਆਂ ਨੇ ਮੰਗ ਕੀਤੀ ਕਿ

1. ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ, C2 + 50% ਫਾਰਮੂਲੇ ਦੇ ਅਨੁਸਾਰ ਸਾਰੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੀ ਅਤੇ ਖਰੀਦ ਦੀ ਗਰੰਟੀ ਦੇਣ ਵਾਲਾ ਕਾਨੂੰਨ ਬਣਾਇਆ ਜਾਵੇ। ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ 'ਤੇ ਬਣਾਈ ਗਈ ਕਮੇਟੀ ਅਤੇ ਇਸ ਦੀਆਂ ਦੱਸੀਆਂ ਗਈਆਂ ਸ਼ਰਤਾਂ ਐੱਸ.ਕੇ.ਐੱਮ. ਦੀਆਂ ਸ਼ਰਤਾਂ ਦੇ ਉਲਟ ਹਨ, ਇਸ ਕਮੇਟੀ ਨੂੰ ਬਰਖਾਸਤ ਕਰਕੇ ਘੱਟੋ-ਘੱਟ



ਸਮਰਥਨ ਮੁੱਲ 'ਤੇ ਇੱਕ ਨਵੀਂ ਕਮੇਟੀ ਦਾ ਮੁੜ ਗਠਨ ਕੀਤਾ ਜਾਣਾ ਚਾਹੀਦਾ ਹੈ, ਜੋ ਐਮਐਸਪੀ ਦੀ ਕਾਨੂੰਨੀ ਗਾਰੰਟੀ ਅਤੇ ਸਾਰੀਆਂ ਫਸਲਾਂ ਦੀ ਖਰੀਦ ਦੀ ਗਾਰੰਟੀ ਲਈ ਕਾਨੂੰਨ ਬਨਾਉਣ ਵਾਸਤੇ, ਕੇਂਦਰ ਸਰਕਾਰ ਦੁਆਰਾ ਕੀਤੇ ਵਾਅਦੇ ਅਨੁਸਾਰ ਕਿਸਾਨਾਂ ਅਤੇ ਐਸ.ਕੇ.ਐਮ ਨੁਮਾਇੰਦੇ ਸ਼ਾਮਲ ਕਰਕੇ ਬਣਾਈ ਜਾਣੀ ਚਾਹੀਦੀ ਹੈ।

2. ਖੇਤੀ ਦੀਆਂ ਲਾਗਤਾਂ ਵਧਣ ਅਤੇ ਫਸਲਾਂ ਦੇ ਲਾਹੇਵੰਦ ਭਾਅ ਨਾ ਮਿਲਣ ਕਾਰਨ, ਭਾਰਤ ਦੇ 80 ਪ੍ਰਤੀਸ਼ਤ ਤੋਂ ਵੱਧ ਕਿਸਾਨ ਵੱਡੇ ਕਰਜਿਆਂ ਵਿੱਚ ਫਸ ਗਏ ਹਨ, ਅਤੇ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ, ਇਸ ਲਈ ਅਸੀਂ ਸਾਰੇ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ਼ ਕਰਨ ਦੀ ਮੰਗ ਕਰਦੇ ਹਾਂ।

3. ਬਿਜਲੀ ਸੋਧ ਬਿੱਲ, 2022 ਨੂੰ ਤੁਰੰਤ ਵਾਪਸ ਲਿਆ ਜਾਵੇ। 9 ਦਸੰਬਰ 2021 ਨੂੰ ਸੰਯੁਕਤ ਕਿਸਾਨ ਮੋਰਚਾ ਨੂੰ ਲਿਖੇ ਇੱਕ ਪੱਤਰ ਵਿੱਚ, ਕੇਂਦਰ ਸਰਕਾਰ ਨੇ ਇੱਕ ਲਿਖਤੀ ਭਰੋਸਾ ਦਿੱਤਾ ਸੀ ਕਿ, "ਬਿਜਲੀ ਸੋਧ ਬਿੱਲ, 2022 ਨੂੰ ਮੋਰਚੇ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਹੀ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ।" ਇਸ ਦੇ ਬਾਵਜੂਦ ਕੇਂਦਰ ਸਰਕਾਰ ਨੇ ਬਿਨਾਂ ਕਿਸੇ ਚਰਚਾ ਤੋਂ ਇਹ ਬਿੱਲ ਸੰਸਦ ਵਿੱਚ ਪੇਸ਼ ਕਰ ਦਿੱਤਾ ਹੈ।

4. i. ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਜ਼ਿਲ੍ਹੇ ਦੇ ਤਿਕੋਨੀਆ ਵਿਖੇ 3 ਅਕਤੂਬਰ, 2021 ਨੂੰ ਚਾਰ ਕਿਸਾਨਾਂ ਅਤੇ ਇੱਕ ਪੱਤਰਕਾਰ ਦੇ ਕਤਲ ਦੇ ਮੁੱਖ ਸਾਜ਼ਿਸ਼ਕਰਤਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਮੰਤਰੀ ਮੰਡਲ ਵਿੱਚੋਂ ਬਰਖਾਸਤ ਕਰੋ ਅਤੇ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾਵੇ।

ii. ਲਖੀਮਪੁਰ ਖੀਰੀ ਕਤਲੇਆਮ ਵਿੱਚ, ਜੇਲ੍ਹਾਂ ਵਿੱਚ ਬੰਦ ਬੇਕਸੂਰ ਚਾਰ ਕਿਸਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਉਨ੍ਹਾਂ ਵਿਰੁੱਧ ਦਰਜ ਕੀਤੇ ਝੂਠੇ ਕੇਸ ਤੁਰੰਤ ਵਾਪਸ ਲਏ ਜਾਣ। ਸਰਕਾਰ ਜ਼ਖਮੀ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦਾ ਆਪਣਾ ਵਾਅਦਾ ਪੂਰਾ ਕਰੇ।

5. ਸਰਕਾਰ ਨੂੰ, ਸੋਕੇ, ਹੜ੍ਹ, ਜ਼ਿਆਦਾ ਮੀਂਹ, ਫਸਲਾਂ ਨਾਲ ਸਬੰਧਤ ਬਿਮਾਰੀਆਂ ਆਦਿ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਸਾਰੀਆਂ ਫਸਲਾਂ ਲਈ ਵਿਆਪਕ ਅਤੇ ਪ੍ਰਭਾਵੀ ਫਸਲ ਬੀਮਾ ਯੋਜਨਾਂ ਲਾਗੂ ਕਰਨੀ ਚਾਹੀਦੀ ਹੈ।

6. ਸਾਰੇ ਦਰਮਿਆਨੇ, ਛੋਟੇ ਅਤੇ ਸੀਮਾਂਤ ਮਰਦ ਅਤੇ ਔਰਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ 10,000 ਰੁਪਏ ਪ੍ਰਤੀ ਮਹੀਨੇ ਦੀ ਕਿਸਾਨ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ।

7. ਕਿਸਾਨ ਅੰਦੋਲਨ ਦੌਰਾਨ ਭਾਜਪਾ ਸ਼ਾਸਤ ਰਾਜਾਂ ਅਤੇ ਹੋਰ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕਿਸਾਨਾਂ ਵਿਰੁੱਧ ਜੋ ਝੂਠੇ ਕੇਸ ਦਰਜ ਕੀਤੇ ਗਏ ਸਨ, ਉਹ ਤੁਰੰਤ ਵਾਪਸ ਲਏ ਜਾਣ। ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਸਾਰੇ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਸਿੰਘੂ ਬਾਰਡਰ 'ਤੇ ਸ਼ਹੀਦ ਕਿਸਾਨਾਂ ਦੀ ਯਾਦਗਾਰ ਬਣਾਉਣ ਲਈ ਜ਼ਮੀਨ ਦੀ ਐਲਾਟ ਕੀਤੀ ਜਾਵੇ।

**ਚਿਤਾਵਨੀ:** ਇਸ ਪੱਤਰ ਰਾਹੀਂ ਦੇਸ਼ ਦਾ ਅੰਨਦਾਤਾ ਤੁਹਾਡੇ ਤੱਕ ਆਪਣੇ ਗੁੱਸੇ ਦਾ ਇਜ਼ਹਾਰ ਕਰਦਾ ਹੈ। ਅਸੀਂ ਤੁਹਾਨੂੰ ਕੇਂਦਰ ਸਰਕਾਰ ਨੂੰ ਉਸਦੇ ਲਿਖਤੀ ਵਾਅਦੇ ਯਾਦ ਕਰਵਾਉਣ ਅਤੇ ਦੇਸ਼ ਦੇ ਕਿਸਾਨਾਂ ਦੀਆਂ ਉਪਰੋਕਤ ਸੱਤ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਲਈ ਬੇਨਤੀ ਕਰਦੇ ਹਾਂ ਅਤੇ ਚਿਤਾਵਨੀ ਵੀ ਦਿੰਦੇ ਹਾਂ ਕਿ ਜੇਕਰ ਤੁਸੀਂ ਸਾਡੀਆਂ ਮੰਗਾਂ ਦੇ ਹੱਕ 'ਚ ਪਾਰਲੀਮੈਂਟ ਅਤੇ ਤੁਹਾਡੀ ਪਾਰਟੀ ਦੇ ਫੋਰਮਾਂ 'ਤੇ ਅਵਾਜ਼ ਨਾ ਬੁਲੰਦ ਕੀਤੀ ਤਾਂ ਅਸੀਂ ਆਪਣੀ ਆਵਾਜ਼ ਤੁਹਾਡੇ ਖਿਲਾਫ਼ ਉਠਾਉਣ ਲਈ ਮਜ਼ਬੂਰ ਹੋਵਾਂਗੇ ਅਤੇ ਤੁਹਾਡੇ ਖਿਲਾਫ ਤੁਹਾਡੇ ਹਲਕੇ ਦੇ ਲੋਕਾਂ ਨੂੰ ਲਾਮਬੰਦ ਕਰਕੇ, ਤੁਹਾਨੂੰ ਤੁਹਾਡੇ ਹਲਕੇ ਵਿੱਚ ਮੀਟਿੰਗਾਂ, ਰੈਲੀਆਂ, ਜਨਤਕ ਮੀਟਿੰਗਾਂ, ਪ੍ਰੋਗਰਾਮ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ।

ਕਿਸਾਨ-ਆਗੂ ਜਗਮੋਹਨ ਸਿੰਘ ਪਟਿਆਲਾ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਦੀ 24 ਦਸੰਬਰ ਨੂੰ ਕਰਨਾਲ 'ਚ ਹੋਣ ਵਾਲੀ ਰਾਸ਼ਟਰੀ ਮੀਟਿੰਗ ਦੌਰਾਨ ਅਹਿਮ ਫੈਸਲੇ ਲਏ ਜਾਣਗੇ।


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਜਾਰਜੀਆ ਦੇ ਦੋ ਵਿਅਕਤੀ ਹੱਤਿਆ ਦੇ ਮਾਮਲੇ ਵਿਚ 25 ਸਾਲ ਜੇਲ ਕੱਟਣ ਉਪਰੰਤ ਹੋਏ ਬਰੀ

**ਸੈਕਰਾਮੈਂਟੋ 13 ਦਸੰਬਰ (ਹੁਸਨ ਲੜੋਆ ਬੰਗਾ)–** ਆਪਣੇ ਦੋਸਤ ਦੀ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਕਟ ਰਹੇ ਜਾਰਜੀਆ ਦੇ ਦੋ ਵਿਅਕਤੀ ਉਨਾਂ ਦੇ ਨਿਰਦੋਸ਼ ਹੋਣ ਸਬੰਧੀ ਨਵੇਂ ਸਬੂਤ ਸਾਹਮਣੇ ਆਉਣ ਤੋਂ ਬਾਅਦ ਬਰੀ ਹੋ ਗਏ ਹਨ ਤੇ ਉਨਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਰਿਹਾਅ ਹੋਏ ਡਾਰੇਲ ਲੀ ਕਲਾਰਕ ਤੇ ਕੇਨ ਜੋਸ਼ੂਆ ਸਟੋਰੀ ਦੇ ਵਕੀਲਾਂ ਨੇ ਦਿੱਤੀ ਹੈ। ਜਿਸ ਸਮੇ ਉਹ 15 ਸਾਲਾ ਨਬਾਲਗ ਬਰੀਅਨ ਬੋਅਲਿੰਗ ਦੀ ਹੱਤਿਆ ਦੇ ਦੋਸ਼ ਵਿਚ ਗ੍ਰਿਫਤਾਰ ਹੋਏ ਸਨ ਉਸ ਸਮੇ ਉਨਾਂ ਦੀ ਉਮਰ 17 ਸਾਲ ਸੀ। ਉਨਾਂ ਨੂੰ 1998 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜਾਰਜੀਆ ਇਨੋਸੈਂਸ ਪ੍ਰਾਜੈਕਟ ਦੇ ਵਕੀਲਾਂ ਕ੍ਰਿਸਟੀਨਾ ਕ੍ਰਿਬਸ ਤੇ ਮੀਗਨ ਹਰਲੇ ਅਨੁਸਾਰ ਬਰੀਅਨ ਦੀ 18 ਅਕਤੂਬਰ,1996 ਨੂੰ ਆਪਣੇ ਪਰਿਵਾਰ ਦੇ ਘਰ ਵਿਚ ਸਿਰ ਵਿਚ ਗੋਲੀ ਵੱਜਣ ਉਪਰੰਤ ਮੌਤ ਹੋ ਗਈ ਸੀ। ਜਾਰਜੀਆ ਇਨੋਸੈਂਸ ਪ੍ਰਾਜੈਕਟ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਨਵੇਂ ਸਬੂਤਾਂ ਨੇ ਸਾਬਤ ਕੀਤਾ ਹੈ ਕਿ ਗੋਲੀ ਚੱਲਣ ਤੋਂ ਪਹਿਲਾਂ ਬੋਅਲਿੰਗ ਨੇ ਆਪਣੀ ਦੋਸਤ ਕੁੜੀ ਨੂੰ ਫੋਨ ਉਪਰ ਦੱਸਿਆ ਸੀ ਕਿ ਉਹ ਗੰਨ ਨਾਲ ਇਕ ਗੇਮ ਖੇਡ ਰਿਹਾ ਹੈ ਜੋ ਗੰਨ ਸਟੋਰੀ ਲੈ ਕੇ ਆਇਆ ਹੈ। ਬੋਅਲਿੰਗ ਕੋਲੋਂ ਅਚਾਨਕ ਗੋਲੀ ਚੱਲਣ ਸਮੇ ਸਟੋਰੀ ਵੀ ਕਮਰੇ ਵਿਚ ਸੀ। ਸ਼ੁਰੂ ਵਿਚ ਸਟੋਰੀ ਵਿਰੁੱਧ ਗੈਰ ਇਰਾਦਾ ਹੱਤਿਆ ਦੇ ਦੋਸ਼ ਲਾਏ ਗਏ ਸਨ ਪਰੰਤੂ ਪੁਲਿਸ ਦੀ ਜਾਂਚ ਉਪਰੰਤ ਬਾਅਦ ਵਿਚ ਹੱਤਿਆ ਦੇ ਦੋਸ਼ ਆਇਦ ਕੀਤੇ ਗਏ। ਦੋ ਗਵਾਹੀਆਂ ਦੇ ਆਧਾਰ 'ਤੇ ਲੀ ਕਲਾਰਕ ਨੂੰ ਵੀ ਇਸ ਮਾਮਲੇ ਵਿਚ ਦੋਸ਼ੀ ਵਜੋਂ ਸ਼ਾਮਿਲ ਕਰ ਲਿਆ ਗਿਆ। ਕੁਝ ਸਮਾਂ ਪਹਿਲਾਂ



ਸ਼ੁਰੂ ਕੀਤੀ ਗਈ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਵਿਚ ਦੋਨੋਂ ਗਵਾਹੀਆਂ ਝੂਠੀਆਂ ਪਾਈਆਂ ਗਈਆਂ ਹਨ ਤੇ ਇਹ ਸਾਬਤ ਹੋ ਗਿਆ ਕਿ ਬੋਅਲਿੰਗ ਦੀ ਮੌਤ ਉਸ ਕੋਲੋਂ ਚੱਲੀ ਅਚਨਚੇਤ ਗੋਲੀ ਕਾਰਨ ਹੋਈ ਸੀ। ਰੋਮ ਜੁਡੀਸ਼ੀਅਲ ਸਰਕਟ ਡਿਸਟ੍ਰਿਕਟ ਅਟਾਰਨੀ ਦਫਤਰ ਤੇ ਫਲਾਇਡ ਕਾਊਂਟੀ ਸੁਪਰੀਅਰ ਕੋਰਟ ਜੱਜ ਜੌਹਨ ਨੀਡਰੈਚ ਵੱਲੋਂ ਉਮਰ ਕੈਦ ਦਾ ਫੈਸਲਾ ਉਲਟਾ ਦੇਣ ਤੇ ਦੋਸ਼ ਰੱਦ ਕਰ ਦੇਣ ਉਪਰੰਤ ਕਲਾਰਕ ਤੇ ਸਟੋਰੀ ਨੂੰ ਰਿਹਾਅ ਕਰ ਦਿੱਤਾ ਗਿਆ।

# ਦਿੱਲੀ ਨਗਰ ਨਿਗਮ 'ਚ ਆਪ ਜਿੱਤੀ, ਹੁਣ ਇੱਕ-ਦੂਜੇ 'ਤੇ ਕੌਂਸਲਰਾਂ ਦੀ ਖ਼ਰੀਦੋ-ਫਰੋਖ਼ਤ ਦੇ ਦੋਸ਼

**ਨਵੀਂ ਦਿੱਲੀ-** ਭਾਜਪਾ ਅਤੇ ਆਮ ਆਦਮੀ ਪਾਰਟੀ ਨੇ ਇੱਕ-ਦੂਜੇ 'ਤੇ ਕੌਂਸਲਰਾਂ ਦੀ ਖ਼ਰੀਦੋ-ਫਰੋਖ਼ਤ ਕਰਨ ਦੀ ਕੋਸ਼ਿਸ਼ ਦੇ ਦੋਸ਼ ਲਾਏ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਆਪ' ਕੌਂਸਲਰਾਂ ਨੂੰ ਭਾਜਪਾ ਦੇ 'ਆਪਰੇਸ਼ਨ ਕਮਲ' ਦਾ ਪਰਦਾਫਾਸ਼ ਕਰਨ ਦਾ ਸੱਦਾ ਦਿੱਤਾ ਹੈ। ਉਧਰ, ਭਾਜਪਾ ਦੇ ਬੁਲਾਰੇ ਸ਼ਹਿਜ਼ਾਦ ਪੂਨਾਵਾਲਾ ਨੇ ਦੋਸ਼ ਲਾਇਆ ਕਿ 'ਆਪ' ਕਾਰਕੁਨਾਂ ਵੱਲੋਂ ਪਾਰਟੀ ਦੇ ਕੌਂਸਲਰਾਂ ਤੱਕ ਪਹੁੰਚ ਕਰ ਕੇ ਉਨ੍ਹਾਂ ਨੂੰ ਖ਼ਰੀਦਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਭਾਜਪਾ ਦੀ ਨਵੀਂ ਚੁਣੀ ਕੌਂਸਲਰ ਡਾ. ਮੋਨਿਕਾ ਪਾਤਰਾ ਤੇ ਪੂਨਾਵਾਲਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ 'ਆਪ' ਆਗੂ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਤੇ ਆਪਣੀ ਪਾਰਟੀ 'ਚ ਸ਼ਾਮਲ ਹੋਣ ਲਈ ਪੈਸੇ ਦੀ ਪੇਸ਼ਕਸ਼ ਕੀਤੀ। ਪਾਰਟੀ ਆਗੂਆਂ ਨੇ ਕਿਹਾ ਕਿ ਦਿੱਲੀ ਭਾਜਪਾ ਇਕਾਈ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਕੋਲ ਸ਼ਿਕਾਇਤ ਦਰਜ ਕਰਵਾਏਗੀ।

ਉਧਰ, 'ਆਪ' ਦੇ ਸੰਸਦ ਮੈਂਬਰ ਸੰਜੈ ਸਿੰਘ ਨੇ ਦੋਸ਼ ਲਾਇਆ, ''ਸਾਡੇ ਕੌਂਸਲਰਾਂ ਨੂੰ ਭਾਰਤੀ 'ਖੋਕਾ' ਪਾਰਟੀ ਵੱਲੋਂ ਫੋਨ ਆਏ ਤੇ ਉਨ੍ਹਾਂ ਨੂੰ ਦਿੱਲੀ ਭਾਜਪਾ ਦੇ ਸੂਬਾ ਪ੍ਰਧਾਨ ਆਦੇਸ਼ ਗੁਪਤਾ ਨੇ ਦੱਸਿਆ ਕਿ ਭਾਜਪਾ ਕੋਲ ਕੌਂਸਲਰਾਂ ਨੂੰ ਖ਼ਰੀਦਣ ਲਈ 100 ਕਰੋੜ ਰੁਪਏ ਦਾ ਬਜਟ ਹੈ।''

'ਆਪ' ਦੇ ਤਿੰਨ ਕੌਂਸਲਰਾਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੋਸ਼ ਲਾਇਆ ਕਿ ਉਨ੍ਹਾਂ ਨੂੰ ਇੱਕ ਵਿਅਕਤੀ ਦਾ ਫੋਨ



ਆਇਆ ਕਿ ਦਿੱਲੀ ਭਾਜਪਾ ਪ੍ਰਧਾਨ ਗੱਲ ਕਰਨਾ ਚਾਹੁੰਦੇ ਹਨ। ਵਾਰਡ 118 ਤੋਂ ਜਿੱਤਣ ਵਾਲੇ ਪਿੰਟੋ ਦੇ ਪਿਤਾ ਡਾ. ਸੋਨਾਕਸ਼ੀ ਨੇ ਦਾਅਵਾ ਕੀਤਾ, ''ਉਨ੍ਹਾਂ ਨੇ ਦੋ ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ। ਜਦੋਂ ਮੈਂ ਇਨਕਾਰ ਕਰ ਦਿੱਤਾ ਤਾਂ 10 ਕਰੋੜ ਰੁਪਏ ਤੱਕ ਚਲੇ ਗਏ।'' 'ਆਪ' ਨਾਲ ਜੁੜੇ ਸੂਤਰਾਂ ਨੇ ਕਿਹਾ ਕਿ ਸ਼ੁਰੂ ਵਿੱਚ ਇੱਕ ਹੋਟਲ ਬੁੱਕ ਕਰਨ ਅਤੇ ਪਾਰਟੀ ਕੌਂਸਲਰਾਂ ਨੂੰ ਪੰਜਾਬ ਭੇਜਣ ਦੀ ਯੋਜਨਾ ਸੀ, ਜੋ ਫਿਲਹਾਲ ਟਾਲ ਦਿੱਤੀ ਗਈ।

**ਭਾਜਪਾ ਨੇ ਐੱਮਸੀਡੀ ਚੋਣਾਂ ਨੂੰ ਬਣਾਇਆ ਸਭ ਤੋਂ ਮੁਸ਼ਕਲ- ਕੇਜਰੀਵਾਲ**

ਨਵੀਂ ਦਿੱਲੀ- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪ੍ਰਚਾਰ ਦੌਰਾਨ ਤਾਇਨਾਤ 'ਭਾਰੀ ਭਾਜਪਾ ਮਸ਼ੀਨਰੀ' ਨੇ ਐੱਮਸੀਡੀ ਚੋਣਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਹੁਣ ਤੱਕ ਲੜੀਆਂ ਸਭ ਤੋਂ ਵੱਧ ਮੁਸ਼ਕਲ ਚੋਣਾਂ ਬਣਾ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਨੇ ਪ੍ਰਚਾਰ ਕਰਨ ਲਈ ਮੀਡੀਆ 'ਤੇ ਦਬਾਅ ਪਾਇਆ। ਕੇਜਰੀਵਾਲ ਨੇ ਨਵੇਂ ਚੁਣੇ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਆਪ' 'ਹਾਂ ਪੱਖੀ' ਸਿਆਸਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਚੋਣ ਬਹੁਤ ਔਖੀ ਸੀ। ਕੁਝ ਲੋਕ ਦਾ ਮੰਨਣਾ ਹੈ ਕਿ ਇਹ ਚੋਣ ਆਸਾਨ ਸੀ ਪਰ ਅਜਿਹਾ ਨਹੀਂ ਸੀ। ਕੇਜਰੀਵਾਲ ਨੇ ਕਿਹਾ, ''ਉਨ੍ਹਾਂ ਸਾਡੇ ਖ਼ਿਲਾਫ਼ ਸਾਜ਼ਿਸ਼ ਰਚੀ ਤੇ ਸਾਡੇ ਵਿਰੁੱਧ ਸਰਕਾਰੀ ਮਸ਼ੀਨਰੀ ਦੀ ਵਰਤੋਂ ਕੀਤੀ, ਇਹ ਸਾਡੇ ਵੱਲੋਂ ਲੜੀਆਂ ਗਈਆਂ ਸਭ ਤੋਂ ਮੁਸ਼ਕਲ ਚੋਣਾਂ ਸਨ।'' ਦਿੱਲੀ ਦੇ ਜੇਲ੍ਹ ਮੰਤਰੀ ਸਤਿੰਦਰ ਜੈਨ ਦੀਆਂ ਕਥਿਤ ਵੀਡੀਓਜ਼ ਦਾ ਹਵਾਲਾ ਦਿੰਦਿਆਂ ਕੇਜਰੀਵਾਲ ਨੇ ਕਿਹਾ, ''ਭਾਜਪਾ ਨੇ ਮੀਡੀਆ 'ਤੇ ਸਾਡੇ ਖ਼ਿਲਾਫ਼ ਪ੍ਰਾਪੇਗੰਡਾ ਕਰਨ ਦਾ ਦਬਾਅ ਪਾਇਆ। ਉਨ੍ਹਾਂ ਨੇ ਮੀਡੀਆ ਨੂੰ ਝਿੜਕਿਆ ਤੇ ਇਸਦੀ ਬਾਂਹ ਮਰੋੜੀ। ਉਨ੍ਹਾਂ ਨੇ ਸਾਡੇ ਵਿਰੁੱਧ ਗ਼ਲਤ ਜਾਣਕਾਰੀ ਵਾਲੀ ਮੁਹਿੰਮ ਚਲਾਈ।''

# ਟਰਾਂਸਪੋਰਟ ਮੰਤਰੀ ਖ਼ਿਲਾਫ਼ ਮਾਣਹਾਨੀ ਦਾ ਕੇਸ ਕਰਨਗੇ ਸੁਖਬੀਰ ਬਾਦਲ

**ਅੰਮ੍ਰਿਤਸਰ (ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਟਰਾਂਸਪੋਰਟ ਮਾਫੀਏ ਦਾ ਨਾਂ ਦੇ ਕੇ ਉਨ੍ਹਾਂ ਨੂੰ ਬਦਨਾਮ ਕਰਨ 'ਤੇ ਟਰਾਂਸਪੋਰਟ ਮੰਤਰੀ ਖ਼ਿਲਾਫ਼ ਮਾਣਹਾਨੀ ਦਾ ਕੇਸ ਕਰਨਗੇ। ਮੀਡੀਆ ਵੀ ਉਨ੍ਹਾਂ ਨੂੰ ਬਦਨਾਮ ਕਰਨ ਲਈ ਟਰਾਂਸਪੋਰਟ ਮਾਫ਼ੀਆ ਦਾ ਨਾਂ ਨਾ ਵਰਤੇ। ਉਨ੍ਹਾਂ ਕਿਹਾ ਕਿ 1947 ਤੋਂ ਉਨ੍ਹਾਂ ਦੇ ਪਰਿਵਾਰ ਦੀ ਟਰਾਂਸਪੋਰਟ ਕੰਪਨੀ ਚੱਲ ਰਹੀ ਹੈ। ਦੁਨੀਆ ਦਾ ਹਰੇਕ ਵੱਡਾ ਕਾਰੋਬਾਰੀ ਟਰਾਂਸਪੋਰਟ ਦਾ ਕੰਮ ਕਰਦਾ ਹੈ। ਉੱਥੇ ਹੀ ਟਰਾਂਸਪੋਰਟ ਮੰਤਰੀ ਦਾ ਕਹਿਣਾ ਹੈ ਕਿ ਨੋਟਿਸ ਤਾਂ ਉਹ ਜਾਰੀ ਕਰਨਗੇ। ਉਨ੍ਹਾਂ ਕਿਹਾ ਕਿ ਬਾਦਲਾਂ ਵੱਲੋਂ ਪੰਜਾਬ 'ਚ ਸਰਕਾਰ ਦੌਰਾਨ ਕੇਂਦਰ ਸਰਕਾਰ ਦੀ ਇਜਾਜ਼ਤ ਦੇ ਬਿਨਾਂ ਟਰਾਂਸਪੋਰਟ ਪਾਲਿਸੀ ਨੂੰ ਆਪਣੇ ਮੁਤਾਬਕ ਸੋਧਿਆ ਤੇ ਆਪਣਿਆਂ ਨੂੰ ਹੀ ਪਰਮਿਟ ਮੁਹੱਈਆ ਕਰਵਾਏ। ਉਨ੍ਹਾਂ ਕਿਹਾ ਕਿ ਅਸੀਂ ਬਾਦਲਾਂ ਨੂੰ ਮਾਫ਼ੀਆ ਨਹੀਂ ਕਿਹਾ। ਹਾਈ ਕੋਰਟ ਨੇ ਵੀ ਇਸ ਨੂੰ ਗ਼ੈਰ-ਕਾਨੂੰਨੀ ਦੱਸਿਆ ਸੀ।

ਦਰਅਸਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦਾ 102 ਸਾਲਾ ਸਥਾਪਨਾ ਦਿਵਸ ਮਨਾਉਂਦੇ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ 'ਦੇ ਪਿਛਲੇ ਪਾਸੇ ਬਾਬਾ ਗੁਰਬਖਸ਼ ਸ਼ਿੰਘ ਜੀ ਸ਼ਹੀਦ ਦੇ ਅਸਥਾਨ 'ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ



ਪਾਏ ਗਏ ਜਿਸ ਉਪਰੰਤ ਕੀਰਤਨ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਡਾ. ਦਲਜੀਤ ਸਿੰਘ ਚੀਮਾ, ਗੁਲਜ਼ਾਰ ਸਿੰਘ ਰਣੀਕੇ, ਗੁਰਚਰਨ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਆਦਿ ਮੌਜੂਦ ਸਨ। ਵਰਣਨਯੋਗ ਹੈ ਕਿ ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦਾਅਵਾ ਕੀਤਾ ਸੀ ਕਿ ਸੂਬਾ ਸਰਕਾਰ ਨੇ ਅਹਿਮ ਫੈਸਲਾ ਲੈਂਦਿਆਂ ਅੰਤਰ-ਰਾਜੀ ਰੂਟਾਂ 'ਤੇ ਬਾਦਲ ਪਰਿਵਾਰ ਤੇ ਵੱਡੇ ਬੱਸ ਆਪਰੇਟਰਾਂ ਦੀਆਂ ਨਿੱਜੀ ਬੱਸਾਂ ਦਾ ਏਕਾਧਿਕਾਰ ਖ਼ਤਮ ਕਰ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਬਾਦਲ ਪਰਿਵਾਰ ਨੇ 2007 ਤੋਂ 2017 ਤੱਕ ਆਪਣੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਆਪਣੇ ਕਥਿਤ ਤੌਰ 'ਤੇ ਨਿੱਜੀ ਕਾਰੋਬਾਰ ਲਈ ਯੋਜਨਾਵਾਂ ਬਣਾਈਆਂ ਤੇ ਬਾਅਦ ਵਿੱਚ ਕਾਂਗਰਸ ਸਰਕਾਰ ਨੇ ਵੀ ਬਾਦਲਾਂ ਦੇ ਟਰਾਂਸਪੋਰਟ ਕਾਰੋਬਾਰ ਚਲਾਉਣ ਵਿੱਚ ਮਦਦ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਇਸੇ ਮਨਸ਼ੇ ਤਹਿਤ 'ਪੰਜਾਬ ਟਰਾਂਸਪੋਰਟ ਸਕੀਮ-2018' ਬਣਾਈ ਗਈ ਜਿਸ 'ਚ ਸਰਕਾਰ ਦੀ ਹਿੱਸੇਦਾਰੀ ਘਟਾ ਕੇ ਵੱਡੇ ਬੱਸ ਆਪਰੇਟਰਾਂ ਨੂੰ ਫ਼ਾਇਦਾ ਪਹੁੰਚਾਇਆ ਗਿਆ। ਇਸ ਦਾ ਸਿੱਧਾ ਲਾਭ ਬਾਦਲ ਪਰਿਵਾਰ ਨੂੰ ਮਿਲਿਆ ਤੇ ਚੰਡੀਗੜ੍ਹ ਵਿੱਚ ਬਾਦਲ ਪਰਿਵਾਰ ਦੀਆਂ ਬੱਸਾਂ ਦਾ ਦਾਖ਼ਲਾ ਲਗਾਤਾਰ ਜਾਰੀ ਰਿਹਾ। ਇਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਵੱਡੀ ਪੱਧਰ 'ਤੇ ਢਾਹ ਲਾਈ ਜਾਂਦੀ ਰਹੀ। ਕੈਬਨਿਟ ਮੰਤਰੀ ਨੇ ਦੱਸਿਆ ਕਿ 'ਪੰਜਾਬ ਟਰਾਂਸਪੋਰਟ ਸਕੀਮ-2018' ਵਿੱਚ ਸੋਧ ਕਰ ਕੇ ਇਸ ਨੂੰ 'ਪੰਜਾਬ ਟਰਾਂਸਪੋਰਟ (ਸੋਧ) ਸਕੀਮ-2022' ਕਰ ਦਿੱਤਾ ਗਿਆ ਹੈ।

# ਆਮ ਆਦਮੀ ਪਾਰਟੀ ਨੇ ਪੰਜਾਬੀਆਂ ਨੂੰ ਝੂਠ ਵਿੱਚ ਉਲਝਾ ਕੇ ਉਹਨਾਂ ਦੇ ਆਤਮ ਸਨਮਾਨ ਤੇ ਮਾਰੀ ਸੱਟ- ਅਸ਼ਵਨੀ ਸ਼ਰਮਾ

**ਚੰਡੀਗੜ੍ਹ-** ਪੰਜਾਬ ਭਾਜਪਾ ਦੇ ਪ੍ਰਭਾਰੀ ਬਨਣ ਤੋਂ ਪੰਜਾਬ ਦੇ ਦੋ ਦਿਨਾਂ ਦੌਰੇ 'ਤੇ ਚੰਡੀਗੜ੍ਹ ਪੁੱਜੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਭਾਜਪਾ ਪੰਜਾਬ ਇੰਚਾਰਜ ਸ੍ਰੀ ਵਿਜੇ ਰੁਪਾਣੀ ਜੀ ਨੇ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਭਰਨ ਵਾਸਤੇ ਲਗਾਤਾਰ ਅਲੱਗ ਅਲੱਗ ਅਹੁਦੇਦਾਰਾਂ ਤੇ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ। ਇਸ ਮੋਕੇ ਤੇ ਉਹਨਾਂ ਨਾਲ ਮੰਚ 'ਤੇ ਸੂਬਾ ਪ੍ਰਧਾਨ ਅਸਵਨੀ ਸ਼ਰਮਾ, ਸੰਗਠਨ ਮਹਾਮੰਤਰੀ ਸ਼੍ਰੀਮੰਤਰੀ ਨਿਵਾਸਲੂ, ਸਹਿ ਸੂਬਾ ਪ੍ਰਭਾਰੀ ਨਰਿੰਦਰ ਰੈਣ, ਗੁਰਪ੍ਰੀਤ ਸਿੰਘ ਕਾਂਗੜ, ਬਿਕਰਮਜੀਤ ਸਿੰਘ ਚੀਮਾ ਆਦਿ ਵੀ ਹਾਜਰ ਸਨ।

ਵਿਜੇ ਰੁਪਾਨੀ ਨੇ ਹਾਜਰ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਲਾਪਰਵਾਹੀ ਕਰਕੇ ਸੂਬੇ ਦੀ ਸਥਿਤੀ ਡਾਂਵਾਂਡੋਲ ਹੋ ਚੁਕੀ ਹੈ ਪੰਜਾਬ ਪਹਿਲਾਂ ਹੀ ਭਾਰੀ ਕਰਜੇ ਹੇਠ ਦਬਿਆ ਹੋਇਆ ਹੈ ਉਤੋਂ ਆਮ ਆਦਮੀ ਪਾਰਟੀ ਦੀ ਖਾਸ ਸਰਕਾਰ ਦੇ ਮੁਖਮੰਤਰੀ ਭਗਵੰਤ ਮਾਨ ਅਤੇ ਉਹਨਾਂ ਦੇ ਮੰਤਰੀਆਂ ਸਮੇਤ ਕੇਜਰੀਵਾਲ ਨੇ ਵੀ ਵੀਆਈਪੀ ਕਲਚਰ ਨੂੰ ਅਪਨਾ ਕੇ ਪੰਜਾਬ ਦੇ ਸਿਰ ਕਰੀਬ 15,000 ਕਰੋੜ ਦਾ ਹੋਰ ਕਰਜ਼ਾ ਲੈ ਲਿਆ ਹੈ ਜਦਕਿ ਇਹੋ ਕੇਜਰੀਵਾਲ ਅਤੇ ਭਗਵੰਤ ਮਾਨ ਚੋਣਾਂ 'ਚ ਵੀ-ਆਈਪੀ ਕੱਲਚਰ ਨੂੰ ਖਤਮ



ਕਰਨ ਦੇ ਵੱਡੇ-ਵੱਡੇ ਦਾਵੇ ਕਰਦੇ ਸਨੀ ਪੰਜਾਬ ਦੇ ਲੋਕਾਂ ਨੂੰ ਝੂਠੀਆਂ ਗਾਰੰਟੀਆਂ ਦੇ ਕੇ ਸੂਬੇ ਦੀ ਸੱਤਾ ਤੇ ਕਬਜਾ ਕੀਤਾ ਅਤੇ ਹੁਣ ਜੱਦ ਸੂਬੇ ਦੀ ਜਨਤਾ ਮੁਖਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਕੋਲੋਂ ਉਹਨਾਂ ਨਾਲ ਕੀਤੇ ਗਏ ਝੂਠੇ ਵਾਦਿਆਂ ਨੂੰ ਪੂਰਾ ਕਰਨ ਲਈ ਜਵਾਬ ਮੰਗਦੀ ਹੈ ਤਾਂ ਇਹ ਆਗੂ ਉਹਨਾਂ ਕੋਲੋਂ ਆਪਣਾ ਮੂੰਹ ਲੁਕਾਉਂਦੇ ਫਿਰਦੇ ਹਨ। ਵਿਜੇ ਰੁਪਾਨੀ ਨੇ ਕਿਹਾ ਕਿ ਪੰਜਾਬ ਦੇ ਵੋਟਰਾਂ ਦੀ ਆਸ ਹੁਣ ਸਿਰਫ ਭਾਜਪਾ ਤੇ ਟਿਕੀ ਹੋਈ ਹੈ ਉਹਨਾਂ ਵਰਕਰਾਂ ਨੂੰ ਦੇਸ਼ ਸੇਵਾ ਅਤੇ ਜਨਤਾ ਦੇ ਹਿੱਤ ਵਿੱਚ ਆਪੋ ਆਪਣੀ ਜਿੰਮੇਵਾਰੀ ਸਮਝਦੇ ਹੋਏ ਅੱਜ ਤੋ ਹੀ 2024 ਦੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿਚ ਜੁਟ ਜਾਣ ਲਈ ਅਪੀਲ ਕੀਤੀ। ਉਹਨਾਂ ਕਿਹਾ ਕਿ ਆਉਦੀਆਂ ਲੋਕ ਸਭਾ ਚੋਣਾਂ ਵਿੱਚ 13 ਦੀਆਂ 13 ਲੋਕ ਸਭਾ ਸੀਟਾਂ ਜਿੱਤ ਕੇ ਪੰਜਾਬ ਵਾਸੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜਬੂਤ ਕਰਨ ਅਤੇ ਫਿਰ ਦੇਸ ਦਾ ਪ੍ਰਧਾਨ ਮੰਤਰੀ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਨ। ਤਾਂ ਜੋ ਪੰਜਾਬ ਦਾ ਵੀ ਗੁਜਰਾਤ ਵਾਂਗ ਸਰਬਪੱਖੀ ਵਿਕਾਸ ਹੋ ਸਕੇ ਉਹਨਾਂ ਵਰਕਰਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਲੋਕ ਵਿਸ਼ਵ ਦੇ ਸ਼ਕਤੀਸ਼ਾਲੀ ਨੇਤਾ ਦੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀਆਂ ਨੀਤੀਆਂ ਨੂੰ ਬਹੁਤ ਪਸੰਦ ਕਰ ਰਹੇ ਹਨ। ਉਹ ਸਮਝ ਚੁੱਕੇ ਹਨ ਕਿ ਭਾਜਪਾ ਹੀ ਪੰਜਾਬ ਦਾ ਵਿਕਾਸ ਕਰ ਸਕਦੀ ਹੈ, ਪੰਜਾਬ ਬਾਰਡਰ ਸਟੇਟ ਹੋਣ ਨਾਤੇ ਨਸ਼ਿਆਂ ਤੇ ਵਿਗੜਦੀ ਕਨੂੰਨ ਵਿਵਸਥਾ ਬਾਰੇ ਚਿੰਤਤ ਪੰਜਾਬ ਦੀ ਜਨਤਾ ਆਉਦੀਆ ਲੋਕ ਸਭਾ ਚੋਣਾਂ ਵਿੱਚ ਸਾਰੀਆਂ ਦੀਆਂ ਸਾਰੀਆਂ ਸੀਟਾਂ ਤੇ ਭਾਜਪਾ ਦੇ ਉਮੀਦਵਾਰਾਂ ਨੂੰ ਜਿਤਾ ਕੇ ਲੋਕਾਂ ਸਭਾ ਵਿੱਚ ਭੇਜਣ ਦਾ ਮਨ ਬਣਾ ਚੁੱਕੀ ਹੈ



ਭਾਰਤੀ ਜਨਤਾ ਪਾਰਟੀ ਜਲੰਧਰ ਦਿਹਾਤੀ ਉੱਤਰੀ ਦੀ ਮੀਟਿੰਗ ਮੰਡਲ ਪਤਾਰਾ ਵਿਖੇ ਰਾਜ ਕੁਮਾਰ ਜੋਗੀ ਦੀ ਪ੍ਰਧਾਨਗੀ ਹੇਠ ਪਿੰਡ ਪਤਾਰਾ ਵਿੱਚ ਹੋਈ। ਮੀਟਿੰਗ ਚ' ਭਾਜਪਾ ਪੰਜਾਬ ਦੇ ਨਵਨਿਯੁਕਤ ਜਰਨਲ ਸਕੱਤਰ ਸ਼੍ਰੀ ਰਾਜੇਸ਼ ਬਾਘਾ ਜੀ ਵਿਸ਼ੇਸ਼ ਤੌਰ ਤੇ ਪਹੁੰਚੇ ਤੇ ਪਾਰਟੀ ਵਰਕਰਾਂ ਵੱਲੋਂ ਬਾਘਾ ਜੀ ਦਾ ਸਵਾਗਤ ਤੇ ਸਨਮਾਨ ਕੀਤਾ ਗਿਆ। ਮੀਟਿੰਗ ਵਿੱਚ ਸ. ਅਮਰਜੀਤ ਸਿੰਘ ਅਮਰੀ ਪ੍ਰਧਾਨ ਭਾਜਪਾ ਜਲੰਧਰ ਤੇ ਸ਼੍ਰੀ ਅਰੁਣ ਸ਼ਰਮਾ ਜੀ ਮੈਂਬਰ ਭਾਜਪਾ ਪ੍ਰਦੇਸ਼ ਕਾਰਜਕਾਰਨੀ ਪੰਜਾਬ ਵੀ ਖਾਸ ਤੌਰ ਤੇ ਪਹੁੰਚੇ ਸਨ। ਦੋਵਾਂ ਨੇ ਬਾਘਾ ਜੀ ਬਾਰੇ ਬੋਲਦਿਆਂ ਕਿਹਾ ਕਿ ਉਹ ਇੱਕ ਪਾਰਟੀ ਦਾ ਮੇਹਨਤੀ ਤੇ ਜਮੀਨ ਨਾਲ ਸਬੰਧ ਰੱਖਣ ਵਾਲਾ ਵਰਕਰ ਹੈ ਤੇ ਜੋ ਮਾਨ ਸਤਿਕਾਰ ਪਾਰਟੀ ਨੇ ਉਹਨਾਂ ਨੂੰ ਦਿੱਤਾ ਹੈ ਇਸ ਲਈ ਪਾਰਟੀ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਇਸ ਮੌਕੇ ਬਾਘਾ ਜੀ ਵੱਲੋਂ ਭਾਜਪਾ ਦੇ ਵਰਕਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਦੀ ਦਿਹਾਤੀ ਇਲਾਕਿਆਂ ਵਿੱਚ ਮਜਬੂਤੀ ਦਿਨ ਰਾਤ ਇੱਕ ਕਰ ਦੇਵਾਂਗਾ ਅਤੇ ਭਾਜਪਾ ਆਉਣ ਵਾਲੀਆਂ 2024 ਦੀਆਂ ਚੋਣਾਂ ਵਿੱਚ 13 ਦੀਆਂ 13 ਸੀਟਾਂ ਪੰਜਾਬ ਚ' ਭਾਜਪਾ ਹੀ ਜਿੱਤੇਗੀ ਤੇ ਬਾਘਾ ਜੀ ਨੇ ਭਾਜਪਾ ਦੀ ਗੁਜਰਾਤ ਵਿੱਚ ਇਤਿਹਾਸਕ ਜਿੱਤ ਲਈ ਵਰਕਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਸ਼ੋਤਮ ਗੋਗੀ, ਸੰਦੀਪ ਵਰਮਾਂ, ਮਨਜੀਤ ਬਿੱਲਾ, ਪਰਵਿੰਦਰ ਸਿੰਘ ਵਾਲਿਆਂ, ਸੁਖਵਿੰਦਰ ਚੀਮਾ, ਜਸਵੀਰ ਕਲੇਰ, ਮਨਦੀਪ ਵਰਮਾਂ, ਇੰਦਰਜੀਤ ਕਲੇਰ, ਬੁੱਗਾ ਕੋਟਲੀ, ਗੁਰਜੀਤ ਬਾਘਾ, ਪਵਨ ਪੰਠਤ, ਅਮਰਜੀਤ ਗੱਗੂ, ਜਸਪਾਲ ਕੋਟਲੀ, ਸ਼ੁੱਭਮ ਵਰਮਾਂ, ਪਰਮਿੰਦਰ ਮੱਖਣ, ਵਿਜੈ ਕੁਮਾਰ, ਤੇ ਭਿੰਦੀ ਆਦਿ ਹਾਜਰ ਸਨ।

# ਬੁੱਧ ਵਿਹਾਰ ਵਿਖੇ "ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ" ਅਧਿਕਾਰਾਂ ਦੀ ਰਾਖੀ ਲਈ ਮਨਾਇਆ





**ਜਲੰਧਰ-** ਬੁੱਧ ਵਿਹਾਰ ਟਰੱਸਟ (ਰਜਿ.) ਦੇ ਅਹੁਦੇਦਾਰਾਂ ਨੇ "ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ" ਸੋਫੀ ਪਿੰਡ ਵਿਖੇ ਮਨਾਇਆ। ਇਸ ਮੌਕੇ ਐਡਵੋਕੇਟ ਹਰਭਜਨ ਦਾਸ ਸਾਂਪਲਾ, ਚਮਨ ਲਾਲ ਸਾਂਪਲਾ ਸੇਵਾ ਮੁਕਤ ਲੈਕਚਰਾਰ ਨੇ ਕਿਹਾ ਕਿ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਿਵਸ 10 ਦਿਸੰਬਰ ਨੂੰ ਸਾਰੇ ਸੰਸਾਰ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਤੇ ਜਾਗਰੂਕਤਾ ਲਈ ਮਨਾਇਆ ਜਾਂਦਾ ਹੈ। ਸੰਨ 1948 ਵਿੱਚ ਸੰਸਾਰ ਦੇ ਸਾਰੇ ਦੇਸ਼ਾਂ ਦੇ ਪ੍ਰਤੀਨਿਧੀਆਂ ਨੇ ਇਕੱਠੇ ਹੋ ਕੇ ਯੂ ਐੱਨ ਓ ਵਿੱਚ ਮਤਾ ਪਾਸ ਕੀਤਾ ਤੇ ਸਾਰੇ ਦੇਸ਼ਾਂ ਦੇ ਪ੍ਰਤੀਨਿਧੀਆਂ ਨੂੰ ਮਨੁੱਖੀ ਅਧਿਕਾਰਾਂ ਉਪਰ ਚੱਲਣ ਲਈ ਵਚਨਬੱਧ ਕੀਤਾ ਗਿਆ। ਭਾਰਤ ਦੇ ਸਵਿਧਾਨ ਵਿਚ ਵੀ ਇਨ੍ਹਾਂ ਸਾਰੇ ਅਧਿਕਾਰਾਂ ਨੂੰ ਮੌਲਿਕ ਅਧਿਕਾਰਾਂ ਵਜੋਂ ਦਰਜ ਕਰ ਕੇ ਭਾਰਤ ਦੇ ਲੋਕਾਂ ਨੂੰ ਵੀ ਇਹ ਅਧਿਕਾਰ ਦਿੱਤੇ ਗਏ ਹਨ। ਇਸ ਮੌਕੇ ਡਾ. ਅਵਿਨਾਸ਼ ਚੰਦਰ, ਡਾ. ਗੁਰਪਾਲ ਚੌਹਾਨ, ਗੌਤਮ ਸਾਂਪਲਾ, ਲਹਿੰਬਰ ਰਾਮ, ਸਿਧਾਰਥ, ਨਿਸ਼ਾਤ, ਰਾਮ ਲਾਲ, ਬਰੁਣ, ਸਿਮਰੋ, ਨਰੇਸ਼ ਕੁਮਾਰ, ਗੁਲਸ਼ਨ, ਸਰਬਜੀਤ ਕੌਰ, ਰਾਜ ਵਿੰਦਰ ਕੌਰ ਤੇ ਹੋਰ ਹਾਜ਼ਰ ਸਨ।

**- ਮਹਿੰਦਰ ਰਾਮ ਫੁੱਗਲਾਣਾ**

# ਡਾ. ਬੀ. ਆਰ. ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ







**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**- ਗਰੀਬਾਂ ਦੇ ਹਮਦਰਦ ਅਤੇ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਭਾਰਤ ਰਤਨ ਡਾ. ਭੀਮ ਰਾਓ ਜੀ ਦਾ ਪ੍ਰੀਰਿਨਵਾਣ ਪਿੰਡ ਸੇਲਕੀਆਣਾ ਵਿਖੇ ਡਾ ਬੀਆਰ ਅੰਬੇਡਕਰ ਸੋਸਾਇਟੀ ਅਤੇ ਪਿੰਡ ਵਾਸੀਆਂ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ ਪਿੰਡ ਵਾਸੀਆਂ ਵਲੋਂ ਬਾਬਾ ਸਾਹਿਬ ਜੀ ਦੀ ਤਸਵੀਰ ਤੇ ਹਾਰ ਪਾਕੇ ਸ਼ਰਧਾਜਲੀ ਭੇਂਟ ਕੀਤੀ ਗਈ ਤੇ ਇਸ ਪ੍ਰੀਨਿਰਵਾਣ ਦਿਵਸ ਮੋਕੇ ਡਾ ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਦੀਪਕ ਰਸੂਲਪੁਰੀ, ਐਡਵੋਕੇਟ ਸੰਜੀਵ ਕੁਮਾਰ ਭੌਰਾ, ਅਧਿਆਪਕ ਸੁਰਿੰਦਰ ਪੁਆਰੀ, ਜਗਤਾਰ ਕਲੇਰ ਬੱਗਾ ਬੰਗੜ, ਸਿੰਗਾਰਾ ਰਾਮ ਤੋਂ ਇਲਾਵਾ ਹੋਰ ਬੁਲਾਰਿਆਂ ਨੇ ਭਾਰਤ ਰਤਨ ਡਾ. ਭੀਮ ਰਾਓ ਜੀ ਦੀ ਜੀਵਨੀ ਅਤੇ ਉਨਾਂ ਵਲੋਂ ਕੀਤੇ ਗਏ ਸ਼ੰਘਰਸ਼ ਬਾਰੇ ਜਿਕਰ ਕੀਤਾ ਗਿਆ ਤੇ ਉਨਾਂ ਕਿਹਾ ਅਗਰ ਡਾ ਭੀਮ ਰਾਓ ਸਾਹਿਬ ਸੰਵਿਧਾਨ ਨਾ ਲਿਖਦੇ ਤਾਂ ਸ਼ਾਇਦ ਸਾਡਾ ਸਮਾਜ ਅੱਜ ਵੀ ਗੁਲਾਮ ਹੀ ਰਹਿਣਾ ਸੀ ਤੇ ਸਾਡੀ ਜਿੰਦਗੀ ਪਸ਼ੂਆਂ ਤੋਂ ਵੀ ਭੈੜੀ ਹੋਣੀ ਸੀ ਤੇ ਆਪਣੇ ਸਮਾਜ ਦੇ ਲੋਕਾਂ ਦੀ ਤਰਾਸਦੀ ਨੂੰ ਦੇਖਦੇ ਹੋਏ ਬਾਬਾ ਡਾ ਭੀਮ ਰਾਓ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਕਰਕੇ ਉਸ ਵਿੱਚ ਨਾਗਰਿਕਾਂ ਦੇ ਕੀ ਅਧਿਕਾਰ ਹਨ ਉਨਾਂ ਬਾਰੇ ਜਿਕਰ ਕੀਤਾ ਤੇ ਅੱਜ ਉਨਾ ਅਧਿਕਾਰਾਂ ਦੀ ਬਦੋਲਤ ਹੀ ਸਾਡੇ ਜੀਵਨ 'ਚ ਸੁਧਾਰ ਆਉਣਾ ਸ਼ੁਰੂ ਹੋਇਆ ਇਹ ਸਭ ਡਾ ਬੀਆਰ ਅੰਬੇਡਕਰ ਸਾਹਿਬ ਜੀ ਦੀ ਦੇਣ ਹੈ ਤੇ ਸਾਨੂੰ ਜੋ ਉਨਾਂ ਨੇ ਉਪਦੇਸ਼ ਦਿਤੇ ਹਨ ਉਨਾਂ ਤੇ ਚੱਲਣਾ ਚਾਹੀਦਾ ਹੈ ਤਾਂਹੀ ਅਸੀ ਦੇਸ਼ ਦੇ ਚੰਗੇ ਨਾਗਰਿਕ ਬਣ ਸਕਦੇ ਹਾਂ ਤੇ ਡਾ ਭੀਮ ਰਾਓ ਜੀ ਮਹਾਨ ਸ਼ਖਸ਼ੀਅਤ ਅਤੇ ਯੁੱਗ ਪੁਰਸ਼ ਹਨ। ਇਸ ਮੋਕੇ ਰਾਜ ਕੁਮਾਰ, ਸੋਢੀ ਸੁਮਨ, ਬੀਰ ਚੰਦ, ਕਸ਼ਮੀਰ ਰਾਮ, ਅਮਰਨਾਥ, ਬੱਲੀ ਖੁਤਣ,ਜਗਜੀਤ ਸਿੰਘ ਮਨਦੀਪ ਕਟਾਰੀਆ, ਰਾਹੁਲ, ਪ੍ਰੀਤ ਬੰਗੜ, ਅਮਰੀਕ ਰਾਮ, ਤਰਸੇਮ ਲਾਲ, ਲਵੀ ਡਾ ਰਾਣਾ, ਅਮਨ ਬੰਗੜ, ਬਲਜੀਤ ਕਾਦਰੀ ਆਦਿ ਹਾਜਰ ਸਨ।

## ਪ੍ਰੀ ਨਿਰਵਾਣ ਦਿਵਸ ਮੋਕੇ ਕੀਤੇ ਸ਼ਰਧਾ ਦੇ ਫੁੱਲ ਭੇਂਟ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**- ਬਲਾਕ ਔੜ ਦੇ ਇਤਿਹਾਸਕ ਪਿੰਡ ਝਿੰਗੜਾਂ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ.ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਪ੍ਰੀਨਿਰਵਾਣ ਯੂਥ ਵੈਲਫੇਅਰ ਸੁਸਾਇਟੀ ਤੇ ਪਿੰਡ ਵਾਸੀਆਂ ਵਲੋਂ ਬੜੀ ਸ਼ਰਧਾ ਨਾਲ ਮਨਾਇਆ ਗਿਆ ਇਸ ਮੋਕੇ ਬਾਬਾ ਸਾਹਿਬ ਜੀ ਦੇ ਸਟੈਚੂ ਤੇ ਪਿੰਡ ਵਾਸੀਆਂ ਨੇ ਹਾਰ ਪਾਕੇ ਸ਼ਰਧਾਂਜਲੀ ਅਰਪਿਤ ਕੀਤੀ ਤੇ ਇਸ ਸਮਾਗਮ ਮੋਕੇ ਪਹੁੰਚੇ ਵੱਖ ਵੱਖ ਬੁਲਾਰਿਆਂ ਨੇ ਬਾਬਾ ਸਾਹਿਬ ਜੀ ਦੇ ਜੀਵਨ ਅਤੇ ਉਨਾਂ ਵਲੋਂ ਆਪਣੇ ਸਮਾਜ ਦੇ ਲੋਕਾਂ ਨੂੰ ਸੰਵਿਧਾਨਕ ਹੱਕਾਂ ਲਈ ਕੀਤੇ ਗਏ ਸ਼ੰਘਰਸ਼ ਬਾਰੇ ਚਾਨਣਾ ਪਾਇਆ ਤੇ ਆਖਿਆ ਕਿ ਸਾਨੂੰ ਉਸ ਮਹਾਨ ਪੁਰਸ਼ ਦੇ ਦਿਤੇ ਹੋਏ ਉਪਦੇਸ਼ਾਂ ਤੇ ਚੱਲਣਾ ਚਾਹੀਦਾ ਹੈ ਤੇ ਲੋੜਬੰਦ ਲੋਕਾਂ ਦੀ ਮਦਦ ਲਈ ਹਮੇਸ਼ਾਂ ਅੱਗੇ ਆਉਣਾ ਚਾਹੀਦਾ ਹੈ।

ਇਸ ਮੋਕੇ ਜਸਵੀਰ ਸਿੰਘ ਰੱਲ, ਸੁਰਜੀਤ ਸਿੰਘ ਗਿੱਲ, ਠੇਕੇਦਾਰ ਗੁਰੰਵਿਦਰ ਸਿੰਘ ਮੈਂਟੂ, ਜਸਕਰਨ ਸਿੰਘ,ਹਰਜਿੰਦਰ ਕੁਮਾਰ, ਸੁਰਿੰਦਰ ਪਾਲ ਢੰਡਾ,ਰੋਸ਼ਨ ਲਾਲ, ਹਰਪ੍ਰੀਤ ਸਿੰਘ, ਜਸਪਾਲ ਸਿੰਘ,ਜਰਨੈਲ ਸਿੰਘ ਸੋਮ ਨਾਥ ਗੁਰਦੇਵ ਰਾਮ, ਕਾਕਾ ਰੱਲ, ਪ੍ਰੀਤ ਰੱਲ ਆਦਿ ਹਾਜਰ ਸਨ।

## ਕੋਰ ਕਮੇਟੀ ਦਾ ਮੈਂਬਰ ਚੁਣੇ ਜਾਣ ਤੇ ਵਿਧਾਇਕ ਡਾ ਸੁੱਖੀ ਦਾ ਸਨਮਾਨ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**- ਸ਼੍ਰੋਮਣੀ ਅਕਾਲੀ ਦਲ ਵਲੋਂ ਹਲਕਾ ਵਿਧਾਨ ਸਭਾ ਬੰਗਾ ਤੋਂ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਨੂੰ ਕੋਰ ਕਮੇਟੀ ਦਾ ਨਿਯੁਕਤ ਕੀਤਾ ਗਿਆ ਡਾ ਸੁਖਵਿੰਦਰ ਕੁਮਾਰ ਸੁੱਖੀ ਵਲੋਂ ਅਕਾਲ ਪੁਰਖ ਸ਼ੁਕਰਾਨਾ ਕਰਨ ਵਾਸਤੇ ਪਾਤਸ਼ਾਹੀ ਛੇਵੀ ਇਤਿਹਾਸਕ ਧਾਰਮਿਕ ਸਥਾਨ ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਸ਼ੁਕਰਾਨਾ ਸਮਾਗਮ ਕਰਵਾਏ ਗਏ ਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਜਿਸ ਵਿੱਚ ਹਲਕਾ ਬੰਗਾ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੀ ਸਮੁੱਚੀ ਲੀਡਰ ਸਿੱਪ ਪਹੁੰਚੀ ਅਤੇ ਵਿਧਾਇਕ ਡਾ ਸੁੱਖੀ ਨੂੰ ਮੁਬਾਰਕ ਬਾਦ ਦਿਤੀ ਅਤੇ ਡਾ ਸੁੱਖੀ ਵਲੋਂ ਸਮੁੱਚੀ ਹਾਈ ਕਮਾਂਡ ਦਾ ਅਤੇ ਖਾਸ ਕਰਕੇ ਬੰਗਾ ਹਲਕੇ ਦੀ ਸਮੂੰਹ ਲੀਡਰ ਸਿੱਪ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਆਖਿਆਂ ਕਿ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਨੇ ਮੇਰੇ ਤੇ ਯਕੀਨ ਕਰਕੇ ਜੋ ਜਿਮੇਵਾਰੀ ਮੈਨੂੰ ਦਿਤੀ ਗਈ ਹੈ ਇਸ ਨੂੰ ਮੈਂ ਪਹਿਲ ਦੇ ਅਧਾਰ ਤੇ ਨਿਭਾਵਾਂਗਾ ਤੇ ਬੰਗਾ ਦੀ ਸਾਰੀ ਟੀਮ ਨੂੰ ਨਾਲ ਲੈ ਕੇ ਚੱਲਾਂਗਾ ਉਨਾ ਸੂਬੇ ਦੇ ਮੋਜੂਦਾ ਹਲਾਤਾਂ ਤੇ ਆਪ ਸਰਕਾਰ ਤੇ ਤੰਜ ਕੱਸਦਿਆਂ ਆਖਿਆਂ ਕਿ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋਏ ਪਏ ਹਨ ਕਿਓਕਿ ਅਮਨ ਸ਼ਾਤੀ ਬਿਲਕੁਲ ਭੰਗ ਹੋ ਚੁੱਕੀ ਹੈ ਤੇ ਆਪ ਦੀ ਸਾਰੀ ਲੀਡਰ ਸ਼ਿੱਪ ਗੁਜਰਾਤ ਚ ਡੇਰੇ ਲਾਕੇ ਬੈਠੀ ਹੈ ਤੇ ਇਸ ਟਾਇਮ ਆਪ ਦੇ ਲੀਡਰਾਂ ਨੂੰ ਪੰਜਾਬ ਦੀ ਕੋਈ ਫਿਕਰ ਨਹੀਂ ਹੈ ਤੇ ਸਾਰਾ ਪੰਜਾਬ ਅੱਜ ਲਵਰਾਸ ਹੋਇਆ ਪਿਆ ਉਨਾਂ ਕਿਹਾ ਕਿ ਸਾਨੂ ਆਪਣੇ ਪੰਜਾਬ ਦੀ ਸਾਂਭ ਸੰਭਾਲ ਕਰਨ ਦੀ ਲੋੜ ਹੈ ਸੂਬੇ ਦੇ ਲੋਕਾਂ ਨੇ ਤੁਹਾਨੂੰ ਪੰਜਾਬ ਨੂੰ ਹੋਰ ਖੁਸ਼ਹਾਲ ਕਰਨ ਦਾ ਮੋਕਾ ਦਿਤਾ ਤੁਸੀ ਕਦੇ ਹਿਮਾਚਲ ਤੇ ਕਦੇ ਗੁਜਰਾਤ ਚ ਘੁੰਮ ਰਹੇ ਹੋ ਅਗਰ ਪੰਜਾਬ ਚ ਕੋਈ ਅਣਸੁਖਾਵੀ ਘਟਨਾ ਹੋ ਜਾਵੇ ਤਾਂ ਉਸ ਦਾ ਜਿੰਮੇਵਾਰ ਕੋਣ ਹੋਵੇਗਾ।

ਆਪ ਦੇ ਲੀਡਰ ਆਪਣੇ ਪੰਜਾਬ ਦੀ ਫਿਕਰ ਕਰਨ ਵੈਸੇ ਵੀ ਆਮ ਆਦਮੀ ਪਾਰਟੀ ਵਲੋਂ ਸਰਕਾਰ ਚਲਾਉਣਾ ਵੱਸ ਦੀ ਗੱਲ ਨਹੀਂ ਹੈ ਤੇ ਗੁਜਰਾਤ ਅਤੇ ਹਿਮਾਚਲ ਦੇ ਲੋਕਾਂ ਨੇ ਆਪ ਦੇ ਲੀਡਰਾਂ ਨੂੰ ਨਕਾਰ ਦਿਤਾ ਗਿਆ ਇਸ ਮੋਕੇ ਪ੍ਰਵੀਨ ਬੰਗਾ,ਸੋਹਣ ਲਾਲ ਢੰਡਾ, ਬੁਧ ਸਿੰਘ ਬਲਾਕੀਪੁਰ, ਜੀਤ ਰਾਮ ਭਾਟੀਆ ਆਦਿ ਹਾਜਰ ਸਨ।

## ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਤਹਿਤ ਜਾਗਰੂਕ ਕੈਂਪ ਲਗਾਇਆ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ



ਤਹਿਤ ਸ਼੍ਰੀਮਤੀ ਕਮਲੇਸ਼ ਰਾਣੀ ਸੀ.ਡੀ.ਪੀ.ਓ ਪਠਾਨਕੋਟ ਅਤੇ ਮਿਸ ਨੀਰੂ ਬਾਲਾ ਪੋਸਟ ਮਾਸਟਰ ਸਿਵਲ ਕੋਰਟ ਪਠਾਨਕੋਟ (ਜੁਡੀਸ਼ੀਅਲ ਕੋਰਟ ਕੰਪਲੈਕਸ ਨੇੜੇ ਛੋਟੀ ਨਹਿਰ) ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਵਾਰਡ ਨੰ.45 ਧੀਰਾ ਪਠਾਨਕੋਟ ਵਿਖੇ ਜਾਗਰੂਕ ਕੈਂਪ ਲਗਾਇਆ ਗਿਆ ਜਿਸ ਵਿੱਚ ਪੋਸਟ ਮਾਸਟਰ ਨੀਰੂ ਬਾਲਾ ਨੇ ਲੋਕਾਂ ਨੂੰ ਸੁਕੰਨਿਆ ਸਮ੍ਰਿਧੀ ਖਾਤੇ ਬਾਰੇ ਜਾਣਕਾਰੀ ਦਿੱਤੀ।

ਸਕੀਮ ਬਾਰੇ ਪਤਾ ਲੱਗਣ ਤੋਂ ਬਾਅਦ ਲੋਕਾਂ ਨੇ ਆਪਣੀਆਂ ਧੀਆਂ ਦੇ ਖਾਤੇ ਖੋਲ੍ਹੇ। ਪੋਸਟ ਮਾਸਟਰ ਨੇ ਪੋਸਟ ਆਫਿਸ ਸੇਵਿੰਗ ਸਕੀਮਾਂ ਪੇਸ਼ ਕੀਤੀਆਂ ਜਿਸ ਵਿੱਚ ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਲਈ ਬੱਚਤ ਖਾਤਾ/ਆਰਡੀ/ਟਾਈਮ ਡਿਪਾਜ਼ਿਟ/ ਐਨਐਸਸੀ/ ਕੇਵੀਪੀ/ ਪੀਪੀਐਫ/ ਸੀਨੀਅਰ ਸਿਟੀਜ਼ਨ ਖਾਤਾ, ਪੋਸਟ ਆਫਿਸ ਲਾਈਫ ਇੰਸ਼ੋਰੈਂਸ (ਪੀਐਲਆਈ) ਅਤੇ ਪੇਂਡੂ ਡਾਕ ਜੀਵਨ ਬੀਮਾ (ਆਰਪੀਐਲਆਈ) ਸ਼ਾਮਲ ਹਨ। ਪਿੰਡ ਵਾਸੀਆਂ ਨੂੰ ਆਰਪੀਐਲਆਈ ਬਾਰੇ ਜਾਣਕਾਰੀ ਦਿੱਤੀ ਤੇ ਡਾਕ ਸਬੰਧੀ ਦਿੱਤੀ ਜਾ ਰਹੀ ਸਹੂਲਤ ਬਾਰੇ ਵਿਦੇਸ਼ ਵਿੱਚ ਰਹਿੰਦੇ ਰਿਸ਼ਤੇਦਾਰਾ ਨੂੰ ਡਾਕ ਘਰ ਤੋਂ ਸਪੀਡ ਪੋਸਟ ਪਾਰਸਲ ਘੱਟ ਕੀਮਤ ਵਿੱਚ ਭੇਜਣ ਬਾਰੇ ਦੱਸਿਆ ਗਿਆ। ਇਸ ਮੌਕੇ ਆਂਗਣਵਾੜੀ ਸੁਪਰਵਾਈਜ਼ਰ ਜਸਵੰਤ ਕੌਰ ਅਤੇ ਆਂਗਣਵਾੜੀ ਵਰਕਰਾਂ ਪ੍ਰੇਮ ਲਤਾ, ਮਮਤਾ ਰਾਣੀ, ਗੇਂਦਾ ਕੁਮਾਰੀ, ਡਾ. ਬਬੀਤਾ, ਅਯੋਧਿਆ ਦੇਵੀ, ਸੰਤੋਸ਼ ਕੁਮਾਰ ਹਾਜ਼ਰ ਸਨ।

## ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਠਾਨਕੋਟ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੋਜਵਾਨਾਂ ਲਈ ਹੋ ਰਹੀਆਂ ਹਨ ਵਰਦਾਨ ਸਾਬਿਤ-- ਰੋਜ਼ਗਾਰ ਅਫਸਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਦੀ ਮੁਹਿੰਮ ਘਰ-ਘਰ ਰੋਜ਼ਗਾਰ ਤਹਿਤ ਪੰਜਾਬ ਸੂਬੇ ਦੇ ਹਰੇਕ ਜਿਲ੍ਹੇ ਵਿਚ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਸਥਾਪਿਤ ਕੀਤੇ ਗਏ ਹਨ ਅਤੇ ਰੋਜਗਾਰ ਬਿਉਰੋ ਵਿੱਚ ਪੰਜਾਬ ਸਰਕਾਰ ਵਲੋਂ ਅਨੇਕਾਂ ਤਰ੍ਹਾਂ ਦੀਆਂ ਪੜ੍ਹੇ ਲਿਖੇ ਬੇਰੋਜਗਾਰ ਨੋਜਵਾਨਾਂ ਨੂੰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜੋ ਪੰਜਾਬ ਦੇ ਪੜ੍ਹੇ ਲਿਖੇ ਨੋਜਵਾਨਾਂ ਲਈ ਰੋਜ਼ਗਾਰ ਬਿਉਰੋ ਵਰਦਾਨ ਸਾਬਿਤ ਹੋ ਰਹੇ ਹਨ। ਇਹ ਜਾਣਕਾਰੀ ਸ੍ਰੀ ਰਮਨ ਜਿਲ੍ਹਾ ਰੋਜਗਾਰ ਅਫਸਰ ਪਠਾਨਕੋਟ ਵੱਲੋਂ ਦਿੱਤੀ ਗਈ।



ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਘਰ-ਘਰ ਰੋਜਗਾਰ ਸਕੀਮ ਤਹਿਤ ਬੇ-ਰੋਜ਼ਗਾਰ ਪ੍ਰਾਰਥੀਆਂ ਲਈ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਪਲੇਸਮੈਂਟ ਸ਼ਾਖਾ ਦੁਆਰਾ ਬੱਚਿਆਂ ਨੂੰ ਸਰਕਾਰੀ / ਪ੍ਰਾਈਵੇਟ ਨੌਕਰੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਪਲੇਸਮੈਂਟ ਕੈਂਪਾਂ ਦੁਆਰਾ ਬੱਚਿਆਂ ਦੇ ਨੌਕਰੀਆਂ ਦੇ ਉਪਰਾਲੇ ਕੀਤੇ ਜਾ ਰਹੇ ਹਨ।ਬੱਚਿਆਂ ਨੂੰ ਇਸ ਬਿਊਰੋ ਰਾਹੀਂ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਤਹਿਤ ਚਲਦੇ ਹੁਨਰ ਵਿਕਾਸ ਦੇ ਕੋਰਸਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਜੋ ਬੱਚੇ ਹੁਨਰ ਸਿਖਲਾਈ ਲੈ ਕੇ ਨੌਕਰੀ / ਕਾਰੋਬਾਰ ਦੇ ਯੋਗ ਹੋ ਸਕਣ।

ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਸਰਕਾਰ ਦੀਆਂ ਸਵੈ ਰੋਜ਼ਗਾਰ ਦੀਆਂ ਸਕੀਮਾਂ ਬਾਰੇ ਜਾਣਕਾਰੀ ਮੌਕੇ ਤੇ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਜੋ ਪ੍ਰਾਰਥੀਆਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਵਿੱਚ ਕੋਈ ਪਰੇਸ਼ਾਨੀ ਨਾ ਹੋਵੇ। ਇਸ ਬਿਊਰੋ ਵਿਖੇ ਬੱਚਿਆਂ ਦੀ ਹਰ ਪਹਿਲੂ ਤੋਂ ਕਾਊਂਸਲਿੰਗ ਕਰਕੇ ਉਸ ਦੀ ਰੁੱਚੀ ਅਨੁਸਾਰ ਭਵਿੱਖ ਵਿੱਚ ਕੀ ਕਰਨਾ ਚਾਹੀਦਾ ਹੈ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ।ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ,ਪਠਾਨਕੋਟ ਵਿੱਚ ਬੀ.ਪੀ.ਓ. ਸੈਕਟਰ ਲਈ ਪ੍ਰਾਰਥੀਆਂ ਨੂੰ ਸੋਫਟ ਸਕਿਲ ਟ੍ਰੇਨਿੰਗ ਪ੍ਰਦਾਨ ਕੀਤੀ ਜਾਂਦੀ ਹੈ। ਹੋਰ ਵਧੇਰੇ ਜਾਣਕਾਰੀ ਲਈ ਰੋਜ਼ਗਾਰ ਬਿਊਰੋ ਪਠਾਨਕੋਟ ਦੇ ਹੈਲਪਲਾਈਨ ਨੰਬਰ 7657825214 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਠਾਨਕੋਟ ਪੁਲਿਸ ਦੀ "ਗਨ ਕਲਚਰ ਖਿਲਾਫ ਵੱਡੀ ਕਾਰਵਾਈ"

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਅਤੇ ਡੀ.ਜੀ.ਪੀ ਪੰਜਾਬ ਸ਼੍ਰੀ ਗੌਰਵ ਯਾਦਵ ਆਈ.ਪੀ.ਐਸ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਠਾਨਕੋਟ ਪੁਲਿਸ ਨੇ ਜ਼ਿਲ੍ਹਾ ਪਠਾਨਕੋਟ ਵਿੱਚ ਦੋ ਤੋਂ ਵੱਧ ਅਸਲਾ ਰੱਖਣ, ਅਪਰਾਧਿਕ ਦੋਸ਼ਾਂ, ਮੌਤ ਦੇ ਕੇਸਾਂ ਅਤੇ ਹੋਰ ਸ਼੍ਰੇਣੀਆਂ ਅਧੀਨ 477 ਵਿਅਕਤੀਆਂ ਦੇ ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਸੀਨੀਅਰ ਪੁਲਿਸ ਕਪਤਾਨ (ਐਸਐਸਪੀ) ਹਰਕਮਲ ਪ੍ਰੀਤ ਸਿੰਘ ਖੱਖ ਨੇ ਇੱਕ ਪ੍ਰੈਸ ਨੋਟ ਵਿੱਚ ਦੱਸਿਆ ਕਿ ਪੰਜਾਬ ਵਿੱਚ ਬੰਦੂਕ ਨਾਲ ਸਬੰਧਤ ਹਿੰਸਾ ਨੂੰ ਰੋਕਣ ਲਈ, ਸਰਕਾਰ ਨੇ ਜ਼ਿਲ੍ਹੇ ਵਿੱਚ ਹੁਣ ਤੱਕ ਜਾਰੀ ਕੀਤੇ ਸਾਰੇ ਅਸਲਾ ਲਾਇਸੈਂਸਾਂ ਦੀ ਸਮੀਖਿਆ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਨੇ ਜ਼ਿਲ੍ਹਾ ਕੁਲੈਕਟਰ ਤੋਂ ਨਿੱਜੀ ਤੌਰ 'ਤੇ ਤਸਦੀਕ ਕੀਤੇ ਬਿਨਾਂ ਨਵੇਂ ਲਾਇਸੈਂਸ ਜਾਰੀ ਕਰਨ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ। ਬੰਦੂਕ ਹਿੰਸਾ ਨੂੰ ਰੋਕਣ ਲਈ ਰਾਜ ਵੱਲੋਂ ਹਾਲ ਹੀ ਦੇ ਮਹੀਨਿਆਂ ਵਿੱਚ ਇਹ ਸਭ ਤੋਂ ਵੱਡੀ ਕਾਰਵਾਈ ਹੈ। ਇਸ ਹਿੰਸਾ ਨੂੰ ਰੋਕਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇਸ ਮੁਹਿੰਮ ਵਿੱਚ ਲਾਇਸੰਸਸ਼ੁਦਾ ਹਥਿਆਰਾਂ ਦੀ ਤਸਦੀਕ ਦੇ ਨਾਲ-ਨਾਲ ਲਾਇਸੰਸਧਾਰੀ ਪਤਿਆਂ ਦੀ ਤਸਦੀਕ ਸ਼ਾਮਲ ਹੈ।

ਐਸ. ਐਸ. ਪੀ. ਖੱਖ ਨੇ ਦੱਸਿਆ ਕਿ ਥਾਣਿਆਂ ਦੇ ਰਿਕਾਰਡ ਅਨੁਸਾਰ ਜ਼ਿਲ੍ਹੇ ਵਿੱਚ ਕਰੀਬ 3279 ਅਸਲਾ ਲਾਇਸੰਸ ਹਨ ਅਤੇ ਪਠਾਨਕੋਟ ਦੇ ਸਾਰੇ ਥਾਣਿਆਂ ਨੂੰ ਡੀਐਸਪੀ ਰੈਂਕ ਦੇ ਅਧਿਕਾਰੀਆਂ ਵਿੱਚ ਵੰਡਿਆ ਗਿਆ ਹੈ, ਜਿਨ੍ਹਾਂ ਨੂੰ ਪੂਰਾ ਕਰਨ ਲਈ ਸਬੰਧਤ ਐਸ.ਐਚ.ਓ ਨੂੰ ਸਮਾਂ ਦਿੱਤਾ ਗਿਆ ਹੈ। ਇਹ ਤਸਦੀਕ ਅਭਿਆਸ ਸਾਰੀਆਂ ਪੁਲਿਸ ਟੀਮਾਂ ਦੁਆਰਾ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕੀਤਾ ਗਿਆ ਹੈ। ਪੜਤਾਲ ਤੋਂ ਬਾਅਦ ਪਠਾਨਕੋਟ ਪੁਲਿਸ ਨੇ 477 ਅਸਲਾ ਲਾਇਸੈਂਸ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਹੈ।ਲਾਇਸੈਂਸ ਰੱਦ ਕਰਨ ਦਾ ਮੁੱਖ ਕਾਰਨ 41 ਅਸਲਾ ਲਾਇਸੈਂਸ ਧਾਰਕਾਂ ਵਿਰੁੱਧ ਅਪਰਾਧਿਕ ਕੇਸ ਦਰਜ ਸਨ ਅਤੇ 180 ਲਾਇਸੈਂਸ ਧਾਰਕਾਂ ਦੀ ਮੌਤ ਹੋ ਚੁੱਕੀ ਹੈ, ਦਿਲਚਸਪ ਗੱਲ ਇਹ ਹੈ ਕਿ 250 ਅਸਲਾ ਲਾਇਸੈਂਸ ਧਾਰਕ ਆਪਣੇ ਲਾਇਸੈਂਸ ਰੱਦ ਕਰਨ ਲਈ ਤਿਆਰ ਹਨ ਕਿਉਂਕਿ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਹੈ ਕਿ ਉਹ ਬੁਢਾਪਾ ਜਾਂ ਹੋਰ ਨਿੱਜੀ ਕਾਰਨ ਕਰਕੇ ਹਥਿਆਰ ਰੱਖਣ ਦੇ ਯੋਗ ਨਹੀਂ ਹਨ। ਇਨ੍ਹਾਂ ਵਿੱਚੋਂ ਛੇ ਵਿਅਕਤੀਆਂ ਦੇ ਲਾਇਸੈਂਸ 'ਤੇ ਦੋ ਤੋਂ ਵੱਧ ਹਥਿਆਰ ਪਾਏ ਗਏ ਹਨ, ਜੋ ਅਸਲਾ ਐਕਟ ਵਿੱਚ ਹਾਲ ਹੀ ਵਿੱਚ ਕੀਤੀ ਸੋਧ ਦੇ ਤਹਿਤ ਗੈਰ-ਕਾਨੂੰਨੀ ਹੈ। ਇਸ ਤੋਂ ਇਲਾਵਾ ਗਜ਼ਟਿਡ ਅਧਿਕਾਰੀਆਂ ਵੱਲੋਂ ਜ਼ਿਲ੍ਹੇ ਦੀਆਂ ਸਾਰੀਆਂ ਸੱਤ ਬੰਦੂਕਾਂ ਦੀਆਂ ਦੁਕਾਨਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ ਤਾਂ ਜੋ ਉਨ੍ਹਾਂ ਦੇ ਸਟਾਕ ਅਤੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਜਾ ਸਕੇ। ਆਉਣ ਵਾਲੇ ਦਿਨਾਂ 'ਚ ਵੱਖ-ਵੱਖ ਥਾਵਾਂ 'ਤੇ ਸਮੇਂ-ਸਮੇਂ 'ਤੇ ਛਾਪੇਮਾਰੀ ਕੀਤੀ ਜਾਵੇਗੀ। ਇਹ ਮੁਹਿੰਮ ਜਸ਼ਨ ਮਨਾਉਣ ਵਾਲੀ ਗੋਲੀਬਾਰੀ




ਨੂੰ ਗੈਰ-ਕਾਨੂੰਨੀ ਬਣਾਉਂਦੀ ਹੈ ਕਿਉਂਕਿ ਇਹ ਲੋਕਾਂ ਦੀਆਂ ਜਾਨਾਂ ਨੂੰ ਖਤਰੇ ਵਿੱਚ ਪਾਉਂਦੀ ਹੈ। ਇਸੇ ਦੌਰਾਨ ਐਸਐਸਪੀ ਖੱਖ ਅਨੁਸਾਰ ਪਠਾਨਕੋਟ ਜ਼ਿਲ੍ਹੇ ਵਿੱਚ ਸੋਸ਼ਲ ਮੀਡੀਆ 'ਤੇ ਹਥਿਆਰਾਂ ਦੀ ਵਡਿਆਈ ਕਰਨ ਦਾ ਮਾਮਲਾ ਦਰਜ ਕਰਕੇ ਅਸਲਾ ਜ਼ਬਤ ਕਰਨ ਅਤੇ ਲਾਇਸੈਂਸ ਰੱਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਦੌਰਾਨ ਐਸਐਸਪੀ ਖੱਖ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ, ਸਮਾਜਿਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਸਮਾਗਮਾਂ ਅਤੇ ਹੋਰ ਸਮਾਗਮਾਂ ਸਮੇਤ ਜਨਤਕ ਥਾਵਾਂ 'ਤੇ ਹਥਿਆਰਾਂ ਦੀ ਪ੍ਰਦਰਸ਼ਨੀ ਤੋਂ ਗੁਰੇਜ਼ ਕਰਨ ਕਿਉਂਕਿ ਅਸਲਾ ਐਕਟ ਤਹਿਤ ਹਥਿਆਰਾਂ ਦੀ ਨਿਸ਼ਾਨਦੇਹੀ ਕਰਨਾ ਅਪਰਾਧ ਹੈ।

# ਬਾਲ ਸੁਰੱਖਿਆ ਯੂਨਿਟ ਪਠਾਨਕੋਟ ਨੇ ਜਾਗਰੁਕਤਾ ਕੈਂਪ ਦੋਰਾਨ ਬੱਚਿਆਂ ਨੂੰ ਕੀਤਾ ਜਾਗਰੁਕ



**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਦਫਤਰ ਜਿਲ੍ਹਾ ਬਾਲ ਸੁਰੱਖਿਆ ਯੂਨਿਟ ਪਠਾਨਕੋਟ ਵੱਲੋਂ ਆਈ.ਟੀ. ਨੇਕਸਟ ਜੈਨਰੇਸਨ ਸਕੂਲ ਸਰਨਾ ਵਿਖੇ ਇੱਕ ਜਾਗਰੁਕਤਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਸ੍ਰੀ ਗੋਰਵ ਸਰਮਾ ਬਾਲ ਸੁਰੱਖਿਆ ਅਫਸਰ ਅਤੇ ਗੋਰਵ ਸਰਮਾ ਲੀਗਲ ਅਫਸਰ ਵਿਸੇਸ ਤੋਰ ਤੇ ਹਾਜ਼ਰ ਹੋਏ। ਕੈਂਪ ਦੋਰਾਨ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੀਤਲ ਸਰਮਾ ਅਤੇ ਹੋਰ ਸਟਾਫ ਵੀ ਹਾਜ਼ਰ ਸਨ। ਕੈਂਪ ਦੋਰਾਨ ਬੱਚਿਆਂ ਨੂੰ ਜਾਗਰੁਕ ਕਰਦਿਆਂ ਸ੍ਰੀ ਗੋਰਵ ਸਰਮਾ ਬਾਲ ਸੁਰੱਖਿਆ ਅਫ਼ਸਰ ਨੇ ਆਈ.ਸੀ.ਪੀ.ਐਸ. ਦੀਆਂ ਸਕੀਮਾਂ, ਪੋਕਸੋ ਐਕਟ, ਬਾਲ ਵਿਆਹ, ਬਾਲ ਭਿੱਖਿਆ, ਬਾਲ ਮਜਦੂਰੀ, ਜੁਵੇਨਾਈਲ ਜਸਟਿਸ ਐਕਟ, ਸਪੋਸਰਸਿਪ ਸਕੀਮ ਆਦਿ ਤੋਂ ਜਾਣੂ ਕਰਵਾਇਆ ਗਿਆ। ਇਸ ਮੋਕੇ ਤੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਚਾਈਲਡ ਹੈਲਪਲਾਈਨ 1098 ਦੇ ਬਾਰੇ ਵਿੱਚ ਵੀ ਜਾਣੂ ਕਰਵਾਇਆ।

# ਗੁਰੂ ਜੀ ਤੇਰੇ ਕਰਕੇ ਸਿੰਗਲ ਗੀਤ ਰਿਲੀਜ਼




**ਬੰਗਾ–** ਬਹੁਤ ਪੁਰਾਣੇ ਮਿਸ਼ਨਰੀ ਕਲਾਕਾਰ ਜਸਵਿੰਦਰ ਲੋਹਟੀਆ ਦੀਆਂ ਪਹਿਲਾਂ ਵੀ ਕਈ ਕੈਸਿਟਾਂ ਆ ਚੁੱਕੀਆ ਹਨ। ਜੌ ਕਿ ਗ਼ਰੀਬ ਹਨ ਕਰਕੇ ਇਨੇ ਜ਼ਿਆਦਾ ਪ੍ਰਫੁੱਲਿਤ ਨਹੀਂ ਹੋਣੀਆ। ਹੁਣ ਜਸਵਿੰਦਰ ਨੇ ਗੁਰੂ ਜੀ ਤੇਰੇ ਕਰਕੇ ਸਿੰਗਲ ਟਰੈਕ ਜਾਰੀ ਕੀਤਾ ਹੈ। ਉਹਨਾਂ ਦੇ ਇਸ ਸਿੰਗਲ ਟਰੈਕ ਨੂੰ ਰਲੀਜ਼ ਸੰਤ ਕੁਲਵੰਤ ਦਾਸ ਭਰੋਮਜਰਾ ਵਾਲਿਆਂ ਨੇ ਕੀਤਾ ਅਤੇ ਸੰਗਤਾਂ ਨੂੰ ਪੂਰਨ ਪਿਆਰ ਦੇਵ ਦੀ ਗੱਲ ਕਹੀ। ਇਸ ਮੌਕੇ ਚਰਨਜੀਤ ਸਲ੍ਹਾ, ਹਰਜਿੰਦਰ ਸਿੰਘ, ਜੋਗਾ ਰਾਮ, ਕੁਲਵਿੰਦਰ ਕੌਰ, ਸਾਬਕਾ ਸਰਪੰਚ ਹਰਜਿੰਦਰ ਕੌਰ, ਹਰਜਿੰਦਰ ਸਿੰਘ ਬਲਾਕ ਸੰਮਤੀ ਮੈਂਬਰ, ਹਰਬਲਾਸ ਬਸਰਾ ਅਤੇ ਹੋਰ ਸੰਗਤਾਂ ਹਾਜਰ ਸਨ।

# ਲੇਬਰ ਪਾਰਟੀ ਦੇ ਭਾਰਤੀ ਸਾਂਸਦ ਦੇ ਅਸਤੀਫੇ ਬਾਅਦ ਜ਼ਿਮਨੀ ਮੌਕਾ ਮਿਲਣ 'ਤੇ ਨੈਸ਼ਨਲ ਪਾਰਟੀ ਉਮੀਦਵਾਰ ਜੇਤੂ

## ਟਾਮਾ ਪੋਟਾਕਾ ਨੇ 6629 ਵੋਟਾਂ ਲੈ ਕੇ ਜਿੱਤ ਹਾਸਿਲ ਕੀਤੀ



ਹਮਿਲਟਨ ਵੈਸਟ ਹਲਕੇ ਦੇ ਨੈਸ਼ਨਲ ਪਾਰਟੀ ਦੇ ਸਾਂਸਦ ਸ੍ਰੀ ਟਾਮਾ ਪੋਟਾਕਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–**ਹਮਿਲਟਨ ਵੈਸਟ ਜ਼ਿਮਨੀ ਚੋਣ ਇਸ ਵਾਰ ਨੈਸ਼ਨਲ ਪਾਰਟੀ ਦੇ ਲਈ ਬੈਸਟ ਰਹੀ ਹੈ। ਅੱਜ ਜ਼ਿਮਨੀ ਚੋਣਾਂ ਦੇ ਆਏ ਨਤੀਜਿਆਂ ਵਿਚ ਨੈਸ਼ਨਲ ਪਾਰਟੀ ਦੇ ਉਮੀਦਵਾਰ ਸ੍ਰੀ ਟਾਮਾ ਪੋਟਾਕਾ 6629 ਵੋਟਾਂ ਲੈ ਕੇ ਜਿੱਤ ਹਾਸਿਲ ਕਰ ਗਏ। ਵਰਨਣਯੋਗ ਹੈ ਕਿ ਇਹ ਸੀਟ ਭਾਰਤੀ ਸਾਂਸਦ ਸ੍ਰੀ ਗੌਰਵ ਸ਼ਰਮਾ ਦੇ ਅਸਤੀਫੇ ਬਾਅਦ ਖਾਲੀ ਹੋਈ ਸੀ। ਲੇਬਰ ਪਾਰਟੀ ਦੀ ਇਥੋਂ ਇਕ ਮਹਿਲਾ ਉਮੀਦਵਾਰ ਜੀਓਰਜੀਆ ਡੈਂਸੇ ਸੀ, ਜੋ ਕਿ 4344 ਵੋਟਾਂ ਲੈ ਸਕੀ। ਐਕਟ ਪਾਰਟੀ ਦੇ ਮੈਕ ਡੋਵਾਲ 1462 ਵੋਟਾਂ ਲੈ ਕੇ ਤੀਜੇ ਨੰਬਰ ਉਤੇ ਰਹੇ ਅਤੇ ਸ੍ਰੀ ਗੌਰਵ ਸ਼ਰਮਾ 1156 ਵੋਟਾਂ ਲੈ ਕੇ ਚੌਥੇ ਨੰਬਰ ਉਤੇ ਰਹੇ। ਨੈਸ਼ਨਲ ਪਾਰਟੀ ਨੇਤਾ ਸ੍ਰੀ ਕ੍ਰਿਸਟੋਫਰ ਲਕਸ਼ਨ ਨੇ ਖੁਦ ਜਾ ਕੇ ਆਪਣੀ ਖੁਸ਼ੀ ਸਾਂਝੀ ਕੀਤੀ ਹੈ ਅਤੇ ਰਾਜਨੀਤਕ ਗਲਿਆਰਿਆਂ ਦੇ ਵਿਚ ਇਹ ਜਿੱਤ ਆਉਣ ਵਾਲੀਆਂ ਜਨਰਲ ਚੋਣਾਂ ਦੇ ਲਈ ਸੰਕੇਤਕ ਰੂਪ ਵਿਚ ਵੇਖੀ ਜਾ ਰਹੀ ਹੈ। ਟਾਮਾ ਦੇ ਮਾਤਾ(ਮਾਓਰੀ)–ਪਿਤਾ (ਗੋਰਾ) ਸਕੂਲ ਅਧਿਆਪਕ ਸਨ। ਇਸ ਦੀ ਪੜ੍ਹਾਈ ਹੰਟਲੀ ਵਿਖੇ ਹੋਈ ਹੈ। 1993 ਦੇ ਵਿਚ ਟਾਪ ਮਾਓਰੀ ਸੈਕੰਡਰੀ ਸਕੂਲ ਸਕਾਲਰ ਵੀ ਰਿਹਾ। ਵਿਕਟੋਰੀਆ ਯੂਨੀਵਰਸਿਟੀ ਤੋਂ ਇਸਨੇ ਲਾਅ ਕੀਤਾ ਤੇ ਫਿਰ 5 ਸਾਲ ਬਾਅਦ ਨਿਊਯਾਰਕ ਵੀ ਕੋਲੰਬੀਆ ਯੂਨੀਵਰਸਿਟੀ ਪੜ੍ਹਨ ਗਿਆ। ਪੜ੍ਹਾਈ ਕੀਤੀ ਅਤੇ ਅਟਾਰਨੀ ਬਣਿਆ। ਅੱਜ ਰਾਤ ਨੈਸ਼ਨਲ ਪਾਰਟੀ ਦੇ ਹੋਏ ਸਮਾਗਮ ਵਿਚ ਆਜ਼ਾਦ ਚੋਣ ਲੜ ਰਹੇ ਪਰ ਹਾਰ ਗਏ ਉਮੀਦਵਾਰ ਸ੍ਰੀ ਗੌਰਵ ਸ਼ਰਮਾ ਵੀ ਉਨ੍ਹਾਂ ਨੂੰ ਵਧਾਈ ਦੇਣ ਪਹੁੰਚੇ।

ਸ. ਕੰਵਲਜੀਤ ਸਿੰਘ ਬਖਸ਼ੀ ਹੋਰਾਂ ਦਿੱਤੀ ਵਧਾਈ: ਸਾਬਕਾ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਹੋਰਾਂ ਨੇ ਹਮਿਲਟਨ ਵੈਸਟ ਤੋਂ ਨੈਸ਼ਨਲ ਪਾਰਟੀ ਦੇ ਉਮੀਦਵਾਰ ਸ੍ਰੀ ਟਾਮਾ ਪੋਟਾਕਾ ਦੀ ਜਿੱਤ ਉਤੇ ਵਧਾਈ ਭੇਜੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਟਾਮਾ ਹਮਿਲਟਨ ਵੈਸਟ ਦੇ ਲੋਕਾਂ ਦੀ ਤਾਕਤਵਰ ਆਵਾਜ਼ ਬਨਣਗੇ। ਭਾਰਤੀ ਭਾਈਚਾਰੇ ਦੇ ਨਾਲ ਤਾਲਮੇਲ ਦੇ ਲਈ ਸ. ਬਖਸ਼ੀ ਨੇ ਚੋਣ ਪ੍ਰਚਾਰ ਦੌਰਾਨ ਉਨਾਂ ਦਾ ਕਾਫੀ ਸਾਥ ਦਿੱਤਾ ਸੀ। ਪਿਛਲੇ ਹਫਤੇ ਸ੍ਰੀ ਟਾਮਾ ਟੋਪਾਕਾ ਹਮਿਲਟਨ ਦੇ ਗੁਰਦੁਆਰਾ ਸਾਹਿਬ ਵੀ ਸ. ਬਖਸ਼ੀ ਦੇ ਨਾਲ ਗਏ ਸਨ।

# ਯੂਕੇ: ਸਾਲ 2022 ਦੌਰਾਨ ਇਹ ਕਾਰਾਂ ਹੋਈਆਂ ਸਭ ਤੋਂ ਵੱਧ ਚੋਰੀ





**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਵਿੱਚ ਹਰ ਸਾਲ ਹਜ਼ਾਰਾਂ ਹੀ ਕਾਰਾਂ ਚੋਰੀ ਹੁੰਦੀਆਂ ਹਨ। ਜੇਕਰ ਸਾਲ 2022 ਦੀ ਗੱਲ ਕੀਤੀ ਤਾਂ ਡੀ ਵੀ ਐੱਲ ਏ ਦੁਆਰਾ ਜਾਰੀ ਕੀਤੇ ਨਵੇਂ ਅੰਕੜਿਆਂ ਨੇ ਯੂਕੇ ਵਿੱਚ ਇਸ ਸਾਲ ਦੇ ਸਭ ਤੋਂ ਵੱਧ ਚੋਰੀ ਹੋਏ ਕਾਰਾਂ ਦੇ ਮਾਡਲਾਂ ਦਾ ਖੁਲਾਸਾ ਕੀਤਾ ਹੈ। ਇਹਨਾਂ ਅੰਕੜਿਆਂ ਅਨੁਸਾਰ ਫੋਰਡ ਫਿਏਸਟਾ ਕਾਰ ਇਸ ਸਾਲ ਦੀ ਸਭ ਤੋਂ ਵੱਧ ਚੋਰੀ ਹੋਈ ਕਾਰ ਹੈ। ਫੋਰਡ ਕੰਪਨੀ ਦੇ ਇਸ ਮਾਡਲ ਦੀਆਂ ਕੁੱਲ 5,724 ਕਾਰਾਂ 2022 ਵਿੱਚ ਯੂਕੇ ਵਿੱਚ ਚੋਰੀ ਹੋਈਆਂ ਹਨ। ਸੋਸਾਇਟੀ ਆਫ਼ ਮੋਟਰ ਮੈਨੂਫੈਕਚਰਰਜ਼ ਐਂਡ ਟਰੇਡਰਜ਼ (SSMT) ਦੇ ਅਨੁਸਾਰ, ਪਿਛਲੇ ਮਹੀਨੇ ਸਭ ਤੋਂ ਵੱਧ ਵਿਕਣ ਵਾਲੀ ਕਾਰ ਵੀ ਫੋਰਡ ਫਿਏਸਟਾ ਹੀ ਸੀ। ਇਸਦੇ ਨਾਲ ਹੀ ਦੂਜੀ ਸਭ ਤੋਂ ਵੱਧ ਚੋਰੀ ਹੋਈ ਕਾਰ ਲੈਂਡ ਰੋਵਰ ਰੇਂਜ ਰੋਵਰ ਹੈ, ਜਿਸਦੀ ਗਿਣਤੀ ਇਸ ਸਾਲ 5,209 ਲਈ ਗਈ ਹੈ। ਜਦਕਿ ਤੀਜੇ ਨੰਬਰ 'ਤੇ ਹੈ ਫੋਰਡ ਫੋਕਸ ਜੋ ਕਿ 2022 ਵਿੱਚ ਹੁਣ ਤੱਕ 2,048 ਚੋਰੀ ਹੋ ਚੁੱਕੀਆਂ ਹਨ। ਇਹ ਜਾਣਕਾਰੀ ਰਿਵਰਵੇਲ ਲੀਜ਼ਿੰਗ ਦੁਆਰਾ ਧੜਓ ਨੂੰ ਇਨਫਰਮੇਸਨ ਆਫ ਫਰੀਡਮ (FOI) ਦੀ ਬੇਨਤੀ ਕਰਨ ਤੋਂ ਬਾਅਦ ਸਾਹਮਣੇ ਆਈ।

ਰਿਵਰਵੇਲ ਦੇ ਸੀ ਈ ਓ ਅਤੇ ਆਟੋਮੋਟਿਵ ਮਾਹਿਰ ਵਿਨਸ ਪੇਮਬਰਟਨ ਨੇ ਕਿਹਾ ਕਿ ਕੀ-ਰਹਿਤ ਕਾਰ ਚੋਰੀ, ਜਿਸ ਨੂੰ ਰਿਲੇਅ ਚੋਰੀ ਕਿਹਾ ਜਾਂਦਾ ਹੈ, ਤੇਜ਼ੀ ਨਾਲ ਵਧਦੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਸ ਨੂੰ ਰੋਕਣਾ ਔਖਾ ਹੈ ਪਰ ਕਾਰ ਮਾਲਕ ਸਿਗਨਲ ਨੂੰ ਬਲੌਕ ਕਰਨ ਲਈ ਬਣਾਏ ਗਏ ਪਾਊਚ ਜਾਂ ਬਾਕਸ ਵਿੱਚ ਆਪਣੀਆਂ ਚਾਬੀਆਂ ਸਟੋਰ ਕਰਕੇ ਪੀੜਤ ਹੋਣ ਦੀਆਂ ਸੰਭਾਵਨਾਵਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਸਟੀਅਰਿੰਗ ਲਾਕ ਅਤੇ ਕਾਰ ਅਲਾਰਮ ਵੀ ਚੋਰਾਂ ਨੂੰ ਕਾਰ ਤੱਕ ਪਹੁੰਚਣ ਅਤੇ ਚੋਰੀ ਕਰਨ ਤੋਂ ਰੋਕਣ ਵਿੱਚ ਮਦਦ ਕਰ ਸਕਦੇ ਹਨ।

# ਸਕਾਟਲੈਂਡ: ਝੀਲਾਂ, ਤਲਾਬਾਂ ਦੇ ਜੰਮੇ ਪਾਣੀ 'ਤੇ ਨਾ ਤੁਰਨ, ਖੇਡਣ ਸੰਬੰਧੀ ਪ੍ਰਸ਼ਾਸ਼ਨ ਵੱਲੋਂ ਚੇਤਾਵਨੀ







**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਵਿੱਚ ਤਾਪਮਾਨ ਦੇ ਮਾਈਨਸ ਵਿੱਚ ਚਲੇ ਜਾਣ ਕਰਕੇ ਖੜ੍ਹਾ ਪਾਣੀ ਜੰਮ ਰਿਹਾ ਹੈ। ਝੀਲਾਂ, ਤਲਾਬ ਜ਼ਮੀਨ ਵਰਗੇ ਦਿਖਾਈ ਦੇ ਰਹੇ ਹਨ। ਕੱਲ੍ਹ ਪਰਸੋਂ ਜਿਸ ਝੀਲ ਵਿੱਚ ਜਾਨਵਰ ਤੈਰ ਰਹੇ ਸਨ, ਉਹ ਪਾਣੀ ਜੰਮਿਆ ਪਿਆ ਹੈ। ਕੁਦਰਤ ਦੇ ਇਸ ਰੰਗ ਨੂੰ ਮਾਨਣ ਲਈ ਲੋਕਾਂ ਵੱਲੋਂ ਝੀਲਾਂ ਨੂੰ ਹੀ ਸਕੇਟਿੰਗ ਲਈ ਵਰਤਿਆ ਜਾਣ ਲੱਗਿਆ ਹੈ। ਜਿਸ ਸੰਬੰਧੀ ਸਥਾਨਕ ਪ੍ਰਸ਼ਾਸਨ ਵੱਲੋਂ ਹਰ ਵਾਰ ਦੀ ਤਰ੍ਹਾਂ ਚਿਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ ਕਿ ਜੰਮੇ ਹੋਏ ਪਾਣੀ ਉੱਪਰ ਤੁਰਨੋਂ ਜਾਂ ਖੇਡਣੋਂ ਗੁਰੇਜ਼ ਕੀਤਾ ਜਾਵੇ। ਬਰਫ਼ ਦੀ ਪਰਤ ਟੁੱਟਣ ਨਾਲ ਸੱਟ ਲੱਗਣ ਦਾ ਖਤਰਾ ਵਧ ਜਾਂਦਾ ਹੈ। ਡੂੰਘੇ ਪਾਣੀ ਵਿੱਚ ਧਸ ਜਾਣ ਅਤੇ ਆਸ ਪਾਸ ਬਰਫ਼ ਦੀ ਮੋਟੀ ਪਰਤ ਹੋਣ ਕਰਕੇ ਬਾਹਰ ਨਾ ਨਿਕਲਣ ਦਾ ਖਤਰਾ ਵੀ ਹੁੰਦਾ ਹੈ। ਅਜਿਹਾ ਕਰਦਿਆਂ ਜਾਨ ਵੀ ਜਾ ਸਕਦੀ ਹੈ। ਜਿਕਰਯੋਗ ਹੈ ਕਿ ਅਜਿਹਾ ਕਰਦਿਆਂ ਹਰ ਸਾਲ ਵੱਡੀ ਗਿਣਤੀ ਵਿੱਚ ਲੋਕ ਜ਼ਖਮੀ ਵੀ ਹੁੰਦੇ ਹਨ ਤੇ ਮੌਤ ਹੋਣ ਵਰਗੀਆਂ ਦੁਖਦ ਘਟਨਾਵਾਂ ਵੀ ਵਾਪਰਦੀਆਂ ਹਨ। ਮੌਸਮ ਦੇ ਮਿਜਾਜ ਨੂੰ ਦੇਖਦਿਆਂ ਪ੍ਰਸਾਸ਼ਨ ਵੱਲੋਂ ਹਰ ਸਾਲ ਹੀ ਅਜਿਹੀਆਂ ਚੇਤਾਵਨੀਆਂ ਜਾਰੀ ਕੀਤੀਆਂ ਜਾਂਦੀਆਂ ਹਨ ਤਾਂ ਕਿ ਕਿਸੇ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚਾਅ ਹੋ ਸਕੇ।

# ਦੁਆਬੇ ਦਾ ਪ੍ਰਸਿੱਧ ਢਾਡੀ ਜੱਥਾ ਭਾਈ ਕਸ਼ਮੀਰ ਸਿੰਘ ਕਾਦਰ ਨਿਊਜ਼ੀਲੈਂਡ ਪਹੁੰਚਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵਿਖੇ ਲਗਪਗ ਅੱਧਾ ਤੱਕ ਗੁਰੂ ਘਰ ਦੀਆਂ ਸੇਵਾਵਾਂ ਨਿਭਾਉਣ ਦੇ ਲਈ ਦੁਆਬੇ ਦਾ ਪ੍ਰਸਿੱਧ ਢਾਡੀ ਜੱਥਾ ਭਾਈ ਕਸ਼ਮੀਰ ਸਿੰਘ ਕਾਦਰ ਅਤੇ ਉਨ੍ਹਾਂ ਦੇ ਸਾਥੀ ਭਾਈ



ਨੀਲਕਮਲ ਸਿੰਘ (ਸਾਰੰਗੀ ਮਾਸਟਰ), ਢਾਡੀ ਮਹਿਲ ਸਿੰਘ ਮਾਹੀ ਅਤੇ ਢਾਡੀ ਹਰਕੰਵਲ ਸਿੰਘ ਅੱਜ ਔਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਪਹੁੰਚੇ। ਜੱਥੇ ਦਾ ਸਵਾਗਤ ਕਰਨ ਦੇ ਲਈ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਤੋਂ ਮੁੱਖ ਸੇਵਾਦਾਰ ਭਾਈ ਪੂਰਨ ਸਿੰਘ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਭਾਈ ਕਸ਼ਮੀਰ ਸਿੰਘ ਕਾਦਰ ਪਿੰਡ ਮਹਿੰਦਪੁਰ (ਬਲਾਚੌਰ) ਦੇ ਜੱਥੇ ਦਾ ਇਹ ਪਹਿਲਾ ਨਿਊਜ਼ੀਲੈਂਡ ਦੌਰਾ ਹੈ ਅਤੇ ਇਸ ਤੋਂ ਪਹਿਲਾਂ ਉਹ ਕੈਨੇਡਾ, ਆਸਟਰੇਲੀਆ, ਜਰਮਨ, ਬੈਲਜੀਅਮ ਵਿਖੇ ਹਾਲੈਂਡ ਵਿਖੇ ਵੀ ਸੇਵਾ ਕਰ ਚੁੱਕੇ ਹਨ। ਇਹ ਜੱਥਾ 6 ਮਹੀਨੇ ਤੱਕ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਵਿਖੇ ਢਾਡੀ ਵਾਰਾਂ, ਗੁਰਬਾਣੀ ਕੀਰਤਨ, ਸਿੱਖ ਇਤਿਹਾਸ ਦੇ ਨਾਲ ਸੰਗਤਾਂ ਨੂੰ ਨਿਹਾਲ ਕਰੇਗਾ।

# ਡਾ. ਬੀ. ਆਰ. ਅੰਬੇਡਕਰ ਬਲੱਡ ਆਰਗਨਾਈਜੇਸ਼ਨ ਨੇ ਲਗਾਇਆ ਖ਼ੂਨ ਦਾਨ ਕੈਂਪ, 117 ਖ਼ੂਨਦਾਨੀ ਕੀਤਾ ਖ਼ੂਨਦਾਨ

## ਬਾਬਾ ਸਾਹਿਬ ਨੇ ਸਾਰੀ ਜਿੰਦਗੀ ਸਮਾਜ ਦੇ ਦੱਬੇ ਕੁਚਲੇ ਵਰਗਾਂ ਦੇ ਹੱਕਾਂ ਲਈ ਸੰਘਰਸ਼ ਕੀਤਾ - ਆਗੂ

**ਫਗਵਾੜਾ 8 ਦਸੰਬਰ (ਬੀ.ਕੇ. ਰੱਤੂ)–** ਡਾ. ਬੀ. ਆਰ. ਅੰਬੇਡਕਰ ਬਲੱਡ ਆਰਗਨਾਈਜੇਸ਼ਨ ਫਗਵਾੜਾ ਵਲੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 66ਵੇਂ ਮਹਾ ਪਰਿਨਿਰਵਾਣ ਦਿਵਸ ਮੌਕੇ ਆਰਗਨਾਈਜੇਸ਼ਨ ਦੇ ਸੀਨੀਅਰ ਆਗੂ ਪਰਮਿੰਦਰ ਬੋਧ ਦੀ ਅਗਵਾਈ ਹੇਠ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਵਿਖੇ ਹਰ ਸਾਲ ਦੀ ਤਰ੍ਹਾਂ ਖ਼ੂਨਦਾਨ ਕੈਂਪ ਲਗਾਇਆ ਗਿਆ। ਕੈਂਪ ਤੋਂ ਪਹਿਲਾਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਤਸਵੀਰ ਤੇ ਫੁੱਲਮਾਲਾਵਾਂ ਭੇਂਟ ਕਰਕੇ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਸ਼ਮਾ ਰੌਸ਼ਨ ਦੀ ਰਸਮ ਗੁਰਦਿਆਲ ਬੋਧ ਯੂ.ਕੇ., ਕਮਲ ਬੰਗਾ ਅਤੇ ਆਰਗਨਾਈਜੇਸ਼ਨ ਦੇ ਫਾਉਂਡਰ ਸਵ. ਜਗਜੀਵਨ ਲਾਲ ਕੈਲੇ ਦੇ ਸਪੁੱਤਰ ਹਨੀ ਕੈਲੇ ਵਲੋਂ ਸਾਂਝੇ ਤੌਰ ਤੇ ਨਿਭਾਈ ਗਈ। ਉਪਰੰਤ ਐਸ.ਪੀ. ਫਗਵਾੜਾ ਸ੍ਰੀ ਮੁਖਤਿਆਰ ਰਾਏ ਨੇ ਕੈਂਪ ਦਾ ਸ਼ੁੱਭ ਆਰੰਭ ਕਰਵਾਇਆ। ਇਸ ਦੌਰਾਨ 117 ਨੌਜਵਾਨਾਂ ਅਤੇ ਔਰਤਾਂ ਨੇ ਆਪਣਾ ਖ਼ੂਨਦਾਨ ਕਰਕੇ ਬਾਬਾ ਸਾਹਿਬ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ। ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ। ਵੱਖ ਵੱਖ ਆਗੂਆਂ ਨੇ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸਾਰੀ ਜਿੰਦਗੀ ਸਮਾਜ ਦੇ ਦੱਬੇ ਕੁਚਲੇ ਵਰਗਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਹੈ। ਉਹਨਾਂ ਦਲਿਤਾਂ ਤੇ ਔਰਤਾਂ ਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਤਾਂ ਜੋ ਉਹ ਆਪਣੇ



ਰਹਿਬਰਾਂ ਦੇ ਸੁਪਨਿਆਂ ਦਾ ਰਾਜ ਸਥਾਪਤ ਕਰਨ ਦੇ ਯੋਗ ਬਣ ਸਕਣ। ਬਾਬਾ ਸਾਹਿਬ ਦੀ ਬਦੌਲਤ ਹੀ ਔਰਤਾਂ ਨੂੰ ਵੀ ਮਰਦ ਪ੍ਰਧਾਨ ਸਮਾਜ ਦੀ ਗੁਲਾਮੀ ਤੋਂ ਸਦੀਆਂ ਬਾਅਦ ਮੁਕਤੀ ਪ੍ਰਾਪਤ ਹੋਈ ਹੈ।

ਉਹਨਾਂ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਬਾਬਾ ਸਾਹਿਬ ਦੇ ਦਰਸਾਏ ਮਾਰਗ ਤੇ ਚੱਲ ਕੇ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਈਏ ਤਾਂ ਜੋ ਉਹ ਆਪਣੇ ਸਮਾਜ ਦੀ ਭਲਾਈ ਲਈ ਸੰਘਰਸ਼ ਕਰਨ ਦੇ ਯੋਗ ਬਣ ਸਕਣ। ਖ਼ੂਨਦਾਨ ਕਰਨ ਵਾਲਿਆਂ ਨੂੰ ਪਿਨ ਲਗਾ ਕੇ, ਸਰਟੀਫਿਕੇ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਤਿਨ ਕੁਮਾਰ, ਉਪ ਪ੍ਰਧਾਨ ਕਮਲਜੀਤ ਮਾਹੀ, ਅਸ਼ੋਕ ਬੋਧ, ਅਮਨ ਦਾਦਰਾ, ਅਸ਼ਵਨੀ ਬਘਾਣੀਆ, ਆਕਾਸ਼ ਬੰਗੜ, ਸੁਰਿੰਦਰ ਢੰਡਾ, ਯਸ਼ ਬਰਨਾ, ਅੰਮ੍ਰਿਤਪਾਲ ਭੋਸਲੇ, ਡਾ. ਸੁਖਵੀਰ ਸਲਾਰਪੁਰ, ਜਰਨੈਲ ਨੰਗਲ, ਜੱਸੀ ਤੱਲ੍ਹਣ, ਯਸ਼ ਅਟਵਾਲ, ਜੱਸਲ ਐਮ.ਸੀ. ਰਾਮਾਮੰਡੀ, ਪ੍ਰਿੰਸੀਪਲ ਰਾਮ ਕਿਸ਼ਨ, ਲਾਇਨਜ ਕਲੱਬ ਡਿਸਟ੍ਰਿਕਟ 321–ਡੀ ਦੇ ਗਵਰਨਰ ਲਾਇਨ ਦਵਿੰਦਰ ਪਾਲ ਅਰੋੜਾ, ਸਾਬਕਾ ਡਿਸਟ੍ਰਿਕਟ ਗਵਰਨਰ ਲਾਇਨ ਹਰੀਸ਼ ਬੰਗਾ, ਬਲਵੀਰ ਬੈਂਸ, ਕਰਨ ਜਲੰਧਰ, ਜੀਤਾ ਭੁੱਲਾਰਾਈ, ਸੁਖਵਿੰਦਰ, ਆਦਿੱਤਯ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

# ਡਾ. ਬੀ. ਆਰ. ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਕਲੱਬ ਨੇ ਲਾਇਬ੍ਰੇਰੀ ਦਾ ਕੀਤਾ ਸ਼ੁਭ ਆਰੰਭ

## ਅੰਬੇਡਕਰ ਬੁੱਧਾ ਲਰਨਿੰਗ ਸੈਂਟਰ ਵਲੋਂ ਲਾਇਬ੍ਰੇਰੀ ਨੂੰ ਕੀਤੀਆਂ ਮਿਸ਼ਨਰੀ ਕਿਤਾਬਾਂ ਭੇਟ

**ਫਗਵਾੜਾ 8 ਦਸੰਬਰ (ਬੀ.ਕੇ. ਰੱਤੂ)–** ਡਾ. ਬੀ. ਆਰ. ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਕਲੱਬ ( ਐਨ.ਆਰ.ਆਈਜ਼ )ਪੱਤੀ ਉੱਦੋਵਾਲ, ਬਿਆਸ ਪਿੰਡ ਵਿਖੇ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਮੌਕੇ ਡਾ. ਬੀ.ਆਰ.ਅੰਬੇਡਕਰ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਅੰਬੇਡਕਰ ਬੁੱਧਾ ਲਰਨਿੰਗ ਸੈਂਟਰ, ਅੰਬੇਡਕਰ ਨਗਰ ਪਿੰਡ ਗੜ੍ਹਾ (ਫਿਲੌਰ) ਵਲੋਂ ਚਲਾਏ ਜਾ ਰਹੇ ਬਹੁਜਨ ਰਿਸਰਚ ਸੈਂਟਰ ਨੇ ਨਵੀਂ ਖੁੱਲੀ ਲਾਇਬ੍ਰੇਰੀ ਦੇ ਪ੍ਰਬੰਧਕਾਂ ਨੂੰ ਕਰੀਬ 3 ਦਰਜ਼ਨ ਵੱਖ ਵੱਖ ਟਾਈਟਲਾਂ ਵਾਲੀਆਂ ਮਿਸ਼ਨਰੀ ਕਿਤਾਬਾਂ



ਸਾਡੇ ਵਲੋਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਪ੍ਰਬੰਧਕਾਂ ਨੇ ਅੰਬੇਡਕਰ ਬੁੱਧਾ ਲਰਨਿੰਗ ਸੈਂਟਰ ਅਤੇ ਬਹੁਜਨ ਰਿਸਰਚ ਸੈਂਟਰ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਐਡਵੋਕੇਟ ਸੰਜੀਵ ਭੌਰਾ ਤੇ ਸਾਥੀ ਸੁਰਜੀਤ ਨੂੰ ਬਾਬਾ ਸਾਹਿਬ ਅੰਬੇਡਕਰ ਜੀ ਦੀ ਤਸਵੀਰ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐਡਵੋਕੇਟ ਸੰਜੀਵ ਭੌਰਾ ਨੇ ਕਿਹਾ ਕਿ ਬਾਬਾ ਸਾਹਿਬ ਜੀ ਦੇ ਮਿਸ਼ਨ ਨੂੰ ਹਰ ਘਰ ਤੱਕ ਲੈ ਕੇ ਜਾਣ ਲਈ ਇਹੋ ਜਿਹੇ ਉਪਰਾਲੇ ਹਰ ਪਿੰਡ ਹਰ ਮੁਹੱਲੇ ਵਿੱਚ ਹੋਣੇ ਚਾਹੀਦੇ ਹਨ ਤਾਂ ਜੋ ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ ਸੁਪਨੇ ਨੂੰ ਪੂਰਾ ਕੀਤਾ ਜਾ ਸਕੇ।

# ਡਾ. ਗੋਪਾਲ ਸਿੰਘ ਬੁੱਟਰ ਬਣੇ ਅਧਿਐਨ ਕੇਂਦਰ ਦੇ ਡਾਇਰੈਕਟਰ



**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਡਾ. ਗੋਪਾਲ ਸਿੰਘ ਬੁੱਟਰ ਨੂੰ ਨਵੇਂ ਸਥਾਪਤ ਕੀਤੇ ਗਏ ਅਧਿਐਨ ਕੇਂਦਰ ਦਾ ਪ੍ਰਥਮ ਡਾਇਰੈਕਟਰ ਨਿਯੁਕਤ ਕੀਤਾ। ਇਸ ਮੌਕੇ ’ਤੇ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕਾਮਰੇਡ ਕੁਲਵੰਤ ਸਿੰਘ ਸੰਧੂ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਇਨਕਲਾਬੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਤੇ ਕਮੇਟੀ ਦੇ ਟਰੱਸਟੀ ਕਾਮਰੇਡ ਮੰਗਤ ਰਾਮ ਪਾਸਲਾ ਨੇ ਰਸਮੀ ਤੌਰ ’ਤੇ ਡਾਇਰੈਕਟਰ ਦੀ ਕੁਰਸੀ ’ਤੇ ਬਿਠਾਇਆ ਅਤੇ ਉਨ੍ਹਾਂ ਨੂੰ ਇਹ ਸੇਵਾ ਪ੍ਰਦਾਨ ਕਰਨ ਲਈ ਧੰਨਵਾਦੀ ਸ਼ਬਦ ਕਹੇ ਅਤੇ ਸ਼ੁੱਭ–ਕਾਮਨਾਵਾਂ ਦਿੱਤੀਆਂ। ਇਸ ਮੌਕੇ ’ਤੇ ਹੋਰਨਾਂ ਤੋਂ ਇਲਾਵਾ ਸੰਤ ਹੀਰਾ ਦਾਸ ਸਿੱਖਿਆ ਸੰਸਥਾਵਾਂ ਦੇ ਮੈਨੇਜਿੰਗ ਡਾਇਰੈਕਟਰ ਡਾ. ਰਾਮ ਮੂਰਤੀ, ਕਾਮਰੇਡ ਪਰਮਜੀਤ ਸਿੰਘ ਸਮਰਾ ਤੇ ਦੂਰਦਰਸ਼ਨ ਕੇਂਦਰ ਜਲੰਧਰ ਦੇ ਸਾਹਿਤਕ ਪ੍ਰੋਗਰਾਮਾਂ ਦੇ ਸੇਵਾ–ਮੁਕਤ ਪ੍ਰੋਡਿਊਸਰ ਸ੍ਰੀਮਤੀ ਕੁਲਵਿੰਦਰ ਕੌਰ ਬੁੱਟਰ ਨੇ ਵੀ ਡਾ. ਗੋਪਾਲ ਸਿੰਘ ਬੁੱਟਰ ਨੂੰ ਨਵੀਂ ਮਿਲੀ ਸੇਵਾ ਲਈ ਵਧਾਈ ਅਤੇ ਸ਼ੁੱਭ–ਕਾਮਨਾਵਾਂ ਦਿੱਤੀਆਂ।

ਜ਼ਿਕਰਯੋਗ ਹੈ ਕਿ ਡਾ. ਗੋਪਾਲ ਸਿੰਘ ਬੁੱਟਰ ਉੱਤਰੀ ਭਾਰਤ ਦੀ ਸਿਰਮੌਰ ਸੰਸਥਾ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਬਤੌਰ ਮੁਖੀ ਪੰਜਾਬੀ ਵਿਭਾਗ ਸੇਵਾ ਮੁਕਤ ਹੋਏ ਹਨ। ਉਨ੍ਹਾਂ ਨੇ ਅਧਿਐਨ ਤੇ ਅਧਿਆਪਨ ਨਾਲ ਸਬੰਧਤ ਹੁਣ ਤੱਕ ਚਾਰ ਮੁੱਲਵਾਨ ਪੁਸਤਕਾਂ ਪੰਜਾਬੀ ਖੋਜ ਅਤੇ ਚਿੰਤਨ ਦੀ ਝੋਲੀ ਪਾਈਆਂ ਹਨ। ਉਨ੍ਹਾਂ ਨੇ ਤਿੰਨ ਪੁਸਤਕਾਂ ਗ਼ਦਰੀ ਦੇਸ਼ ਭਗਤ ਬਾਬਾ ਭਗਤ ਸਿੰਘ ਬਿਲਗਾ ਨਾਲ ਸਬੰਧਿਤ ਦਾ ਸੰਪਾਦਨ ਵੀ ਕੀਤਾ ਹੈ ਅਤੇ ਉਹ ਬਜਾਤੇ ਖ਼ੁਦ ਗ਼ਦਰ ਦੇ ਇਤਿਹਾਸ ਸਬੰਧੀ ਖੋਜ–ਬੀਨ ਵਿੱਚ ਡੂੰਘੀ ਦਿਲਚਸਪੀ ਰੱਖਦੇ ਹਨ। ਇਸ ਅਵਸਰ ’ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕਾਮਰੇਡ ਅਜਮੇਰ ਸਿੰਘ ਸਮਰਾ ਨੇ ਡਾ. ਬੁੱਟਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਯਕੀਨ ਦੁਵਾਇਆ। ਉਨ੍ਹਾਂ ਦੇ ਨਾਲ ਇਸ ਮੌਕੇ ’ਤੇ ਡਾ. ਬੁੱਟਰ ਨੂੰ ਵਧਾਈ ਤੇ ਸ਼ੁੱਭ–ਕਾਮਨਾਵਾਂ ਦੇਣ ਵਾਲਿਆਂ ਵਿੱਚ ਕਮੇਟੀ ਦੇ ਸਹਾਇਕ ਸਕੱਤਰ ਕਾਮਰੇਡ ਚਰੰਜੀ ਲਾਲ ਕੰਗਣੀਵਾਲ, ਮੈਂਬਰ ਵਿਜੈ ਬੰਬੇਲੀ, ਪੰਜ ਆਬ ਪ੍ਰਕਾਸ਼ਨ ਦੇ ਮਾਲਕ ਕੇਸਰ ਸਿੰਘ ਅਤੇ ਡਾ. ਸੈਲੇਸ਼ ਵੀ ਸ਼ਾਮਲ ਸਨ।

# ਟਰੈਕਟਰ ਟਰਾਲੀਆਂ ਦੀਆਂ ਵਪਾਰਕ ਵਰਤੋਂ ਰੋਕਣ ਲਈ ਹਾਈਕੋਰਟ ਦੇ ਹੁਕਮਾਂ ਨੂੰ ਲਾਗੂ ਕਰੇ ਪੰਜਾਬ ਸਰਕਾਰ: ਅੰਮ੍ਰਿਤਸਰ ਵਿਕਾਸ ਮੰਚ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਟਰੈਕਟਰ ਟਰਾਲੀਆਂ ਦੀ ਵਪਾਰਕ ਕੰਮਾਂ ਲਈ ਦੁਰਵਰਤੋਂ ਰੋਕਣ ਲਈ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਨੂੰ ਇਨ ਬਿਨ ਲਾਗੂ ਕਰਨ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ, ਮੁੱਖ ਸਕੱਤਰ ਪੰਜਾਬ, ਗ੍ਰਹਿ ਸਕੱਤਰ ਪੰਜਾਬ, ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ. ਹਰਪ੍ਰੀਤ ਸਿੰਘ ਸੂਦਨ ਨੂੰ ਲਿਖੇ ਪੱਤਰ ਵਿੱਚ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਹਰਦੀਪ ਸਿੰਘ ਚਾਹਲ ਨੇ ਲਿਖਿਆ ਹੈ ਕਿ ਮੰਚ ਵੱਲੋਂ 22 ਮਈ 2015 ਨੂੰ ਲਿਖੇ ਇੱਕ ਪੱਤਰ ਵਿੱਚ ਉਸ ਸਮੇਂ ਦੇ ਉਪ–ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦਾ ਧਿਆਨ ਇਸ ਪਾਸੇ ਦੁਆਇਆ ਗਿਆ ਸੀ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇੱਕ ਡਵੀਜ਼ਨ ਬੈਂਚ ਨੇ ਜਿਸਦੇ ਮੈਂਬਰ ਜਸਟਿਸ ਆਰ ਐਸ ਮੋਂਗੀਆ ਤੇ ਜਸਟਿਸ ਕੇ.ਸੀ ਗੁਪਤਾ ਸਨ ਨੇ ਨਵੰਬਰ 2000 ਵਿੱਚ ਇੱਕ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਕਿਹਾ ਸੀ ਕਿ ਸਾਨੂੰ ਆਸ ਹੈ ਕਿ ਪੰਜਾਬ ਸਰਕਾਰ ਟਰੈਕਟਰ ਟਰਾਲੀਆਂ ਦੀ ਵਪਾਰਕ ਕੰਮਾਂ ਨੂੰ ਰੋਕਣ ਲਈ ਢੁਕਵੇਂ ਕਦਮ ਚੱਕੇਗੀ। ਪੱਤਰ ਵਿੱਚ



ਟਰੈਕਟਰ ਟਰਾਲੀਆਂ ਨਾਲ ਮਾਰੇ ਗਏ ਕੁਝ ਵਿਅਕਤੀਆਂ ਦੇ ਹਵਾਲੇ ਵੀ ਦਿੱਤੇ ਗਏ ਸਨ ।ਹੁਣ ਵੀ ਰੋਜ਼ਾਨਾ ਇਨ੍ਹਾਂ ਨਾਲ ਹੋ ਰਹੀਆਂ ਮੌਤਾਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਪਰ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਦਾ ਕੋਈ ਨੋਟਿਸ ਨਹੀਂ ਲਿਆ ਜਾਂਦਾ। ਟ੍ਰੈਫ਼ਿਕ ਪੁਲੀਸ ਵਲੋਂ ਇਨ੍ਹਾਂ ਲਈ ਵਰਤੀ ਜਾ ਰਹੀ ਲਾਪ੍ਰਵਾਈ ਵਿਰੁਧ ਪੰਜਾਬ ਸਰਕਾਰ ਨੂੰ ਨੋਟਿਸ ਲੈਣਾ ਚਾਹੀਦਾ ਹੈ ਤਾਂ ਜੁ ਕੀਮਤੀ ਜਾਨਾਂ ਨੂੰ ਅਜਾਈਂ ਜਾਇਆ ਹੋਣ ਤੋਂ ਬਚਾਇਆ ਜਾ ਸਕੇ ।

ਕਿਸੇ ਵੀ ਦੇਸ਼ ਵਿੱਚ ਤੁਸੀਂ ਟਰੈਕਟਰ ਟਰਾਲੀਆਂ ਸੜਕ ਉਪਰ ਨਹੀਂ ਵੇਖੋਗੇ ਕਿਉਂਕਿ ਟਰੈਕਟਰ ਕੇਵਲ ਖੇਤਾਂ ਵਿੱਚ ਕੰਮ ਕਰਨ ਲਈ ਹਨ। ਗੁਰੂ ਦੀ ਨਗਰੀ ਦੇ ਸੂਝਵਾਨ ਵਿਧਾਇਕਾਂ ਨੂੰ ਮੰਚ ਵਲੋਂ ਅਪੀਲ ਕੀਤੀ ਗਈ ਹੈ ਕਿ ਉਹ ਚੰਡੀਗੜ੍ਹ ਵਾਂਗ ਟ੍ਰੈਫ਼ਿਕ ਨਿਯਮਾਂ ਲਾਗੂ ਕਰਵਾਉਣ ਨੂੰ ਆਪਣੀ ਸਵਿਧਾਨਿਕ ਡਿਊਟੀ ਸਮਝਦੇ ਹੋਇ ਸੜਕਾਂ ‘ਤੇ ਆਉਣ ਦੀ ਖੇਚਲ ਕਰਨ। ਪੱਤਰ ਦੀ ਕਾਪੀ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੇ ਚੀਫ਼ ਜਸਟਿਸ ਨੂੰ ਵੀ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਹੈ।

# ਸ. ਹਾ. ਸਕੂਲ ਖੇੜੀ ਝਮੇੜੀ ਵਿਖੇ ਵੀਡੀਓ ਆਡੀਟਰ ਮਾਲਵਿੰਦਰ ਚੰਨੋਂ ਦਾ ਹੋਇਆ ਸਨਮਾਨ

**ਚੰਡੀਗੜ (ਪ੍ਰੀਤਮ ਲੁਧਿਆਣਵੀ), 8 ਦਸੰਬਰ, 2022–** ਪੰਜਾਬੀ ਫਿਲਮਾਂ ਅਤੇ ਪੰਜਾਬੀ ਦੇ ਗੀਤਾਂ ਵਿੱਚ ਵੀਡੀਓ ਆਡੀਟਰ ਮਾਲਵਿੰਦਰ ਚੰਨੋਂ ਆਪਣੇ ਵਿਲੱਖਣ ਕੰਮ ਕਰਕੇ ਚੰਗਾ ਨਾਮਣਾ ਖੱਟ ਚੁੱਕੇ ਹਸਤਾਖਰ ਹਨ। ਇਸ ਕਾਰਜ ਬਦਲੇ ਸਰਕਾਰੀ ਹਾਈ ਸਕੂਲ ਖੇੜੀ ਝਮੇੜੀ ਵਿਖੇ ਹੋਏ ਵੱਡੇ ਸਮਾਗਮ ਦੌਰਾਨ ਮਾਲਵਿੰਦਰ ਚੰਨੋਂ ਨੂੰ ਮਾਣਮੱਤੀਆਂ ਸਖ਼ਸ਼ੀਅਤਾਂ ਨੇ ਸਨਮਾਨਿਤ ਕੀਤਾ। ਸਕੂਲ ਦੇ ਮੁੱਖ ਅਧਿਆਪਕ ਸ਼੍ਰੀ ਵਿਵੇਕ ਮੋਂਗਾ ਨੇ ਮਾਲਵਿੰਦਰ ਚੰਨੋਂ ਨੂੰ ਸਨਮਾਨਿਤ ਕਰਦਿਆਂ ਇਸ ਖੇਤਰ ਵਿੱਚ ਹੋਰ ਬੁਲੰਦੀਆਂ ਛੂਹਣ ਲਈ ਹੌਂ–ਸਲਾ ਅਫ਼ਜਾਈ ਕੀਤੀ। ਬਾਲ ਸਾਹਿਤਕਾਰ ਅਤੇ ਕੌਮੀ ਅਵਾਰਡ ਜੇਤੂ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਮਾਲਵਿੰਦਰ ਚੰਨੋਂ ਨੇ ਬੱਚਿਆਂ ਲਈ ਅਗਾਂਹਵਧੂ ਵੀਡੀਓ ਬਣਾਉਣ ਲਈ ਵੀ ਬਹੁਤ ਕੰਮ ਕੀਤਾ ਹੈ। ਉਹਨਾਂ ਦੇ ਬਣਾਏ ਵੀਡੀਓ ਨੂੰ ਬਹੁਤ ਇਨਾਮ ਵੀ ਮਿਲੇ ਹਨ। ਇਸ ਸਨਮਾਨ ਮੌਕੇ ਖੇੜੀ ਪਿੰਡ ਦੇ ਸਰਪੰਚ ਰਾਜਾ ਖੇੜੀ, ਗੁਰਪਾਲ ਸਿੰਘ ਸਾਬਕਾ ਸਰਪੰਚ, ਐਡਵੋਕੇਟ ਐਸ ਐਸ ਸਿੱਧੂ,



ਪੀਸੀਆਰ ਇੰਚਾਰਜ ਸੁਦਾਗਰ ਅਲੀ, ਡਾ. ਪ੍ਰਦੀਪ ਜੋਧਾਂ (ਕੈਨੇਡਾ), ਹਰਨੇਕ ਗੁੱਜਰਵਾਲ, ਗੁਰਦਰਸ਼ਨ ਸਿੰਘ ਸਾਇੰਸ ਅਧਿਆਪਕ, ਕਰਮਜੀਤ ਗਰੇਵਾਲ, ਸਮੂਹ ਸਟਾਫ, ਸਕੂਲ ਦੇ ਵਿਦਿਆਰਥੀ, ਬੱਚਿਆਂ ਦੇ ਮਾਤਾ ਪਿਤਾ, ਇਲਾਕਾ ਨਿਵਾਸੀ ਅਤੇ ਹੋਰ ਬਹੁਤ ਸਖ਼ਸ਼ੀਅਤਾਂ ਹਾਜ਼ਰ ਸਨ। ਮਾਲਵਿੰਦਰ ਚੰਨੋਂ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਨਮਾਨ ਨਾ਼ਲ ਉਹਨਾਂ ਨੂੰ ਬਹੁਤ ਖ਼ੁਸ਼ੀ ਹੋਈ ਹੈ। ਬੱਚਿਆਂ ਨਾ਼ਲ ਉਹਨਾਂ ਨੇ ਵਾਅਦਾ ਕੀਤਾ ਕਿ ਭਵਿੱਖ ਵਿੱਚ ਵੀ ਉਹ ਬੱਚਿਆਂ ਲਈ ਅਗਾਂਹਵਧੂ ਵੀਡੀਓ ਅਤੇ ਪੰਜਾਬੀ ਮਾਂ ਬੋਲੀ ਦੇ ਵਿਕਾਸ ਲਈ ਵੀਡੀਓ ਬਣਾਉਂਦੇ ਰਹਿਣਗੇ।

# ਜਸਵਾਲੀ ਵਿਖੇ ਆਯੋਜਿਤ ਰਾਜ ਪੱਧਰੀ ਦਿਵਿਆਂਗਤਾ ਦਿਵਸ ਸਮਾਰੋਹ ਵਿੱਚ ਪਹੁੰਚੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ





**ਪਠਾਨਕੋਟ, ਦਸੰਬਰ (ਰਾਜਿੰਦਰ ਸਿੰਘ ਰਾਜਨ)-** ਅੱਜ ਸਮਾਜਿੱਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵਲੋਂ ਵਿਧਾਨ ਸਭਾ ਹਲਕਾ ਭੋਆ ਵਿੱਚ ਸਥਿੱਤ ਜਸਵਾਲੀ ਰੇਸਟ ਹਾਊਸ ਵਿਖੇ ਦਿਵਿਆਂਗਜਨਾਂ ਨੂੰ ਸਨਮਾਨਤ ਕਰਨ ਲਈ ਰਾਜ ਪੱਧਰੀ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਸ੍ਰੀ ਨਵੀਨ ਗਡਵਾਲ ਜਿਲ੍ਹਾ ਸਮਾਜਿੱਕ ਸੁਰੱਖਿਆ ਅਫਸਰ ਪਠਾਨਕੋਟ ਨੇ ਕੀਤੀ। ਸਮਾਰੋਹ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਅਤੇ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵਿਸੇਸ ਮਹਿਮਾਨ ਵਜੋਂ ਹਾਜਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਕਮਲਦੀਪ ਕੌਰ ਜਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਰਾਜੇਸਵਰ ਸਲਾਰੀਆਂ ਡਿਪਟੀ ਡੀ.ਈ.ਓ. ਸੈਕੰਡਰੀ, ਕਮਲੇਸ ਕੁਮਾਰੀ ਸੀ.ਡੀ.ਪੀ.ਓ., ਦਰਸਨ ਕੁਮਾਰ, ਗੁਰਸਰਨ ਸਿੰਘ, ਸਵਿਤਾ,ਸਤਨਾਮ ਸਿੰਘ ਆਦਰਸ ਔਲਡ ਏਜ ਹੋਮ ਝਾਖੋਲਾੜੀ ਅਤੇ ਹੋਰ ਸੰਬੰਧਤ ਵਿਭਾਗੀ ਅਧਿਕਾਰੀ ਵੀ ਹਾਜਰ ਸਨ।

ਪ੍ਰੋਗਰਾਮ ਦੋਰਾਨ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਸਰਕਾਰ ਵੱਲੋਂ ਦਿਵਿਆਂਗ ਬੱਚਿਆਂ, ਬਜੁਰਗਾਂ ਆਦਿ ਲੋਕਾਂ ਲਈ ਵਿਸੇਸ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨ ਹੀ ਸਰਕਾਰ ਵੱਲੋਂ ਇੱਕ ਨੋਟੀਫਿਕੇਸਨ ਜਾਰੀ ਕੀਤਾ ਗਿਆ ਹੈ ਕਿ ਸਰਕਾਰੀ ਵਿਭਾਗਾਂ ਅੰਦਰ ਜੋ ਵੀ ਦਿਵਿਆਂਗ ਕਰਮਚਾਰੀ ਜਾਂ ਅਧਿਕਾਰੀ ਕਾਰਜ ਕਰ ਰਹੇ ਹਨ ਉਨ੍ਹਾਂ ਨੂੰ ਸਰਕਾਰ ਵੱਲੋਂ ਪ੍ਰਤੀ ਮਹੀਨਾ ਇੱਕ ਹਜਾਰ ਰੁਪਏ ਭੱਤਾ ਦਿੱਤਾ ਜਾਵੈਗਾ। ਉਨ੍ਹਾਂ ਕਿਹਾ ਕਿ ਪਿਛਲੇ ਦਿਨ੍ਹਾਂ ਅੰਦਰ ਪਠਾਨਕੋਟ ਦੇ ਮਾਡਲ ਟਾਊਨ ਵਿਖੇ ਚਲ ਰਹੇ ਵਿਸੇਸ ਬੱਚਿਆਂ ਦੇ ਸਕੂਲ ਲਈ 15 ਲੱਖ ਰੁਪਏ ਦੀ ਰਾਸੀ ਦਿੱਤੀ ਗਈ ਹੈ ਜਿਸ ਨਾਲ ਸਕੂਲ ਵਿੱਚ ਹੋਰ ਸੁਧਾਰ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਮੇਂ ਜਿਲ੍ਹਾ ਪਠਾਨਕੋਟ ਵਿੱਚ ਵੀ ਕਰੀਬ 3500 ਲੋਕਾਂ ਨੂੰ ਬੁਢਾਪਾ ਪੈਂਨਸਨ ਅਤੇ ਕਰੀਬ 4500 ਲੋਕਾਂ ਨੂੰ ਦਿਵਿਆਂਗਤਾ ਪੈਂਨਸਨ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਅੰਦਰ ਇਹ ਪਹਿਲੀ ਵਾਰ ਹੋਇਆ ਹੈ ਕਿ ਦਿਵਿਆਂਗ ਲੋਕਾਂ ਲਈ ਸਮਾਰੋਹ ਆਯੋਜਿਤ ਕੀਤੇ ਗਏ ਹਨ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਦਿਵਿਆਂਗ ਲੋਕ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਪੂਰਨ ਤੋਰ ਤੇ ਪ੍ਰਾਪਤ ਕਰ ਸਕਣ।



ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਅੰਦਰ ਪੰਜਾਬ ਅੰਦਰ ਵਿਕਾਸ ਦੇ ਵੱਡੇ ਕਾਰਜ ਕੀਤੇ ਜਾ ਰਹੇ ਹਨ ਫਿਰ ਉਹ ਚਾਹੇ ਲੋਕਾਂ ਨੂੰ ਮੁਫਤ ਬਿਜਲੀ ਦਿੱਤੇ ਜਾਣ ਦੀ ਗੱਲ ਹੋਵੇ ਜਾਂ ਹੋਰ ਵਿਕਾਸ ਕਾਰਜ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁਲਾਜਮਾਂ ਦੀ ਸਭ ਤੋਂ ਵੱਡੀ ਮੰਗ ਪੁਰਾਣੀ ਪੈਂਨਸਨ ਸਕੀਮ ਦੀ ਸੀ ਅਤੇ ਪਹਿਲੀਆਂ ਸਰਕਾਰਾਂ ਨੇ ਮੁਲਾਜਮਾਂ ਦੀ ਇਸ ਮੰਗ ਨੂੰ ਲਟਕਾ ਕੇ ਰੱਖਿਆ। ਆਮ ਆਦਮੀ ਪਾਰਟੀ ਨੇ ਮੁਲਾਜਮਾਂ ਨੂੰ ਪੁਰਾਣੀ ਪੈਂਨਸਨ ਸਕੀਮ ਦਾ ਤੋਹਫਾ ਦੇ ਕੇ ਇੱਕ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਵਿੱਚ ਵੀ ਵਿਕਾਸ ਕਾਰਜਾਂ ਨੂੰ ਤੇਜ ਕੀਤਾ ਜਾ ਰਿਹਾ ਹੈ। ਜਿਲ੍ਹਾ ਪਠਾਨਕੋਟ ਅਤੇ ਭੋਆ ਹਲਕੇ ਦੀਆਂ ਸੜਕਾਂ ਤੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਸੜਕਾਂ ਦੇ ਨਿਰਮਾਣ ਦਾ ਸੀਜਨ ਆਉਂਣ ਤੇ ਜੋ ਸੜਕਾਂ ਨਹੀਂ ਬਣ ਸਕੀਆਂ ਉਨ੍ਹਾਂ ਦਾ ਪਹਿਲ ਦੇ ਅਧਾਰ ਤੇ ਕਾਰਜ ਕੀਤਾ ਜਾਵੈਗਾ ਅਤੇ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਜਿਲ੍ਹਾ ਪਠਾਨਕੋਟ ਵਿੱਚ 11 ਆਮ ਆਦਮੀ ਕਲੀਨਿਕ ਵੀ ਖੋਲੇ ਜਾਣਗੇ।

ਸਮਾਰੋਹ ਦੋਰਾਨ ਦਿਵਿਆਂਗ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ ਕੀਤਾ ਗਿਆ, ਦਿਵਿਆਂਗ ਲੋਕਾਂ ਨੂੰ ਬਨਾਵਟੀ ਅੰਗ ਅਤੇ ਟਰਾਈ ਸਾਈਕਲ ਵੀ ਵੰਡੇ ਗਏ। ਪ੍ਰੋਗਰਾਮ ਦੋਰਾਨ ਵਿਭਾਗ ਵੱਲੋਂ ਦਿਵਿਆਂਗ ਬੱਚਿਆਂ ਦੇ ਪੇਟਿੰਗ ਮੁਕਾਬਲੇ ਵੀ ਕਰਵਾਏ ਗਏ, ਪ੍ਰੋਗਰਾਮ ਪੇਸ ਕਰਨ ਵਾਲੇ ਬੱਚਿਆਂ ਨੂੰ ਅਤੇ ਹੋਰ ਪ੍ਰਤੀਯੋਗਤਾਵਾਂ ਤੋਂ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਨਕਦ ਰਾਸੀ ਇਨਾਮ ਵਜੋਂ ਅਤੇ ਯਾਦਗਾਰ ਚਿੰਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਬ ਜੇਲ੍ਹ ਵਿੱਚ ਮਨੁੱਖੀ ਅਧਿਕਾਰ ਦਿਵਸ ਮਨਾਇਆ ਗਿਆ




**ਪਠਾਨਕੋਟ, 10 ਦਸੰਬਰ (ਰਾਜਿੰਦਰ ਸਿੰਘ ਰਾਜਨ)** ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਵੱਲੋਂ ਸਬ ਜੇਲ੍ਹ ਪਠਾਨਕੋਟ ਵਿੱਚ ਜੇਲ੍ਹ ਸੁਪਰਡੈਂਟ ਜੀਵਨ ਠਾਕੁਰ ਦੀ ਦੇਖ-ਰੇਖ ਹੇਠ ਮਨੁੱਖੀ ਅਧਿਕਾਰ ਦਿਵਸ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਕਮ ਸੀ.ਜੇ.ਐਮ ਰੰਜੀਵ ਪਾਲ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ । ਇਸ ਮੌਕੇ ਸੀ ਜੇ ਐਮ ਰੰਜੀਵ ਪਾਲ ਸਿੰਘ ਚੀਮਾ ਵੱਲੋਂ ਕੈਦੀਆਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਇਸ ਮੌਕੇ ਸੀ.ਜੀ.ਐਮ ਨੇ ਕਿਹਾ ਕਿ ਸਾਡੇ ਸੰਵਿਧਾਨ ਅਨੁਸਾਰ ਹਰ ਵਿਅਕਤੀ ਨੂੰ ਮਨੁੱਖੀ ਅਧਿਕਾਰ ਹਨ, ਜਿਸ ਤਹਿਤ ਜੇਲ੍ਹਾਂ ਵਿੱਚ ਬੰਦ, ਕੈਦੀ ਜਾਂ ਅੰਡਰ ਟਰਾਇਲ ਹਰ ਵਿਅਕਤੀ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਮੌਕੇ ਉਨ੍ਹਾਂ ਕੈਦੀਆਂ ਅਤੇ ਹਿਰਾਸਤ ਵਿੱਚ ਜਿਨ੍ਹਾਂ ਦੇ ਵਕੀਲ ਨਹੀਂ ਸਨ, ਨੂੰ ਵਕੀਲ ਦਿੱਤੇ ਗਏ। ਇਸ ਮੌਕੇ ਐਡਵੋਕੇਟ ਸੌਰਭ ਓਹਰੀ ਅਤੇ ਪੀ ਐਲ ਬੀ ਵਿਨੋਦ ਕੁਮਾਰ ਹਾਜ਼ਰ ਸਨ।

## ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ, ਮੋਕੇ ਤੇ ਕੱਢਿਆ ਹੱਲ

### ਜਿਲ੍ਹਾ ਪਠਾਨਕੋਟ ਵਿੱਚ 11 ਆਮ ਆਦਮੀ ਕਲੀਨਿਕ ਖੋਲ ਕੇ ਲੋਕਾਂ ਨੂੰ ਦਿੱਤੀਆਂ ਜਾਣਗੀਆਂ ਵਧੀਆ ਸਿਹਤ ਸੇਵਾਵਾਂ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)-** ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਅਪਣੇ ਨਿਵਾਸ ਸਥਾਨ ਪਿੰਡ ਕਟਾਰੂਚੱਕ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਮੋਕੇ ਤੇ ਉਨ੍ਹਾਂ ਸਮੱਸਿਆਵਾਂ ਦਾ ਹੱਲ ਕੀਤਾ। ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਯੋਗ ਅਗਵਾਈ ਵਿੱਚ ਲੋਕਾਂ ਦੇ ਹਿੱਤ ਲਈ ਕੰਮ ਕਰਦੀ ਆ ਰਹੀ ਹੈ ਅਤੇ ਕਰਦੀ ਰਹੇਗੀ। ਇਸ ਮੋਕੇ ਤੇ ਵੱਖ ਵੱਖ ਪਿੰਡਾਂ ਤੋਂ ਆਏ ਲੋਕਾਂ ਨੇ ਕੈਬਨਿਟ ਮੰਤਰੀ ਪੰਜਾਬ ਨੂੰ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਜਿਨ੍ਹਾਂ ਸਮੱਸਿਆਵਾਂ ਦਾ ਮੋਕੇ ਤੇ ਹੱਲ ਹੋ ਸਕਦਾ ਸੀ ਉਨ੍ਹਾਂ ਸਮੱਸਿਆਵਾਂ ਦਾ ਹੱਲ ਮੋਕੇ ਤੇ ਕੀਤਾ ਅਤੇ ਜਿਨ੍ਹਾਂ ਲੋਕਾਂ ਵੱਲੋਂ ਵੱਖ ਵੱਖ ਕਾਰਜਾਂ ਲਈ ਮੰਗ ਪੱਤਰ ਦਿੱਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪੰਜਾਬ ਸਰਕਾਰ ਤੱਕ ਪਹੁਚਾਇਆ ਜਾਵੇਗਾ ਅਤੇ ਸਮੇਂ ਰਹਿੰਦਿਆਂ ਉਨ੍ਹਾਂ ਦਾ ਹੱਲ ਕੀਤਾ ਜਾਵੇਗਾ। ਇਸ ਮੋਕੇ ਤੇ ਸੁਜਾਨਪੁਰ ਤੋਂ ਆਏ ਇੱਕ ਵਿਸੇਸ ਮੰਡਲ ਨੇ ਪਠਾਨਕੋਟ ਤੋਂ ਸੁਜਾਨਪੁਰ ਤੱਕ ਜਾਣ ਵਾਲੇ ਮਾਰਗ ਤੇ ਰੇਲਵੇ ਲਾਈਨ ਤੇ ਬਣਾਏ ਜਾਣ ਵਾਲੇ ਪੁਲ ਦੀ ਸਮੱਸਿਆ ਤੋਂ ਜਾਣੂ ਕਰਵਾਇਆ ਅਤੇ ਕਿਹਾ ਕਿ ਬਹੁਤ ਲੰਮੇ ਸਮੇਂ ਤੋਂ ਇਸ ਰੇਲਵੇ ਲਾਈਨ ਤੇ ਪੁਲ ਦੀ ਮੰਗ ਲਟਕਦੀ ਆ ਰਹੀ ਹੈ ਮਨਜੂਰੀ ਤੋਂ ਬਾਅਦ ਵੀ ਕਾਰਜ ਨਹੀਂ ਹੋ ਰਿਹਾ। ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਹਾਈਕਮਾਨ ਨਾਲ ਚਰਚਾ ਕਰਕੇ ਸਮੱਸਿਆ ਦਾ ਹੱਲ ਕੱਢਿਆ ਜਾਵੈਗਾ।



ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਸਰਕਾਰ ਲੋਕ ਹਿੱਤ ਲਈ ਕਾਰਜ ਕਰ ਹੀ ਹੈ ਅਤੇ ਜਨਤਾ ਨਾਲ ਕੀਤਾ ਹਰ ਵਾਅਦਾ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਅੰਦਰ ਦੋ ਆਮ ਆਦਮੀ ਕਲੀਨਿਕ ਖੋਲੇ ਗਏ ਹਨ ਅਤੇ 6 ਆਮ ਆਦਮੀ ਕਲੀਨਿਕ ਹਲਕੇ ਅੰਦਰ ਹੋਰ ਖੋਲੇ ਜਾ ਰਹੇ ਹਨ। ਜਿਲ੍ਹਾ ਪਠਾਨਕੋਟ ਵਿੱਚ ਕੁਲ 11 ਆਮ ਆਦਮੀ ਕਲੀਨਿਕ ਖੋਲੇ ਜਾਣਗੇ ਤਾਂ ਜੋ ਲੋਕਾਂ ਨੂੰ ਵਧੀਆ ਸਿਹਤ ਸੇਵਾਵਾਂ ਦਿੱਤੀਆਂ ਜਾ ਸਕਣ।

## ਆਫਤ ਪ੍ਰਤੀਕਿਰਿਆ ਤੇ ਕਮਿਊਨਿਟੀ ਵਲੰਟੀਅਰਾਂ ਦੀ ਸਿਖਲਾਈ ਲਈ ਆਪਦਾ ਮਿਤਰ ਦੀ ਅੱਪਸਰੇਲਿੰਗ ਸਕੀਮ ਅਧੀਨ ਵਰਕਸਾਪ ਦੀ ਕੀਤੀ ਸੁਰੂਆਤ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)-**ਰਾਸਟਰੀ ਆਫਤ ਪ੍ਰਬੰਧਨ ਅਥਾਰਟੀ ਭਾਰਤ ਸਰਕਾਰ ਦੇ ਸਹਿਯੋਗ ਨਾਲ ਰਾਜ ਆਫਤ ਪ੍ਰਬੰਧਨ ਅਥਾਰਟੀ ਪੰਜਾਬ ਸਰਕਾਰ ਦੇ ਵੱਲੋਂ ਜਿਲ੍ਹਾ ਪਠਾਨਕੋਟ ਵਿੱਚ ਆਫਤ ਪ੍ਰਤੀਕਿਰਿਆ ਤੇ ਕਮਿਊਨਿਟੀ ਵਲੰਟੀਅਰਾਂ ਦੀ ਸਿਖਲਾਈ ਲਈ ਆਪਦਾ ਮਿਤਰ ਦੀ ਅੱਪਸਰੇਲਿੰਗ ਸਕੀਮ ਅਧੀਨ 15 ਦਿਨ ਚੱਲਣ ਵਾਲੀ ਵਰਕਸਾਪ ਦਾ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਅਰੰਭ ਕੀਤਾ ਗਿਆ। ਇਸ ਮੋਕੇ ਤੇ ਸ੍ਰੀ ਅੰਕੁਰਜੀਤ ਸਿੰਘ (ਆਈ.ਏ.ਐਸ.) ਵਧੀਕ ਡਿਪਟੀ ਕਮਿਸਨਰ (ਜ) ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅਰਵਿੰਦਰਪਾਲ ਸਿੰਘ ਡੀ.ਆਰ.ਓ. ਪਠਾਨਕੋਟ, ਲੱਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਡਾ. ਜੇ.ਐਸ. ਭਾਟੀਆ ਡਾਇਰੈਕਟਰ ਮਗਸੀਪਾ ਚੰਡੀਗੜ੍ਹ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਹਾਜਰ ਸਨ।

ਸਮਾਰੋਹ ਦਾ ਅਰੰਭ ਮੁੱਖ ਮਹਿਮਾਨ ਸ੍ਰੀ ਅੰਕੁਰਜੀਤ ਸਿੰਘ (ਆਈ.ਏ.ਐਸ.) ਵਧੀਕ ਡਿਪਟੀ ਕਮਿਸਨਰ(ਜ) ਅਤੇ ਹੋਰ ਮਹਿਮਾਨਾਂ ਵੱਲੋਂ ਦੀਪਕ ਰੋਸਨ ਕਰਕੇ ਕੀਤਾ ਗਿਆ। ਇਸ ਮੋਕੇ ਤੇ ਸੰਬੋਧਨ ਕਰਦਿਆਂ ਸ੍ਰੀ ਅੰਕੁਰਜੀਤ ਸਿੰਘ (ਆਈ.ਏ.ਐਸ.) ਵਧੀਕ ਡਿਪਟੀ ਕਮਿਸਨਰ(ਜ) ਨੇ ਕਿਹਾ ਕਿ ਇਹ ਬਹੁਤ ਹੀ ਚੰਗੀ ਗੱਲ ਹੈ ਕਿ ਰਾਸਟਰੀ ਆਫਤ ਪ੍ਰਬੰਧਨ ਅਥਾਰਟੀ ਭਾਰਤ ਸਰਕਾਰ ਦੇ ਸਹਿਯੋਗ ਨਾਲ ਰਾਜ ਆਫਤ ਪ੍ਰਬੰਧਨ ਅਥਾਰਟੀ ਪੰਜਾਬ ਸਰਕਾਰ ਦੇ ਵੱਲੋਂ ਜਿਲ੍ਹਾ ਪਠਾਨਕੋਟ ਵਿੱਚ ਆਫਤ ਪ੍ਰਤੀਕਿਰਿਆ ਤੇ ਕਮਿਊਨਿਟੀ ਵਲੰਟੀਅਰਾਂ ਦੀ ਸਿਖਲਾਈ ਲਈ ਆਪਦਾ ਮਿਤਰ ਦੀ ਅੱਪਸਰੇਲਿੰਗ ਸਕੀਮ ਅਧੀਨ ਜਿਲ੍ਹਾ ਪਠਾਨਕੋਟ ਦੀ ਚੋਣ ਕਰਕੇ ਵਲੰਟੀਅਰਾਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਟ੍ਰੇਨਿੰਗ ਦਾ ਮੁੱਖ ਉਦੇਸ ਹੈ ਕਿ ਕਿਸੇ ਵੀ ਤਰ੍ਹਾਂ ਦੀ ਅਗਰ ਆਪਦਾ ਆ ਜਾਂਦੀ ਹੈ ਤਾਂ ਉਸ ਸਮੇਂ ਸਾਡੀਆਂ ਕੀ ਜਿਮੇ੍ਦਾਰੀਆਂ ਬਣਦੀਆਂ ਹਨ ਇਸ ਦਾ ਪਹਿਲਾ ਤੋਂ ਹੀ ਪਤਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਆਪਦਾ ਮਿਤਰ ਦੀ ਚੋਣ ਲਈ ਵੱਖ ਵੱਖ ਖੇਤਰਾਂ ਵਿੱਚੋਂ ਵਲੰਟੀਅਰਾਂ ਦੀ ਚੋਣ ਕੀਤੀ ਗਈ ਹੈ ਅਤੇ ਇਹ ਹੋਰ ਵੀ ਜਿਆਦਾ ਖੁਸੀ ਦੀ ਗੱਲ ਹੈ ਕਿ ਨੋਜਵਾਨਾਂ ਨੇ ਇਸ ਟ੍ਰੇਨਿੰਗ ਲਈ ਵਿਸੇਸ ਰੁਚੀ ਦਿਖਾਈ ਹੈ। ਉਨ੍ਹਾਂ ਦੱਸਿਆ ਕਿ ਆਉਂਣ ਵਾਲੇ ਦਿਨ੍ਹਾਂ ਦੋਰਾਨ ਵਲੰਟੀਅਰਾਂ ਨੂੰ ਟ੍ਰੇਨਿੰਗ ਦੇ ਕੇ ਉਨ੍ਹਾਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ ਜੋ ਭਵਿੱਖ ਵਿੱਚ ਵੀ ਉਨ੍ਹਾਂ ਦੇ ਕੰਮ ਆਉਂਗੇ। ਇਸ ਤੋਂ ਇਲਾਵਾ ਵਲੰਟੀਅਰਾਂ ਨੂੰ ਪੜਨ ਯੋਗ ਸਮੱਗਰੀ ਵੀ ਦਿੱਤੀ ਜਾਵੇਗੀ।

# ਚਮਕੌਰ ਦੀ ਜੰਗ (21-23, ਦਸੰਬਰ 1704)





ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮੁਗਲ ਬਾਦਸ਼ਾਹ ਅਕਬਰ ਤੋਂ ਬਾਅਦ ਜਹਾਂਗੀਰ 3 ਨਵੰਬਰ, 1605 ਨੂੰ ਤਖਤ 'ਤੇ ਬੈਠਾ। ਉਸਦੇ ਜਬਰੀ ਧਰਮ ਪ੍ਰੀਵਰਤਨ ਦੇ ਖੂਨੀ ਇਰਾਦੇ ਹੇਠ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਜ਼ੁਲਮ ਦੇ ਟਾਕਰੇ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਕ ਰੂਹਾਨੀ ਅਗਵਾਈ ਦੂਸਰੀ ਸੰਸਾਰਕ ਅਗਵਾਈ ਦੀ। ਉਹਨਾਂ ਨੇ ਸਿੱਖ ਕੌਮ ਨੂੰ ਹਥਿਆਰਬੰਦ ਹੋ ਕੇ ਸੰਤ-ਸਿਪਾਹੀ ਦਾ ਸਿਧਾਂਤ ਦਿੱਤਾ। ਸਿੱਖ ਕੌਮ ਨੂੰ ਬਕਾਇਦਾ ਸੰਗਠਿਤ ਫੌਜ ਵਜੋਂ ਜਥੇਬੰਦ ਕੀਤਾ। ਜਿਸ ਹੇਠ ਗੁਰੂ ਸਾਹਿਬ ਜੀ ਨੇ ਜੰਗਾਂ ਵੀ ਜਿੱਤੀਆਂ।

ਮਾਰਚ 30, 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਮੁਗਲ ਬਾਦਸ਼ਾਹ ਔਰੰਗਜੇਬ ਦੇ ਦੂਸਰੇ ਧਰਮਾਂ ਪ੍ਰਤੀ ਜ਼ੁਲਮ ਵਧਦੇ ਗਏ। ਉਸਨੇ ਗੁਰੂ ਸਾਹਿਬ ਜੀ ਦੇ ਧਰਮ ਪ੍ਰਚਾਰ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਹੋਈ ਸੀ। ਜ਼ੁਲਮ ਦਾ ਭਿਆਨਕ ਸਮਾਂ ਆਉਂਦਾ ਜਾਣ ਕੇ ਉਹਨਾਂ ਆਪਣੇ ਸਾਹਿਬਜ਼ਾਦੇ ਗੋਬਿੰਦ ਰਾਏ ਜੀ ਨੂੰ ਸ਼ਸ਼ਤਰ ਅਤੇ ਸ਼ਾਸਤਰ ਅਭਿਆਸ ਵਿਚ ਨਿਪੁੰਨ ਕੀਤਾ। ਇਕ ਅਜਿਹੀ ਦ੍ਰਿੜ੍ਹ ਸ਼ਖਸੀਅਤ ਬਣਾਇਆ ਕਿ ਆਪਣੇ ਗੁਰ-ਪਿਤਾ ਜੀ ਨੂੰ ਧਰਮ ਦੀ ਰੱਖਿਆ ਕਰਨ ਲਈ ਕੁਰਬਾਨ ਹੋਣ ਭੇਜਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਉਹਨਾਂ ਦਾ ਸਾਹਿਬਜ਼ਾਦਾ ਸਿੱਖ ਕੌਮ ਦੀ ਅਗਵਾਈ ਕਰਨ ਦੇ ਸਮਰੱਥ ਹੋਵੇਗਾ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ 11 ਨਵੰਬਰ, 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਚ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਇਸ ਲਾਸਾਨੀ ਸ਼ਹੀਦੀ ਨਾਲ ਮੁਗਲਾਂ ਦਾ ਪਤਨ ਸ਼ੁਰੂ ਹੋਇਆ। ਨਵੰਬਰ 24, 1675 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਉਹਨਾਂ ਜਾਣ ਲਿਆ ਕਿ ਹੁਣ ਧਰਮ ਅਤੇ ਸਵੈ-ਰੱਖਿਆ ਲਈ ਹਥਿਆਰਬੰਦ ਹੋ ਕੇ ਜ਼ੁਲਮ ਦੇ ਖਿਲਾਫ ਜੂਝਣ ਤੋਂ ਬਿਨਾਂ ਕੋਈ ਚਾਰਾ ਨਹੀਂ।

ਗੁਰੂ ਸਾਹਿਬ ਜੀ ਨੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਦਾ ਡੂੰਘਾ ਅਧਿਐਨ ਕੀਤਾ। ਉਹ ਮੁਗਲਾਂ ਦੇ ਸਮੇਂ ਸਮੇਂ ਕੀਤੇ ਜ਼ੁਲਮਾਂ ਤੋਂ ਜਾਣੂ ਹੋਏ। ਗੁਰੂ ਸਾਹਿਬ ਜੀ ਨੇ ਅਜਿਹੇ ਹਾਲਾਤਾਂ ਵਿਚ ਦੁਸ਼ਮਣ ਨਾਲ ਟੱਕਰ ਲੈਣ ਲਈ ਵਕਤ ਸੰਭਾਲਣਾ ਸੀ। ਸਿੱਖ ਕੌਮ ਵਿਚ ਚੜ੍ਹਦੀਕਲਾ ਦਾ ਜਜ਼ਬਾ ਭਰਨ ਲਈ 1699 ਈ: ਵਿਚ ਖਾਲਸਾ ਪੰਥ ਸਾਜਿਆ। ਮਨੁੱਖ ਦੀ ਪੂਰਨ ਆਜ਼ਾਦੀ ਤੇ ਪਹਿਰਾ ਦਿੱਤਾ। ਸਿੱਖ ਧਰਮ ਦੇ ਗਣਰਾਜੀਆਂ ਨੂੰ ਖਾਲਸਾ ਫੌਜੀ ਬਣਾਉਣਾ ਸੀ। ਵਿਉਂਤਬੰਦੀ ਲਈ ਸ਼ਾਂਤ ਵਾਤਾਵਰਣ ਦੀ ਤਲਾਸ਼ ਸੀ। ਉਹ ਪਾਉਂਟਾ ਸਾਹਿਬ ਜਾ ਠਹਿਰੇ। ਨਾਹਨ ਦੇ ਰਾਜੇ ਨੇ ਗੁਰੂ ਸਾਹਿਬ ਜੀ ਨੂੰ ਉਥੇ ਹੀ ਟਿਕ ਜਾਣ ਲਈ ਜਗ੍ਹਾ ਦਿੱਤੀ। ਗੁਰੂ ਸਾਹਿਬ ਜੀ ਨੇ ਪਾਉਂਟਾ ਕਿਲਾ ਉਸਾਰ ਲਿਆ। ਗੁਰੂ ਸਾਹਿਬ ਜੀ ਦੀ ਵਧਦੀ ਫੌਜੀ ਤਾਕਤ ਤੋਂ ਮੁਗਲਾਂ ਦੇ ਨਾਲ-ਨਾਲ ਬਾਈਧਾਰ ਦੇ ਪਹਾੜੀ ਰਾਜੇ ਵੀ ਭੈਅ-ਭੀਤ ਸਨ। ਮੁਗਲ ਬਾਦਸ਼ਾਹ ਔਰੰਗਜੇਬ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਖੂਨੀ ਇਰਾਦਾ ਬਣਾ ਲਿਆ। ਇਸ ਲਈ ਜ਼ੁਲਮ ਖਿਲਾਫ ਟੱਕਰ ਹੋਣੀ ਲਾਜਮੀ ਸੀ। ਗੁਰੂ ਸਾਹਿਬ ਜੀ ਨੂੰ ਜੰਗਾਂ ਸਹੇੜਨੀਆਂ ਪਈਆਂ। ਜਿਵੇਂ ਭੰਗਾਣੀ, ਨੰਦੋਨ, ਗੁਲੇਰ ਹੁਸੈਨੀ, ਆਨੰਦਪੁਰ ਦੀ ਪਹਿਲੀ ਜੰਗ, ਨਿਰਮੋਹ, ਸਤਲੁਜ, ਬਸੌਲੀ, ਆਨੰਦਪੁਰ ਦੀ ਦੂਜੀ ਜੰਗ, ਸ਼ਾਹੀ ਟਿੱਬਾ, ਸਿਰਸਾ, ਖਿਦਰਾਣਾ ਅਤੇ ਵਿਸ਼ੇ ਅਧੀਨ ਚਮਕੌਰ ਸਾਹਿਬ ਦੀ ਜੰਗ।

ਚਲਦੀਆਂ ਜੰਗਾਂ ਵਿਚ ਆਨੰਦਪੁਰ ਦੀ 1704 ਦੀ ਜੰਗ ਤੋਂ ਮੁਗਲ ਸੈਨਿਕ ਤੰਗ ਆ ਚੁੱਕੇ ਸਨ। ਮੁਗਲ ਫੌਜਾਂ ਨੇ ਆਨੰਦਪੁਰ ਦਾ ਕਿਲਾ ਗੁਰੂ ਸਾਹਿਬ ਪਾਸੋਂ ਖਾਲੀ ਕਰਵਾਉਣ ਲਈ ਖਾਸ ਸਿਖਲਾਈ ਪ੍ਰਾਪਤ ਕੀਤੀ ਹੋਈ ਸੀ। ਫੌਜ ਦੇ ਘੇਰੇ ਵਿਚ ਗੁਰੂ ਸਾਹਿਬ ਜੀ ਕਿਲੇ ਵਿਚ ਡਟੇ ਹੋ। ਲੰਮੀ ਉਡੀਕ ਤੋਂਬਾਅਦ ਵੈਰੀ ਮਕਾਰੀ ਤੇ ਉਤਾਰ ਆਏ। ਉਹਨਾਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਸ਼ਰਤ ਰੱਖੀ ਕਿ ਜੇਕਰ ਗੁਰੂ ਸਾਹਿਬ ਜੀ ਆਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਸਾਹਿਬ ਜੀ ਨੇ 20 ਦਸੰਬਰ 1704 ਦੀ ਸਰਦ ਰਾਤ ਨੂੰ 400 ਸਿੰਘਾਂ ਸਮੇਤ ਆਨੰਦਪੁਰ ਛੱਡ ਦਿੱਤਾ।

ਸਿਆਲ ਦੀ ਕਕਰੀਲੀ ਤੂਫਾਨੀ 20-21 ਦਸੰਬਰ ਵਿਚਲੀ ਰਾਤ ਗੁਰੂ ਜੀ 25 ਕਿਲੋਮੀਟਰ ਹੀ ਲੰਘੇ ਸਨ ਕਿ ਵੈਰੀ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਿਰਸਾ ਨਦੀ ਤੇ ਘਮਸਾਨ ਦੀ ਜੰਗ ਹੋਈ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਰਹੇ। ਕਈ ਸਿੰਘ ਸ਼ਹੀਦੀਆਂ ਪਾਉਂਦੇ ਗਏ। ਸਿੰਘ ਦੁਸ਼ਮਣ ਦਾ ਰਾਹ ਰੋਕ ਕੇ ਲੜਦੇ ਰਹੇ। ਬਾਕੀਆਂ ਨੂੰ ਸਿਰਸਾ ਪਾਰ ਕਰਵਾਉਂਦੇ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨਾਲ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਇਸ ਜੰਗ ਵਿਚ ਡਟੇ ਰਹੇ। ਮੁਗਲ ਗਿਣਤੀ ਵਿਚ ਬਹੁਤ ਸਨ। ਇਸ ਮੁਕਾਬਲੇ ਵਿਚ ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ ਸ਼ਹੀਦੀ ਪਾ ਗਏ। ਇਸ ਅਸਥਾਨ ਤੇ ਇਹਨਾਂ ਦੀ ਯਾਦਗਾਰ ਬਣੀ ਹੈ। ਗੁਰੂ ਜੀ ਦਾ ਪਰਿਵਾਰ ਵਿਛੜ ਗਿਆ। ਉਥੇ ਗੁਰਦੁਆਰਾ ਸਾਹਿਬ 'ਪਰਿਵਾਰ ਵਿਛੋੜਾ' ਸੁਸ਼ੋਭਿਤ ਹੈ। ਸਿਰਸਾ ਤੋਂ ਪਾਰ ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਸਨ ਤੇ ਰੋਪੜ ਵੱਲ ਚੱਲ ਪਏ। ਰੋਪੜ ਦੇ ਕੋਲ ਜਾ ਕੇ ਠਾਹਰ ਬਣਾਈ।

ਚੌਧਰੀ ਬੁਧੀਚੰਦ ਜ਼ਿਮੀਦਾਰ ਨੇ ਕਿਹਾ ਕਿ ਗੁਰੂ ਜੀ ਦੁਸ਼ਮਣ ਦੀਆਂ ਫੌਜਾਂ ਪਿੱਛਾ ਕਰ ਰਹੀਆਂ ਹਨ। ਤੁਸੀਂ ਮੇਰੀ ਕੱਚੀ ਹਵੇਲੀ ਵਿਚ ਚਲੇ ਜਾਓ। ਗੁਰੂ ਜੀ ਇਸ ਉਚੀ ਹਵੇਲੀ ਕੱਚੀ-ਗੜ੍ਹੀ ਨੂੰ ਵੇਖ ਕੇ ਮੁਸਕਰਾਏ ਕਿ ਇੱਥੇ ਖਾਲਸੇ ਦਾ ਸਾਹਸ ਅਤੇ ਸੂਰਬੀਰਤਾ ਦਾ ਇਤਿਹਾਸ ਲਿਖਿਆ ਜਾਣਾ ਹੈ। ਇੱਥੇ ਫੈਸਲਾਕੁੰਨ ਜੰਗ ਸੰਭਵ ਹੈ। ਗੁਰੂ ਜੀ ਨ ਆਪਣੀ ਫੌਜੀ ਸੂਝ ਨਾਲ ਕੱਚੀ ਗੜ੍ਹੀ ਨੂੰ ਰਣਨੀਤੀ ਦੇ ਆਧਾਰ ਤੇ ਫੌਜੀ ਕਿਲੇ ਦਾ ਰੂਪ ਦੇ ਦਿੱਤਾ। ਮੋਰਚਾਬੰਦੀ ਕਰਦਿਆਂ ਗੁਰੂ ਜੀ ਨੇ ਸਿੰਘਾਂ ਨੂੰ ਹਥਿਆਰਬੰਦ ਦਸਤਿਆਂ ਵਿਚ ਵੰਡ ਲਿਆ। ਵੈਰੀ ਦੀਆਂ ਫੌਜਾਂ ਲਾਗਲੇ ਮੈਦਾਨਾਂ ਵਿਚ ਪਹੁੰਚ ਚੁੱਕੀਆਂ ਸਨ। ਇਕ ਪਾਸੇ ਗੁਰੂ ਜੀ ਦੇ ਨਾਲ ਲੰਮੇ ਜੰਗਾਂ ਦੀ ਥਕਾਵਟ ਨਾਲ ਸਤਾਏ ਭੁੱਖਣਭਾਣੇ 40 ਸਿੰਘ ਸਨ। ਦੂਸਰੇ ਪਾਸੇ ਸਿਖਲਾਈ ਪ੍ਰਾਪਤ ਵੈਰੀ ਸਨ। ਗੁਰੂ ਜੀ ਨੇ ਕਥਨ ਅਨੁਸਾਰ ਦੁਸ਼ਮਣ ਦੀ ਫੌਜ ਦੀ ਗਿਣਤੀ 10 ਲੱਖ ਸੀ। ਜੋ ਨਵਾਬ ਵਜ਼ੀਰ ਖਾਨ ਦੀ ਅਗਵਾਈ ਹੇਠ ਸੀ। ਗੁਰੂ ਜੀ ਨੇ ਇੱਥੋਂ ਤੀਰਾਂ ਦੀ ਬੁਛਾੜ ਨਾਲ ਜੰਗ ਦਾ ਐਲਾਨ ਕਰ ਦਿੱਤਾ।

ਮੁਗਲ ਫੌਜਾਂ ਨੇ ਵੀ ਗੋਲੀਆਂ ਵਰਸਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਕੱਚੀ ਗੜ੍ਹੀ ਦੇ ਨੇੜੇ ਆਉਣ ਦੀ ਕਿਸੇ ਨੇ ਹਿੰਮਤ ਨਾ ਕੀਤੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਦੁਸ਼ਮਣ ਦੇ ਮੁੱਖ ਸਰਦਾਰਾਂ ਨੂੰ ਸਿੱਧਾ ਨਿਸ਼ਾਨਾ ਬਣਾਇਆ ਜਾਵੇ। ਮੁਗਲ ਜਰਨੈਲ ਨਾਹਰ ਖਾਨ ਨੇ ਕੱਚੀ ਗੜ੍ਹੀ ਦੀ ਕੰਧ ਨਾਲ ਪੌੜੀ ਲਾ ਕੇ ਮਮਟੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ। ਗੁਰੂ ਜੀ ਨੇ ਤੀਰ ਨਾਲ ਉਸਨੂੰ ਉਡਾ ਦਿੱਤਾ। ਫਿਰ ਗਨੀ ਖਾਨ ਅੱਗੇ ਆਇਆ। ਗੁਰੂ ਜੀ ਨੇ ਉਸਨੂੰ ਵੀ ਚਿੱਤ ਕਰ ਦਿੱਤਾ। ਜਰਨੈਲ ਮਹਿਮੂਦ ਅਲੀ ਨੇ ਆਪਣੇ ਸਾਥੀਆਂ ਨੂੰ ਮਰਦੇ ਵੇਖਿਆ ਤਾਂ ਉਹ ਕੰਧ ਦੀ ਓਟ ਵਿਚ ਭੱਜ ਗਿਆ। ਵੈਰੀ ਦੀਆਂ ਫੌਜਾਂ ਭੈ-ਭੀਤ ਹੋ ਗਈਆਂ। ਨਵਾਬ ਸਰਹਿੰਦ ਨੇ ਹੁਕਮ ਦਿੱਤਾ ਕਿ ਇੱਕੋ ਹੱਲੇ ਨਾਲ ਕੱਚੀ ਗੜ੍ਹੀ ਸਰ ਕਰ ਲਈ ਜਾਵੇ ਤਾਂ ਜੋ ਫੈਸਲਾਕੁੰਨ ਯੁੱਧ ਲੜਿਆ ਜਾ ਸਕੇ। ਤਦ ਜਰਨੈਲ ਹਦਾਇਤ ਖਾਂ, ਇਜ਼ਮਾਈਲ ਖਾਂ, ਫੌਲਾਦ ਖਾਂ, ਸੁਲਤਾਨ ਖਾਂ, ਜ਼ਹਾਨ ਖਾਂ, ਅਸਲਮ ਖਾਂ, ਭੂਰੇ ਖਾਂ ਦੀਆਂ ਫੌਜਾਂ ਕੱਚੀ ਗੜ੍ਹੀ ਵੱਲ ਵਧੀਆਂ।

ਗੁਰੂ ਜੀ ਬਾਹਰ ਦਾ ਦ੍ਰਿਸ਼ ਵੇਖ ਰਹੇ ਸਨ। ਆਪ ਹੁਣ ਗੜ੍ਹੀ ਦੀ ਉਚੀ ਮਮਟੀ ਤੇ ਚਲੇ ਗਏ। ਦੋਵੇਂ ਸਾਹਿਬਜ਼ਾਦੇ ਵੀ ਨਾਲ ਸਨ। ਸਿੰਘਾਂ ਨੇ ਵੀ ਚੌਹੀਂ ਪਾਸੀਂ ਮੋਰਚੇ ਸੰਭਾਲ ਲਏ। ਭਾਈ ਮਦਨ ਸਿੰਘ ਤੇ ਭਾਈ ਗੰਡਾ ਸਿੰਘ ਗੜ੍ਹੀ ਦੇ ਮੁੱਖ ਦੁਆਰ ਤੇ ਤਾਇਨਾਤ ਸਨ। ਤਲਵਾਰ, ਤੀਰ, ਨੇਜ਼ੇ ਭਾਲੇ ਲੈ ਕੇ ਮੁਕਾਬਲੇ ਲਈ ਤਿਆਰ ਹੋ ਗਏ। ਸਿੰਘ ਚੜ੍ਹਦੀਕਲਾ ਵਿਚ ਸਨ। ਉਹਨਾਂ ਨੂੰ ਮਾਣ ਸੀ ਕਿ ਧਰਮ ਯੁੱਧ ਵਿਚ ਉਹ ਗੁਰੂ ਜੀ ਦੇ ਨਾਲ ਹਨ। ਵੈਰੀ ਦੀਆਂ ਫੌਜਾਂ ਆਣ ਪਹੁੰਚੀਆਂ।

22 ਦਸੰਬਰ 1704 ਨੂੰ ਚਮਕੌਰ ਵਿਚ ਉਹ ਯੁੱਧ ਹੋਇਆ ਜੋ ਸੰਸਾਰ ਦੀਆਂ ਮਿਸਾਲੀ ਯੁੱਧਾਂ ਵਿਚ ਸ਼ਾਮਲ ਹੋ ਗਿਆ। ਜਦੋਂ ਵੈਰੀ ਦੀ ਫੌਜ ਗੜ੍ਹੀ ਦੇ ਨੇੜੇ ਆਈ ਤਾਂ ਗੁਰੂ ਜੀ ਨੇ ਅਜਿਹੀ ਵਿਉਂਤ ਬਣਾਈ ਕਿ ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਵਿਚ ਭੇਜਿਆ। ਸਿੰਘ ਜੈਕਾਰਿਆਂ ਦੀ ਗੂੰਜ ਵਿਚ ਵੈਰੀ ਤੇ ਟੁੱਟ ਪਏ। ਉਪਰੋਂ ਗੁਰੂ ਜੀ ਅਤੇ ਸਾਹਿਬਜ਼ਾਦਿਆਂ ਨੇ ਤੀਰਾਂ ਦੀ ਝੜੀ ਲਗਾ ਦਿੱਤੀ। ਦੋ ਘੰਟੇ ਘਮਸਾਨ ਦਾ ਯੁੱਧ ਹੋਇਆ। ਖੰਡਾ ਖੜਕਿਆ। ਤੀਰ ਨੇਜ਼ੇ ਤਲਵਾਰਾਂ ਭਾਲੇ ਚੱਲੇ। ਸਰਦੀ ਦੀ ਸਵੇਰ ਵਿਚ ਯੁੱਧ ਦਾ ਮੈਦਾਨ ਮਘ ਗਿਆ। ਕੱਚੀ ਗੜ੍ਹੀ ਤੋਂ ਆਉਂਦੇ ਤੀਰਾਂ ਨੇ ਵੈਰੀਆਂ ਨੂੰ ਵਿੰਨ ਸੁੱਟਿਆ। ਵੈਰੀ ਹੈਰਾਨ ਸਨ ਕਿ ਮੁੱਠੀ ਭਰ ਸਿੰਘਾਂ ਦਾ ਮੁਕਾਬਲਾ ਏਨਾ ਭਿਆਨਕ ਕਿਵੇਂ ਹੋ ਸਕਦਾ ਹੈ। ਚਮਕੌਰ ਦੀ ਧਰਤੀ ਖੂਨ ਨਾਲ ਰੰਗੀ ਗਈ। ਖੂਨ ਦੇ ਘਾਣ ਮੱਚ ਗਏ। ਸਿੰਘਾਂ ਨੇ ਬੇਮਿਸਾਲ ਬੀਰਤਾ ਦ੍ਰਿੜਤਾ ਨਾਲ ਟਾਕਰਾ ਕੀਤਾ। ਬਹਾਦਰੀ ਦੇ ਜੌਹਰ ਦਿਖਾਉਂਦੇ ਪੰਜ ਸਿੰਘਾਂ ਦਾ ਜਥਾ ਸ਼ਹੀਦ ਹੋ ਗਿਆ। ਗੁਰੂ ਜੀ ਨੇ ਦੂਸਰਾ ਜੱਥਾ ਮੈਦਾਨ ਵਿਚ ਉਤਾਰਿਆ, ਉਹ ਵੀ ਅਨੇਕਾਂ ਦੁਸ਼ਮਣਾਂ ਦਾ ਮੁਕਾਬਲੇ ਕਰਦੇ ਮਾਰ ਮੁਕਾਉਂਦੇ ਸ਼ਹੀਦੀ ਪਾ ਗਿਆ।

ਹੁਣ ਸਿੰਘ ਜਾਣ ਗਏ ਸਨ ਕਿ ਇੰਨੇ ਵੱਡੇ ਲਾਮ ਲਸ਼ਕਰ ਦਾ ਸਾਹਮਣਾ ਕਰਦਿਆਂ ਸ਼ਹੀਦੀਆਂ ਨਿਸਚਿਤ ਹਨ। ਉਹਨਾਂ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਸੁਰੱਖਿਅਤ ਨਿਕਲ ਜਾਓ। ਗੁਰੂ ਜੀ ਨੇ ਕਿਹਾ ਕਿ ਇਸ ਰਣਤੱਤੇ ਵਿਚ ਹਰ ਸਿੱਖ ਮੇਰਾ ਸਾਹਿਬਜ਼ਾਦਾ ਹੈ। ਅਸੀਂ ਇਕੱਠੇ ਲੜਾਂਗੇ ਤੇ ਜਿੱਤ ਸਾਡੀ ਹੋਵੇਗੀ। ਇਹ ਸੁਣ ਕੇ ਸਿੰਘ ਜੋਸ਼ ਵਿਚ ਆ ਕੇ ਫਿਰ ਤਿਆਰ- ਬਰ-ਤਿਆਰ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰਪਿਤਾ ਤੋਂ ਯੁੱਧ ਵਿਚ ਜਾਣ ਦੀ ਆਗਿਆ ਮੰਗੀ। ਗੁਰਾਂ ਨੇ ਆਪਣੇ ਹੱਥੀਂ ਸ਼ਸ਼ਤਰ ਦੇ ਕੇ ਅੱਠ ਸਿੰਘਾਂ ਦਾ ਜਥਾ ਨਾਲ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਮੈਦਾਨ ਵਿਚ ਆ ਗਏ। ਵੈਰੀ ਦੀਆਂ ਫੌਜਾਂ ਨੇ ਚਾਰੇ ਪਾਸਿਆਂ ਤੋਂ ਘੇਰ ਲਿਆ। ਬੜੀ ਬੀਰਤਾ ਨਾਲ ਤੀਰਾਂ ਦੇ ਵਾਰ ਕੀਤੇ ਤੇ ਵੈਰੀ ਦੀਆਂ ਛਾਤੀਆਂ ਵਿੰਨ ਦਿੱਤੀਆਂ। ਦੁਸ਼ਮਣ ਨੂੰ ਵੰਗਾਰਿਆ ਕਿ ਸਾਹਮਣੇ ਆਓ। ਵੈਰੀ ਦੇ ਸਿਪਾਹੀ ਆ ਗਏ ਪਰ ਸਾਹਿਬਜ਼ਾਦੇ ਅੱਗੇ ਟਿਕ ਨਾ ਸਕੇ ਅਤੇ ਪਿੱਛੇ ਹਟਦੇ ਗਏ। ਦੁਸ਼ਮਣ ਸਰਦਾਰ ਨੇ ਵਾਰ ਕੀਤਾ ਘੋੜਾ ਜ਼ਖਮੀ ਹੋ ਗਿਆ। ਪੈਦਲ ਹੀ ਜੰਗ ਜਾਰੀ ਰੱਖੀ। ਉਹ ਇਕੱਠੇ ਪੈ ਗਏ, ਵੈਰੀ ਨੇ ਇਕੋ ਹੱਲੇ ਨਾਲ ਸ਼ਹੀਦ ਕਰ ਦਿੱਤੇ। ਗੁਰੂ ਜੀ ਮਮਟੀ ਤੋਂ ਸਾਹਿਬਜ਼ਾਦੇ ਨੂੰ ਸ਼ਹੀਦ ਹੁੰਦਾ ਵੇਖ ਰਹੇ ਸਨ ਪਰ ਸਾਹਿਬਜ਼ਾਦੇ ਦੇ ਜੌਹਰ ਤੇ ਉਹਨਾਂ ਨੂੰ ਮਾਣ ਸੀ। ਉਹਨਾਂ ਅਕਾਲ ਪੁਰਖ ਦਾ ਸ਼ੁਕਰ ਮਨਾਇਆ।

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਇਹ ਸ਼ਹੀਦੀ ਵੇਖ ਕੇ ਆਪਣਾ ਫਰਜ਼ ਯਾਦ ਆਇਆ। ਉਹਨਾਂ ਨੇ ਗੁਰ ਪਿਤਾ ਤੋਂ ਆਪਣਾ ਫਰਜ਼ ਨਿਭਾਉਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਦੇ ਨਾਲ ਯੁੱਧ ਵਿਚ ਭੇਜਿਆ। ਜੈਕਾਰਿਆਂ ਦੀ ਗੂੰਜ ਵਿਚ ਯੁੱਧ ਵਿਚ ਜਾ ਪਹੁੰਚੇ। ਯੁੱਧ ਦਾ ਮੈਦਾਨ ਫਿਰ ਤੋਂ ਭਖ ਗਿਆ। ਲਾਸ਼ਾਂ ਦੇ ਢੇਰ ਵਿਚ ਯੁੱਧ ਹੋਇਆ। ਸਾਹਿਬਜ਼ਾਦਾ ਅਜੀਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਵੈਰੀ ਹੋਰ ਸਰਗਰਮ ਹੋ ਉਠਿਆ। ਵੈਰੀ ਦੀ ਗਿਣਤੀ ਬਹੁਤ ਜ਼ਿਆਦਾ ਸੀ। ਵੈਰੀ ਨੇ ਸਾਹਿਬਜ਼ਾਦੇ ਦੇ ਜਥੇ ਨੂੰ ਆਣ ਘੇਰਿਆ। ਸਾਹਿਬਜ਼ਾਦੇ ਨੇ ਨੇਜ਼ਾਂ ਸੂਤ ਲਿਆ। ਉਹ ਜਿੱਧਰ ਵੀ ਨੇਜ਼ਾ ਘੁੰਮਾਉਂਦੇ ਵੈਰੀ ਨੂੰ ਮਾਰ ਮੁਕਾਉਂਦੇ। 'ਸਵਾ ਲਾਖ ਸੇ ਏਕ ਲੜਾਊਂ' ਦਾ ਪ੍ਰਮਾਣ ਪ੍ਰਤੱਖ ਕਰ ਵਿਖਾਇਆ। ਵੈਰੀ ਨੇ ਸਾਹਿਬਜ਼ਾਦੇ ਨੂੰ ਪੂਰੀ ਤਰ੍ਹਾਂ ਘੇਰ ਲਿਆ। ਉਹ ਫਿਰ ਵੀ ਤੇਗ ਵਾਹੁੰਦੇ ਗਏ। ਸਾਹਿਬਜ਼ਾਦੇ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ਸੂਰਜ ਦੇ ਛਿਪਣ ਤੱਕ ਜੰਗ ਜਾਰੀ ਰਹੀ। ਇਸ ਅਸਾਵੀਂ ਜੰਗ ਵਿਚ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਥਾ ਸ਼ਹੀਦੀ ਪਾ ਗਿਆ। ਗੁਰੂ ਜੀ ਨੇ ਕਿਹਾ ਕਿ ਮੈਂ ਅਕਾਲ ਪੁਰਖ ਦੀ ਅਮਾਨਤ ਅਦਾ ਕੀਤੀ।

ਸੂਰਜ ਛਿਪਣ ਤੇ ਜੰਗ ਖਤਮ ਹੋਈ। ਸਿੰਘ ਗੁਰੂ ਜੀ ਨਾਲ ਕੱਚੀ-ਗੜ੍ਹੀ ਵਿਚ ਜਾ ਬੈਠੇ। ਗੁਰੂ ਜੀ ਨੇ ਕਿਹਾ ਵੈਰੀ ਨਾਲ ਮਰਦੇ ਦਮ ਤੱਕ ਜੰਗ ਜਾਰੀ ਰਹੇਗੀ। ਸਾਡਾ ਹੁਣ ਸੂਰਮਿਆਂ ਵਾਂਗ ਸ਼ਹੀਦੀ ਪਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਹੁਣ ਖਾਲਸੇ ਨੂੰ ਅਕਾਲ ਪੁਰਖ ਦੀ ਓਟ ਹੈ। ਰਣਭੂਮੀ ਵਿਚ ਪਿੱਠ ਨਹੀਂ ਦਿਖਾਉਣੀ। ਧਰਮ ਹੇਤ ਕੁਰਬਾਨ ਹੋਣਾ ਹੈ। ਕੱਚੀ ਗੜ੍ਹੀ ਵਿਚ ਬਚੇ 11 ਸਿੰਘਾਂ ਨੇ ਗੁਰੂ ਜੀ ਨੂੰ ਕਿਹਾ ਕਿ ਗੜ੍ਹੀ ਛੱਡ ਜਾਓ।ਪੰਜ ਪਿਆਰਿਆਂ ਦੀ ਗੁਰੂ ਜੀ ਨਾਲ ਗੱਲ ਕਰਨ ਦੀ ਚੋਣ ਨਾਲ ਭਾਈ ਦਯਾਸਿੰਘ ਜੀ ਦੀ ਅਗਵਾਈ ਹੇਠ, ਗੁਰੂ ਜੀ ਨੂੰ ਕਿਹਾ ਕਿ ਆਪ ਜੀ ਦੀ ਸ਼ਹੀਦੀ ਨਾਲ ਪੰਥ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਪੰਥ ਨੂੰ ਆਪ ਜੀ ਦੀ ਅਗਵਾਈ ਦੀ ਹਮੇਸ਼ਾ ਜ਼ਰੂਰਤ ਹੈ। ਇਸ ਲਈ ਆਪ ਸੁਰੱਖਿਅਤ ਚਲੇ ਜਾਓ। ਪੰਜ ਪਿਆਰਿਆਂ ਦਾ ਪੰਥਕ ਹੁਕਮ ਮੰਨਣਾ ਪਿਆ। ਗੁਰੂ ਜੀ ਨੇ ਦ੍ਰਿੜ੍ਹ ਹੋ ਕੇ ਕਿਹਾ ਕਿ ਉਹ ਪਿੱਠ ਵਿਖਾ ਕੇ ਨਹੀਂ ਜਾਣਗੇ, ਸਗੋਂ ਦੁਸ਼ਮਣ ਨੂੰ ਵੰਗਾਰ ਕੇ ਜਾਣਗੇ।

ਕਲਗੀਆਂ ਵਾਲੇ ਪਾਤਸ਼ਾਹ ਨੇ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਤਿੰਨ ਸਿੰਘਾਂ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਸੁਣਾਇਆ। ਆਪਣੇ ਹਮ ਸ਼ਕਲ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਸਜਾ ਕੇ ਆਪਣੀ ਪੁਸ਼ਾਕ ਸਜਾ ਕੇ ਉਚੀ ਮਮਟੀ ਵਿਚ ਬਿਠਾ ਦਿੱਤਾ। ਅੱਧੀ ਰਾਤ ਨੂੰ ਗੁਰੂ ਜੀ ਨੇ ਬੁਰਜ਼ ਉਤੇ ਖੜ੍ਹੇ ਹੋ ਕੇ ਵੰਗਾਰਿਆ ਕਿ 'ਪੀਰੇ ਹਿੰਦ ਮੇ ਰਵੱਦ'- ਹਿੰਦ ਦਾ ਪੀਰ ਚਲਾ ਗਿਆ।

ਵੈਰੀ ਦੀਆਂ ਫੌਜਾਂ ਵਿਚ ਇੱਕਦਮ ਹੜਬੜੀ ਮੱਚ ਗਈ। ਰਾਹ ਵਿਚ ਮਿਸ਼ਾਲਚੀ ਪਹਿਰੇ ਤੇ ਸੀ। ਗੁਰੂ ਜੀ ਨੇ ਮਿਸ਼ਾਲ ਤੇ ਨਿਸ਼ਾਨਾ ਲਗਾ ਕੇ ਮਿਸ਼ਾਲ ਬੁਝਾ ਦਿੱਤੀ। ਫਿਰ ਤੋਂ 23 ਦਸੰਬਰ, 1704 ਦੀ ਸਵੇਰ ਨੂੰ ਦੁਸ਼ਮਣ ਨੇ ਹੱਲਾ ਕਰ ਦਿੱਤਾ। ਸਿੰਘ ਮੁਕਾਬਲੇ ਲਈ ਬਾਹਰ ਨਿਕਲ ਆਏ। ਜਮ ਕੇ ਟਾਕਰਾ ਹੋਇਆ। ਸਿੰਘਾਂ ਨੇ ਕਈ ਦੁਸ਼ਮਣਾਂ ਨੂੰ ਮਾਰ ਮੁਕਾਇਆ। ਗੁਰੂ ਦੇ ਰਾਹ ਤੇ ਗੁਰੂ ਦੇ ਵਾਅਦੇ ਤੇ ਵਾਰੋ-ਵਾਰੀ ਸ਼ਹੀਦੀਆਂ ਪਾ ਗਏ। ਉਹਨਾਂ ਨਿਡਰ ਯੋਧਿਆਂ ਦੀ ਲਾਸਾਨੀ ਕੁਰਬਾਨੀ ਕੌਮ ਵਿਚ ਵੱਡੀ ਮਿਸਾਲ ਹੈ। ਜਰਨੈਲਾਂ ਨੂੰ ਖਬਰ ਹੋਈ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ ਹਨ। ਪਰ ਇਹ ਤਾਂ ਇਕ ਭੁਲੇਖਾ ਸੀ।

ਗੁਰੂ ਜੀ ਤਾਂ ਮਾਛੀਵਾੜੇ ਦੇ ਜੰਗਲਾਂ ਵਿਚ ਜਾ ਪਹੁੰਚੇ ਸਨ। ਕੁਝ ਦਿਨਾਂ ਬਾਅਦ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਵੀ ਗੁਰੂ ਜੀ ਦੇ ਕੋਲ ਜਾ ਪਹੁੰਚੇ। ਦੋ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖਬਰ, ਗੁਰੂ ਜੀ ਨੂੰ ਇੱਥੇ ਹੀ ਮਿਲੀ। ਗੁਰੂ ਜੀ ਨੇ 'ਕਾਈ ਦੇ ਬੂਟੇ' ਨੂੰ ਉਖੇੜ ਕੇ ਫੁਰਮਾਇਆ ਕਿ ''ਇਹ ਮੁਗਲ ਰਾਜ ਹੁਣ ਜੜ੍ਹੋਂ ਪੁੱਟਿਆ ਗਿਆ।'

ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਫਾਰਸੀ ਕਵਿਤਾ ਵਿਚ ਚਿੱਠੀ ਲਿਖੀ, ਜਿਸਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ। ਉਸ ਵਿਚ ਵੀ ਚਮਕੌਰ ਦੀ ਜੰਗ ਦਾ ਬਿਰਤਾਂਤ ਹੈ।

## ਕਾਵਿ ਵਿਅੰਗ ਤਿੰਨਾਂ ਜਣਿਆਂ ਨੂੰ ਸਬਕ!

'ਦੇਵ-ਭੂੰਮੀ' ਦੇ 'ਪੰਜਾ' ਹਮਾਇਤੀਆਂ ਨੇ
ਦੇਖੋ ਕਮਲ ਨੂੰ 'ਕਮਲ਼ਾ' ਬਣਾਇ ਦਿੱਤਾ।
ਦਿੱਲੀ ਵਾਸੀਆਂ 'ਝਾੜੂ' ਨੂੰ ਪਿਆਰ ਕਰਕੇ
ਪੰਜੇ-ਕਮਲ ਨੂੰ 'ਠੋਕ' ਠੁਕਰਾਇ ਦਿੱਤਾ।
ਵਾਰ ਸੱਤਵੀਂ ਕਮਲ ਦੀਆਂ ਪੱਤੀਆਂ 'ਤੇ
ਗੁਜਰਾਤੀਆਂ 'ਇਤਰ' ਛਿੜਕਾਇ ਦਿੱਤਾ।
ਪਹਿਲੀ ਵਾਰ ਕੁੱਝ ਸੀਟਾਂ ਹੀ ਜਿੱਤਣੇ ਦਾ
ਉੱਥੇ 'ਝਾੜੂ' ਇਤਹਾਸ ਦੁਹਰਾਇ ਦਿੱਤਾ।
ਤਿੰਨ ਨਿਸ਼ਾਨਾਂ ਨੂੰ 'ਕੱਠਿਆਂ ਮੱਤ ਦੇ ਕੇ
ਦੋ ਦੋ ਥਾਵਾਂ 'ਤੇ 'ਠੁੱਠ' ਵਿਖਾਇ ਦਿੱਤਾ।
ਹੁੰਦੀ 'ਨਬਜ਼' ਹਮੇਸ਼ਾਂ ਹੱਥ ਵੋਟਰਾਂ ਦੇ
ਤਿੰਨਾਂ ਤਾਈਂ ਹੀ ਸਬਕ ਸਿਖਾਇ ਦਿੱਤਾ!

-ਤਰਲੋਚਨ ਸਿੰਘ
'ਦੁਪਾਲ ਪੁਰ'
91-78146-92724



## ਮਾਂ ਭੋਲੀ

ਕਿੱਥੋਂ ਦੌਲਤ ਲਿਆਈਏ ਜੇ,
ਮਾਂ ਬੀਮਾਰ ਕਿੰਝ ਬਚਾਈਏ ਜੇ।
ਨਾ ਲੱਖ ਨਾ ਗਹਿਣੇ ਮੈਕੋਂ,
ਮੌਤ ਸਸਤੀ ਗਲ਼ ਲੱਗ ਜਾਈਏ ਜੇ।
ਪੀੜ੍ਹ ਮੇਰੀ ਨੂੰ ਕੋਈ ਨਾ ਜਾਣੇ,
ਸਰਕਾਰ ਕਿੱਤੇ ਝੂਠੇ ਵੀ ਦਿੱਖ ਪਾਈਏ ਜੇ।

ਹੰਝੂ ਵੱਗ ਮੈ ਰੋਂਦੀ ਸਾਂ ਮਾਂ,
ਇੱਥੇ ਕੋਈ ਨਾ ਸੁਣ ਮੇਰੀ ਮਾਈਏ ਜੇ।
ਦੁੱਖ ਸੁੱਖ ਵਿੱਚ ਤੂੰ ਸਾਥ ਦਿੱਤਾ,
ਜਿੰਦਗੀ ਖੋਹ ਮੈਤੋਂ ਮਾਂ ਮੈ ਸਤਾਈਏ ਜੇ।
ਪੀੜ੍ਹ ਮੇਰੀ ਨੂੰ ਕੋਈ ਨਾ ਜਾਣੇ,
ਸਰਕਾਰ ਕਿੱਤੇ ਝੂਠੇ ਵੀ ਦਿੱਖ ਪਾਈਏ ਜੇ।

ਮਾਂ ਬਿਨ ਮੇਰਾ ਹੋਰ ਨਾ ਕੋਈ,
ਰਾਹ ਕੱਲੀ ਹੋਸ਼ ਨਾ ਧੱਕੇ ਖਾਈਏ ਜੇ।
ਹੱਥ ਜੋੜੇ ਬੜੀ ਮਿੰਨਤ ਕੀਤੀ,
ਮਾਂ ਮੇਰੀ ਕਿਸੇ ਨਾ ਜਾਨ ਬਚਾਈਏ ਜੇ।
ਪੀੜ੍ਹ ਮੇਰੀ ਨੂੰ ਕੋਈ ਨਾ ਜਾਣੇ,
ਸਰਕਾਰ ਕਿੱਤੇ ਝੂਠੇ ਵੀ ਦਿੱਖ ਪਾਈਏ ਜੇ।

ਰਿਸ਼ਤੇ ਨਿਭਾਏ ਗਲ਼ ਤੱਕ ਲਾਏ,
ਮਾਂ ਭੋਲੀ ਉਹਨੂੰ ਨਾ ਸਮਝ ਆਈਏ ਜੇ।
ਇੱਕੋ ਸਵਾਲ ਜਹਿਣ ਹੈ ਦਿਲ ਵਿੱਚ,
ਕੀ ਰਿਸ਼ਤਾ ਨਿਭਾ ਸਾਕ ਧਿਆਈਏ ਜੇ।
ਪੀੜ੍ਹ ਮੇਰੀ ਨੂੰ ਕੋਈ ਨਾ ਜਾਣੇ,
ਸਰਕਾਰ ਕਿੱਤੇ ਝੂਠੇ ਵੀ ਦਿੱਖ ਪਾਈਏ ਜੇ।

ਚਵੰਨੀ ਦੀ ਗੱਲ ਧੇਲਾ ਜਰੂਰੀ,
ਕੀ ਰਿਸ਼ਤੇ ਕੀ ਖੂਨ ਹੱਥ ਮਿਲਾਈਏ ਜੇ।
ਕਾਤਲ ਸਬਨਾਂ ਇੱਕ ਮਿੱਕ ਲੱਗਣ,
ਮਾਂ ਮੇਰੀ ਹਰਜੋਈ ਕਿੰਝ ਪਰਤਾਈਏ ਜੇ।
ਪੀੜ੍ਹ ਮੇਰੀ ਨੂੰ ਕੋਈ ਨਾ ਜਾਣੇ,
ਸਰਕਾਰ ਕਿੱਤੇ ਝੂਠੇ ਵੀ ਦਿੱਖ ਪਾਈਏ ਜੇ।

ਗੌਰਵ ਧੀਮਾਨ
91-76268-18016





# ਪੰਜਾਬ ਦੀ ਖੇਤੀਬਾੜੀ ਨੀਤੀ ਬਣਾਉਣ ਸੰਬੰਧੀ ਕੁਝ ਮਸਲੇ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

5 ਦਸੰਬਰ, 2022 ਨੂੰ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇ ਕਮਿਸ਼ਨ ਵੱਲੋਂ 'ਪੰਜਾਬ ਦਾ ਖੇਤੀ ਵਿਕਾਸ ਮਾਡਲ-ਕੁਝ ਨੀਤੀਗਤ ਮੁੱਦੇ' ਵਿਸ਼ੇ ਉੱਤੇ ਕਰਵਾਈ ਗਈ ਵਿਚਾਰ-ਚਰਚਾ ਵਿਚ ਪੰਜਾਬ ਦੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 2023-24 ਦੇ ਮਾਲੀ ਸਾਲ ਦੇ ਸ਼ੁਰੂ ਤੱਕ ਸੂਬੇ ਦੀ ਨਵੀਂ ਖੇਤੀਬਾੜੀ ਨੀਤੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਅਨੁਸਾਰ ਸੂਬੇ ਦੀ ਭੂਗੋਲਿਕ ਸਥਿਤੀ, ਫ਼ਸਲੀ ਸਿਹਤ, ਪਾਣੀ ਦੀ ਉਪਲੱਭਤਾ ਨੂੰ ਨਵੀਂ ਖੇਤੀਬਾੜੀ ਨੀਤੀ ਦਾ ਆਧਾਰ ਬਣਾਇਆ ਜਾਵੇਗਾ। ਇੱਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਪਿਛਲੇ ਇਕ ਦਹਾਕੇ ਵਿਚ ਪੰਜਾਬ ਦੀ ਖੇਤੀਬਾੜੀ ਨੀਤੀ ਬਣਾਉਣ ਸਬੰਧੀ ਦੋ ਖਰੜੇ ਤਿਆਰ ਕੀਤੇ ਗਏ ਸਨ, ਪਰ ਉਹ ਕਿਸੇ ਵੀ ਕੰਢੇ ਨਹੀਂ ਲੱਗੇ। ਪਹਿਲੀ ਵਾਰ 2013 ਵਿਚ ਡਾ. ਜੀ.ਐੱਸ. ਕਾਲਕਟ ਅਤੇ 2018 ਵਿਚ ਅਜੇਵੀਰ ਜਾਖੜ ਦੀ ਅਗਵਾਈ ਵਿਚ ਇਹ ਖਰੜੇ ਤਿਆਰ ਕੀਤੇ ਸਨ, ਪਰ ਉਸ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਖਰੜਿਆਂ ਉੱਪਰ ਵਿਚਾਰ-ਵਟਾਂਦਰਾ ਕਰਕੇ ਇਨ੍ਹਾਂ ਦੇ ਆਧਾਰ ਉੱਤੇ ਲਵੀਂ ਖੇਤੀਬਾੜੀ ਨੀਤੀ ਤਿਆਰ ਨਹੀਂ ਕੀਤੀ।

ਕਰੋਨਾ ਮਹਾਮਾਰੀ ਨੇ ਇਹ ਤੱਥ ਚੰਗੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੈ ਕਿ ਮਨੁੱਖੀ ਜ਼ਿੰਦਗੀ ਲਈ ਰੋਟੀ ਸਭ ਤੋਂ ਅਹਿਮ ਹੈ। ਮਨੁੱਖਾਂ ਦਾ ਕਾਰਾਂ, ਕੋਠੀਆਂ, ਹਵਾਈ ਜਹਾਜ਼ਾਂ ਦੇ ਸਫ਼ਰ, ਫੋਨਾਂ ਅਤੇ ਹੋਰ ਵਿਲਾਸਤਾ ਦੀ ਵਸਤਾਂ ਤੋਂ ਬਿਨਾਂ ਤਾਂ ਗੁਜ਼ਾਰਾ ਹੋ ਸਕਦਾ ਹੈ, ਪਰ ਰੋਟੀ ਤੋਂ ਬਿਨਾਂ ਮਨੁੱਖੀ ਜ਼ਿੰਦਗੀ ਸੰਭਵ ਨਹੀਂ ਹੈ, ਰੋਟੀ ਸਿਰਫ਼ ਖੇਤੀਬਾੜੀ ਖੇਤਰ ਹੀ ਦੇ ਸਕਦਾ ਹੈ। ਮਨੁੱਖੀ ਜ਼ਿੰਦਗੀ ਲਈ ਰੋਟੀ ਦੀ ਅਹਿਮੀਅਤ ਨੂੰ ਸਮਝਦੇ ਹੋਏ ਦੁਨੀਆ ਦੇ ਸਾਰੇ ਮੁਲਕਾਂ ਨੂੰ ਅਜਿਹੀਆਂ ਖੇਤੀਬਾੜੀ ਨੀਤੀਆਂ ਬਣਾਉਣੀਆਂ ਅਤੇ ਅਮਲ ਵਿਚ ਲਿਆਉਣੀਆਂ ਚਾਹੀਦੀਆਂ ਹਨ ਜਿਸ ਸਦਕਾ ਸਦਾ ਲਈ ਟਿਕਾਊ ਖੇਤੀਬਾੜੀ ਸੰਭਵ ਹੋ ਸਕੇ। ਪੰਜਾਬ ਦੀ ਨਵੀਂ ਖੇਤੀਬਾੜੀ ਨੀਤੀ ਬਣਾਉਣ ਸੰਬੰਧੀ ਬਹੁਤ ਸਾਰੇ ਪੱਖਾਂ ਉੱਤੇ ਵਿਚਾਰ ਕਰਨ ਦੀ ਲੋੜ ਹੈ। ਇਨ੍ਹਾਂ ਵਿਚਾਰੇ ਜਾਣ ਵਾਲੇ ਪੱਖਾਂ ਵਿਚ ਖੇਤੀਬਾੜੀ ਖੇਤਰ ਉੱਪਰ ਨਿਰਭਰ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਆਮਦਨ ਦੇ ਇਕ ਘੱਟੋ-ਘੱਟ ਪੱਧਰ ਨੂੰ ਯਕੀਨੀ ਬਣਾਉਣਾ, ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਠੀਕ ਰੱਖਣਾ, ਭੂਮੀ ਦੀ ਸਿਹਤ ਨੂੰ ਸੁਧਾਰਨਾ, ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣਾ, ਅਤੇ ਪੀਣ ਵਾਲੇ ਸ਼ੁੱਧ ਪਾਣੀ ਦੀ ਪੂਰਤੀ ਨੂੰ ਯਕੀਨੀ ਬਣਾਉਣਾ ਪ੍ਰਮੁੱਖ ਹਨ। ਉਪਰੋਕਤ ਪੱਖਾਂ ਦੀ ਕਾਮਯਾਬੀ ਦੇ ਸੰਬੰਧ ਕੁਝ ਮਸਲੇ ਵਿਚਾਰਨ ਦੀ ਲੋੜ ਹੈ।



**ਸੂਬੇ ਵਿਚ ਭੂਮੀ ਦੀ ਸਿਹਤ ਨੂੰ ਸੁਧਾਰਨ, ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਠੀਕ ਰੱਖਣ, ਅਤੇ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਲੋੜੀਂਦੀ ਖੇਤੀਬਾੜੀ ਵਿਭਿੰਨਤਾ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਅਤੇ ਉਨ੍ਹਾਂ ਉੱਪਰ ਯਕੀਨੀ ਖ਼ਰੀਦਦਾਰੀ ਉੱਪਰ ਨਿਰਭਰ ਕਰਦੀ ਹੈ। ਭੂਮੀ ਦੀ ਵਰਤੋਂ ਦੇ ਸੰਬੰਧ ਵਿਚ ਸੂਬਾ ਸਰਕਾਰ ਸਕਾਰਾਤਮਕ ਯੋਗਦਾਨ ਪਾ ਸਕਦੀ ਹੈ। ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਉੱਲੀਨਾਸ਼ਕਾਂ, ਨਦੀਨ ਨਾਸ਼ਕਾਂ ਅਤੇ ਖੇਤੀਬਾੜੀ ਖੇਤਰ ਵਿਚ ਵਰਤੇ ਜਾਣ ਵਾਲੇ ਹੋਰ ਰਸਾਇਣਾਂ ਸੰਬੰਧੀ ਨੀਤੀਆਂ ਬਣਾਕੇ ਸੂਬਾ ਸਰਕਾਰ ਭੂਮੀ ਦੀ ਸਿਹਤ ਨੂੰ ਸੁਧਾਰਨ, ਵਾਤਾਵਰਣ ਨੂੰ ਗੰਧਲਾ ਹੋਣ ਬਚਾਉਣ, ਪੀਣ ਵਾ.ਲੇ ਸ਼ੁੱਧ ਪਾਣੀ ਦੀ ਪੂਤਰੀ ਨੂੰ ਯਕੀਨੀ ਬਣਾਉਣ ਵਿਚ ਸਕਾਰਾਤਮਕ ਯੋਗਦਾਨ ਪਾ ਸਕਦੀ ਹੈ।**

ਪੰਜਾਬ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਅੰਕੜੇ 2011 ਦੀ ਜਨ-ਗਣਨਾ ਤੋਂ ਇਲਾਵਾ ਕਿਸੇ ਵੀ ਹੋਰ ਸ੍ਰੋਤ ਤੋਂ ਉਪਲੱਭਧ ਨਹੀਂ ਹਨ। ਪੰਜਾਬ ਵਿਚ ਪੇਂਡੂ ਛੋਟੇ ਕਾਰੀਗਰਾਂ ਦੇ ਅੰਕੜੇ ਕਿਸੇ ਵੀ ਸ੍ਰੋਤ ਤੋਂ ਉਪਲੱਭਧ ਨਹੀਂ ਹਨ। ਪੰਜਾਬ ਵਿਚ ਪੇਂਡੂ ਛੋਟੇ ਕਾਰੀਗਰਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ ਜਿਸ ਲਈ ਖੇਤੀਬਾੜੀ ਖੇਤਰ ਵਿਚ ਮਸ਼ੀਨਰੀ ਅਤੇ ਲੋਕਾਂ ਦੀ ਆਮ ਜ਼ਿੰਦਗੀ ਵਿਚ ਪਲਾਸਟਿਕ ਦੀ ਵਰਤੋਂ ਮੁੱਖ ਤੌਰ ਉੱਤੇ ਜ਼ਿੰਮੇਵਾਰ ਹਨ। 2011 ਦੀ ਜਨ-ਗਣਨਾ ਅਨੁਸਾਰ ਪੰਜਾਬ ਵਿਚ 19.35 ਕਿਸਾਨ ਅਤੇ 15.88 ਲੱਖ ਖੇਤ ਮਜ਼ਦੂਰ ਹਨ। ਖੇਤ ਮਜ਼ਦੂਰਾਂ ਇਸ ਗਿਣਤੀ ਵਿਚ 12.39 ਲੱਖ ਮਰਦ ਅਤੇ 3.49 ਲੱਖ ਔਰਤਾਂ ਹਨ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਦੇ ਸੰਬੰਧ ਵਿਚ ਸਮੇਂ ਸਮੇਂ ਉੱਪਰ ਉਠਾਏ ਗਏ ਸਵਾਲਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਅੰਕੜਿਆਂ ਦੇ ਉਪਲੱਭਧ ਨਾ ਹੋਣ ਨੂੰ ਇਕ ਪਾਸੇ ਛੱਡਦੇ ਹੋਏ ਇਨ੍ਹਾਂ ਤਿੰਨਾਂ ਖੇਤੀਬਾੜੀ ਵਰਗਾਂ ਦੇ ਕਿਰਤੀਆਂ ਲਈ ਆਮਦਨ ਦੇ ਇਕ ਘੱਟੋ-ਘੱਟ ਆਮਦਨ ਪੱਧਰ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ ਜਿਸ ਦੁਆਰਾ ਉਹ ਆਪਣੀਆਂ ਜ਼ਿੰਦਗੀ ਦੀ ਮੁਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਣ, ਅਤੇ ਸਮਾਜਿਕ ਸੁਰੱਖਿਆ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ। ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਇੱਥੋਂ ਦੇ ਕੁਦਰਤੀ ਸਧਾਨਾਂ ਦੀ ਲੋੜ ਵੱਧ ਵਰਤੋਂ ਸਦਕਾ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਕਾਬੂ ਪਾਇਆ ਜਾ ਸਕਿਆ। ਆਕਾਰ ਪੱਖੋਂ ਪੰਜਾਬ ਦੇ ਛੋਟੇ ਜਿਹੇ (1.54 ਫ਼ੀਸਦ) ਸੂਬੇ ਨੇ ਲੰਮੇ ਸਮੇਂ ਲਈ ਕੇਂਦਰੀ ਅਨਾਜ ਭੰਡਾਰ ਵਿਚ ਸ਼ਾਨਦਾਰ ਯੋਗਦਾਨ ਪਾਇਆ। 1979-80 ਵਿਚ ਕਣਕ ਅਤੇ ਚੋਲਾਂ ਦੇ ਸੰਬੰਧ ਵਿਚ ਇਹ ਯੋਗਦਾਨ 67.7 ਫ਼ੀਸਦ ਸੀ। ਭਾਵੇਂ ਕੇਂਦਰ ਸਰਕਾਰ ਵੱਲੋਂ ਹੋਰ ਸੂਬਿਆਂ ਦੇ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਤਰਜੀਹ ਦਿੱਤੇ ਜਾਣ ਕਾਰਨ ਪੰਜਾਬ ਦਾ ਇਹ ਯੋਗਦਾਨ ਘਟਿਆ ਹੈ, ਪਰ 2020-21 ਦੌਰਾਨ ਇਹ ਯੋਗਦਾਨ 25.9 ਫ਼ੀਸਦ ਬਣਦਾ ਹੈ। ਇਸ ਸੰਬੰਧ ਵਿਚ ਧਿਆਨ ਮੰਗਦਾ ਇਕ ਪੱਖ ਇਹ ਹੈ ਕਿ ਜਿਸ ਸਮੇਂ ਮੁਲਕ ਵਿਚ ਖੇਤੀਬਾੜੀ ਖੇਤਰ ਉੱਪਰ ਕੁਦਰਤੀ ਆਫ਼ਤਾਂ ਦੀ ਮਾਰ ਪੈਂਦੀ ਹੈ ਤਾਂ ਉਸ ਸਮੇਂ ਮੁਲਕ ਦੇ ਕੇਂਦਰੀ ਅਨਾਜ ਭੰਡਾਰ ਵਿਚ ਪੰਜਾਬ ਦਾ ਯੋਗਦਾਨ ਵਧ ਜਾਂਦਾ ਹੈ।

ਪੰਜਾਬ ਦੇ ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਲਈ ਨਿਰਭਰ ਵਰਗਾਂ ਦੇ ਸੰਬੰਧ ਵਿਚ ਕੁਝ ਮਸਲੇ ਵਿਚਾਰੇ ਜਾਣੇ ਚਾਹੀਦੇ ਹਨ। ਮੁਲਕ ਸਮੇਤ ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਲੰਮੇ ਸਮੇਂ ਤੋਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਡਾ. ਸਵਾਮੀਨਾਥਨ ਦੇ ਸੁਝਾਅ ਅਨੁਸਾਰ ਤੈਅ ਕਰਨ, ਇਸ ਦੀ ਕਾਨੂੰਨੀ ਗਰੰਟੀ ਦੇਣ ਅਤੇ ਇਨ੍ਹਾਂ ਕੀਮਤਾਂ ਉੱਪਰ ਖੇਤੀਬਾੜੀ ਜਿਣਸਾਂ ਦੀ ਖ਼ਰੀਦ ਕਰਨ ਬਾਰੇ ਮੰਗ ਅਤੇ ਸੰਘਰਸ਼ ਕਰਦੀਆਂ ਆ ਰਹੀਆਂ ਹਨ। ਭਾਵੇਂ ਕੇਂਦਰ ਸਰਕਾਰ 23 ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਦੀ ਹੈ, ਪਰ ਇਨ੍ਹਾਂ ਵਿਚੋਂ ਕੁਝ ਇਕ ਜਿਣਸਾਂ ਦੀ ਖ਼ਰੀਦ ਕੁਝ ਇਕ ਸੂਬਿਆਂ ਵਿਚੋਂ ਹੀ ਕੀਤੀ ਜਾ ਰਹੀ ਹੈ। ਡਾ. ਸਵਾਮੀਨਾਥਨ ਦੀ ਸਿਫ਼ਾਰਸ਼ ਅਨੁਸਾਰ ਕੁੱਲ ਖੇਤੀਬਾੜੀ ਉਤਪਾਦਨ ਲਾਗਤਾਂ ਉੱਪਰ 50 ਫ਼ੀਸਦ ਨਫ਼ਾ ਦਿੱਤੇ ਜਾਣ ਨੂੰ ਯਕੀਨੀ ਬਣਾਉਣ ਨਾਲ ਕਿਸਾਨਾਂ ਲਈ ਖੇਤੀਬਾੜੀ ਲਾਹੇਵੰਦ ਧੰਦਾ ਬਣ ਜਾਵੇਗੀ। ਅਜਿਹਾ ਕਰਨ ਨਾਲ ਜਿਵੇਂ ਜਿਵੇਂ ਜੋਤਾਂ ਦਾ ਆਕਾਰ ਵਧਦਾ ਜਾਵੇਗਾ, ਉਸੇ ਤਰ੍ਹਾਂ ਕਿਸਾਨਾਂ ਦਾ ਕੁੱਲ ਨਫ਼ਾ ਵੀ ਵਧਦਾ ਜਾਵੇਗਾ। ਅਜਿਹਾ ਹੋਣ ਦੀ ਸੂਰਤ ਵਿਚ ਵੀ ਸੀਮਾਂਤ ਅਤੇ ਛੋਟੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਆਮਦਨ ਵਿਚ ਕੋਈ ਖ਼ਾਸ ਵਾਧਾ ਨਹੀਂ ਹੋਵੇਗਾ। ਸੀਮਾਂਤ ਅਤੇ ਛੋਟੇ ਕਿਸਾਨਾਂ ਕੋਲ ਮੰਡੀ ਵਿਚ ਵੇਚਣ ਲਈ ਵਾਧੂ ਜਿਣਸਾਂ ਦੀ ਮਾਤਰਾ ਬਹੁਤ ਹੀ ਘੱਟ ਹੁੰਦੀ ਹੈ। ਬਹੁਤ ਹੀ ਵੱਡੀ ਗਿਣਤੀ ਵਿਚ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਜ਼ਮੀਨ-ਵਿਹੂਣੇ ਹੋਣ ਕਾਰਨ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਵਧਣ ਦਾ ਇਨ੍ਹਾਂ ਵਰਗਾਂ ਨੂੰ ਸਿੱਧਾ ਫਾਇਦਾ ਨਹੀਂ ਮਿਲੇਗਾ ਕਿਉਂਕਿ ਇਨ੍ਹਾਂ ਵਰਗਾਂ ਕੋਲ ਆਪਣੀ ਕਿਰਤ ਤੋਂ ਬਿਨਾਂ ਮੰਡੀ ਵਿਚ ਵੇਚਣ ਲਈ ਹੋਰ ਕੁਝ ਵੀ ਨਹੀਂ ਹੁੰਦਾ। ਖੇਤੀਬਾੜੀ ਖੇਤਰ ਵਿਚ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਲਗਾਤਾਰ ਵਧਦੀ ਵਰਤੋਂ ਨੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਰੁਜ਼ਗਾਰ ਦੇ ਦਿਨ ਬਹੁਤ ਹੀ ਜ਼ਿਆਦਾ ਘਟਾ ਦਿੱਤੇ ਹਨ।

ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਦੁਆਰਾ ਤੈਅ ਕੀਤੀਆਂ ਜਾਂਦੀਆਂ ਹਨ। ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਖ਼ਰੀਦ ਏਜੰਸੀਆਂ ਇਨ੍ਹਾਂ ਕੀਮਤਾਂ ਉੱਪਰ ਕੁਝ ਇਕ ਖੇਤੀਬਾੜੀ ਜਿਣਸਾਂ ਦੀ ਖ਼ਰੀਦਦਾਰੀ ਕੇਂਦਰ ਸਰਕਾਰ ਲਈ ਕਰਦੀਆਂ ਹਨ। ਭਾਵੇਂ ਇਸ ਸਾਲ ਪੰਜਾਬ ਸਰਕਾਰ ਨੇ ਮੂੰਗੀ ਦੀ ਜਿਣਸ ਦੀ ਕੁਝ ਮਾਤਰਾ ਵਿਚ ਖ਼ਰੀਦ ਇਸ ਦੀ ਘੱਟੋ-ਘੱਟ ਸਮਰਥਨ ਕੀਮਤ ਉੱਪਰ ਕੀਤੀ ਹੈ, ਪਰ ਅੱਜ ਦੀਆਂ ਮੁੱਖ ਫ਼ਸਲਾਂ ਕਣਕ ਅਤੇ ਧਾਨ ਦੀ ਖ਼ਰੀਦਦਾਰੀ ਸੂਬਾ ਸਰਕਾਰ ਦੇ ਵਿੱਤੋਂ ਬਾਹਰ ਦੀ ਗੱਲ ਹੈ। ਅਜਿਹਾ ਇਸ ਲਈ ਹੈ ਕਿ ਜੇਕਰ ਪੰਜਾਬ ਸਰਕਾਰ ਪੰਜਾਬ ਵਿਚ ਪੈਦਾ ਕੀਤੀ ਗਈ ਕਣਕ ਅਤੇ ਧਾਨ ਦੀਆਂ ਜਿਣਸਾਂ ਦੀ ਖ਼ਰੀਦਦਾਰੀ ਆਪ ਕਰਦੀ ਹੈ ਤਾਂ ਉਸ ਲਈ ਵਿੱਤ ਦੀ ਵਿਵਸਥਾ ਕਿੱਥੋਂ ਹੋਵੇਗੀ, ਇਨ੍ਹਾਂ ਜਿਣਸਾਂ ਦਾ ਭੰਡਾਰੀਕਰਨ ਕਿਵੇਂ ਹੋਵੇਗਾ, ਇਨ੍ਹਾਂ ਜਿਣਸਾਂ ਨੂੰ ਦੂਜਿਆਂ ਸੂਬਿਆਂ ਨੂੰ ਵੇਚਣ ਲਈ ਕੇਂਦਰ ਸਰਕਾਰ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ। ਪੰਜਾਬ ਵੀ ਸੂਬਾ ਸਰਕਾਰ ਆਪਣੇ ਵਿੱਤੀ ਸਾਧਨਾਂ ਵਿਚ ਵਾਧਾ ਕਰਕੇ ਇਸ ਸੰਬੰਧ ਵਿਚ ਪੂਰਕ ਭੂਮਿਕਾ ਹੀ ਨਿਭਾ ਸਕੇਗੀ।

ਖੇਤੀਬਾੜੀ ਜਿਣਸਾਂ ਦੀਆਂ ਬਰਾਮਦ ਅਤੇ ਦਰਆਮਦ ਨੀਤੀਆਂ ਕੇਂਦਰ ਸਰਕਾਰ ਦੁਆਰਾ ਬਣਾਈਆਂ ਜਾਂਦੀਆਂ ਹਨ ਜੋ ਖੇਤੀਬਾੜੀ ਖੇਤਰ ਉੱਪਰ ਨਿਰਭਰ ਵਰਗਾਂ ਦੀ ਆਮਦਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਸੰਬੰਧ ਵਿਚ ਸੂਬਾ ਸਰਕਾਰਾਂ ਕੋ.ਲ ਕੋਈ ਵੀ ਅਧਿਕਾਰ ਨਹੀਂ ਹਨ। ਖੇਤੀਬਾੜੀ ਉਤਪਾਦਨ ਲਈ ਲੋੜੀਂਦੇ ਵਿੱਤ ਦੀ ਪੂਰਤੀ ਲਈ ਸੰਸਥਾਗਤ ਸਾਧਨਾਂ ਉੱਤੇ ਕੇਂਦਰ ਸਰਕਾਰ ਦਾ ਕੰਟਰੋਲ ਹੈ। ਇਸ ਸੰਬੰਧ ਵਿਚ ਸੂਬਾ ਸਰਕਾਰ ਕੋਈ ਵੱਡਾ ਯੋਗਦਾਨ ਪਾਉਣ ਦੀ ਸਥਿਤੀ ਵਿਚ ਨਹੀਂ ਹੈ। ਖੇਤੀਬਾੜੀ ਉਤਪਾਦਨ ਲਈ ਲੋੜੀਂਦੇ ਮੁੱਖ ਆਦਾਨਾਂ (ਜਅਬਚਵਤ) ਜਿਵੇਂ ਡੀਜ਼ਲ, ਰਸਾਇਣਿਕ ਖਾਦਾਂ ਆਦਿ ਦੀਆਂ ਕੀਮਤਾਂ ਤੈਅ ਕਰਨ ਜਾਂ ਉਨ੍ਹਾਂ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ ਦਾ ਅਧਿਕਾਰ ਕੇਂਦਰ ਸਰਕਾਰ ਕੋ.ਲ ਹੈ ਜਿਸ ਕਾਰਨ ਸੂਬਾ ਸਰਕਾਰ ਇਸ ਸੰਬੰਧ ਵਿਚ ਕੋਈ ਮਹੱਤਵਪੂਰਨ ਭੂਮਿਕਾ ਨਹੀਂ ਨਿਭਾ ਸਕਦੀ ਹੈ।

ਸੂਬੇ ਵਿਚ ਭੂਮੀ ਦੀ ਸਿਹਤ ਨੂੰ ਸੁਧਾਰਨ, ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਠੀਕ ਰੱਖਣ, ਅਤੇ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਲੋੜੀਂਦੀ ਖੇਤੀਬਾੜੀ ਵਿਭਿੰਨਤਾ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਅਤੇ ਉਨ੍ਹਾਂ ਉੱਪਰ ਯਕੀਨੀ ਖ਼ਰੀਦਦਾਰੀ ਉੱਪਰ ਨਿਰਭਰ ਕਰਦੀ ਹੈ। ਭੂਮੀ ਦੀ ਵਰਤੋਂ ਦੇ ਸੰਬੰਧ ਵਿਚ ਸੂਬਾ ਸਰਕਾਰ ਸਕਾਰਾਤਮਕ ਯੋਗਦਾਨ ਪਾ ਸਕਦੀ ਹੈ। ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਉੱਲੀਨਾਸ਼ਕਾਂ, ਨਦੀਨਨਾਸ਼ਕਾਂ ਅਤੇ ਖੇਤੀਬਾੜੀ ਖੇਤਰ ਵਿਚ ਵਰਤੇ ਜਾਣ ਵਾਲੇ ਹੋਰ ਰਸਾਇਣਾਂ ਸੰਬੰਧੀ ਨੀਤੀਆਂ ਬਣਾਕੇ ਸੂਬਾ ਸਰਕਾਰ ਭੂਮੀ ਦੀ ਸਿਹਤ ਨੂੰ ਸੁਧਾਰਨ, ਵਾਤਾਵਰਣ ਨੂੰ ਗੰਧਲਾ ਹੋਣ ਬਚਾਉਣ, ਪੀਣ ਵਾ.ਲੇ ਸ਼ੁੱਧ ਪਾਣੀ ਦੀ ਪੂਤਰੀ ਨੂੰ ਯਕੀਨੀ ਬਣਾਉਣ ਵਿਚ ਸਕਾਰਾਤਮਕ ਯੋਗਦਾਨ ਪਾ ਸਕਦੀ ਹੈ।

ਭੂਮੀ ਦੀ ਵਰਤੋਂ ਦੇ ਸੰਬੰਧ ਵਿਚ ਸੂਬਾ ਸਰਕਾਰ ਜੋ ਇਕ ਬਹੁਤ ਹੀ ਸਲਾਹੁਣਯੋਗ ਯੋਗਦਾਨ ਪਾ ਸਕਦੀ ਹੈ ਉਹ ਹੈ ਸਹਿਕਾਰੀ ਖੇਤੀਬਾੜੀ ਨੂੰ ਉਤਸ਼ਾਹਤ ਕਰਨਾ। ਸੂਬੇ ਵਿਚ ਆਪ ਦੀ ਸਰਕਾਰ ਨੇ ਪੰਚਾਇਤੀ ਅਤੇ ਸ਼ਾਮਲਾਟ ਜ਼ਮੀਨਾਂ ਤੋਂ ਗ਼ੈਰ-ਕਾਨੂੰਨੀ ਕਬਜ਼ੇ ਛੁਡਾਕੇ ਕਾਫ਼ੀ ਜ਼ਮੀਨ ਪੰਚਾਇਤਾਂ ਦੇ ਕੰਟਰੋਲ ਵਿਚ ਲਿਆਂਦੀ ਅਤੇ ਲਿਆ ਰਹੀ ਹੈ। ਪੰਚਾਇਤੀ ਅਤੇ ਸ਼ਾਮਲਾਟ ਜ਼ਮੀਨਾਂ ਤੋਂ ਪ੍ਰਾਪਤ ਆਮਦਨ ਦੀ ਵਰਤੋਂ ਦਾ ਮੁੱਖ ਉਦੇਸ਼ ਲੋਕ ਭਲਾਈ ਦੇ ਕੰਮ ਕਰਨਾ ਹੁੰਦਾ ਹੈ। ਪੰਚਾਇਤੀ ਜ਼ਮੀਨਾਂ ਵਿਚੋਂ ਇਕ-ਤਿਹਾਈ ਹਿੱਸਾ ਉੱਤੇ ਖੇਤੀਬਾੜੀ ਕਰਨ ਲਈ ਦਲਿਤਾਂ ਦਾ ਕਾਨੂੰਨੀ ਹੱਕ ਹੈ, ਪਰ ਇਸ ਲਈ ਵੀ ਉਨ੍ਹਾਂ ਨੂੰ ਠੇਕਾ ਦੇਣਾ ਪੈਂਦਾ ਹੈ ਭਾਵੇਂ ਉਹ ਆਮ ਚੱਲ ਰਹੇ ਠੇਕੇ ਤੋਂ ਕਾਫ਼ੀ ਘੱਟ ਹੁੰਦਾ ਹੈ।

ਪ੍ਰੋਫ਼ੈਸਰ ਬੀਨਾ ਅਗਰਵਾਲ ਦੇ ਇਕ ਖੋਜ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਕੇਰਲ ਸੂਬੇ ਵਿਚ ਜ਼ਮੀਨ-ਵਿਹੂਣੀਆਂ ਔਰਤਾਂ ਦੇ 68000 ਤੋਂ ਵੱਧ ਸਹਿਕਾਰੀ ਖੇਤੀਬਾੜੀ ਸਮੂਹ ਹਨ। ਇਹ ਸਮੂਹ ਠੇਕੇ ਉੱਪਰ ਜ਼ਮੀਨ ਲੈ ਕੇ ਖੇਤੀਬਾੜੀ ਕਰਦੇ ਹਨ। ਇਨ੍ਹਾਂ ਸਮੂਹਾਂ ਦਾ ਉਤਪਾਦਨ ਆਮ ਕਿਸਾਨਾਂ ਨਾਲੋਂ 1.9 ਗੁਣਾ ਅਤੇ ਸ਼ੁੱਧ ਆਰਥਿਕ ਨਫ਼ਾ 5 ਗੁਣਾ ਹੈ। ਸਹਿਕਾਰੀ ਖੇਤੀਬਾੜੀ ਉਤਪਾਦਨ ਲਾਗਤਾਂ ਨੂੰ ਘਟਾਉਣ ਅਤੇ ਆਮਦਨ ਵਧਾਉਣ ਵਿਚ ਸਹਾਈ ਹੁੰਦੀ ਹੈ। ਪੰਜਾਬ ਦੇ ਸੰਬੰਧ ਵਿਚ ਸਹਿਕਾਰੀ ਖੇਤੀਬਾੜੀ ਪਹਿਲ ਦੇ ਆਧਾਰ ਉੱਤੇ ਪੰਚਾਇਤੀ ਜ਼ਮੀਨਾਂ ਤੋਂ ਸ਼ੁਰੂ ਕੀਤੀ ਜਾਣੀ ਬਣਦੀ ਹੈ। ਪੰਚਾਇਤੀ ਜ਼ਮੀਨਾਂ ਦਾ ਇਕ-ਤਿਹਾਈ ਹਿੱਸਾ ਦਲਿਤਾਂ, ਇਕ-ਤਿਹਾਈ ਹਿੱਸਾ ਔਰਤਾਂ ਅਤੇ ਇਕ-ਤਿਹਾਈ ਹਿੱਸਾ ਜ਼ਮੀਨ-ਵਿਹੂਣੇ ਕਿਸਾਨਾਂ ਨੂੰ ਬਿਨਾਂ ਕੋਈ ਠੇਕਾ ਲਏ ਤੋਂ ਸਹਿਕਾਰੀ ਖੇਤੀਬਾੜੀ ਲਈ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਖੇਤੀਬਾੜੀ ਖੇਤਰ ਉੱਪਰ ਆਪਣੀ ਰੋਜ਼ੀ-ਰੋਟੀ ਨਿਰਭਰ ਇਨ੍ਹਾਂ ਵਰਗਾਂ ਦੀਆਂ ਆਰਥਿਕ-ਸਮਾਜਿਕ ਹਾਲਤਾਂ ਵਿਚ ਸੁਧਾਰ ਹੋ ਸਕੇ। ਸਹਿਕਾਰੀ ਖੇਤੀਬਾੜੀ ਕਰਨ ਵਾਲੇ ਸਮੂਹਾਂ ਨੂੰ ਵਿੱਤੀ ਅਤੇ ਹੋਰ ਰਿਆਇਤਾਂ ਵੀ ਦੇਣੀਆਂ ਬਣੀਆਂ ਹਨ।





Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556

# 17-ਦਸੰਬਰ ਪੈਨਸ਼ਨ ਦਿਵਸ ਦੀ ਪ੍ਰਸੰਗਕਤਾ?



ਜਗਦੀਸ਼ ਚੋਹਕਾ
91-92179-97445
001-403-285-4208

ਪੈਨਸ਼ਨ ਦੇ ਹੱਕ ਦਾ ਕਿਰਤੀ ਨੂੰ ਮਿਲਣਾ ਨਾ ਤਾਂ ਕੋਈ ਸੁਭਾਵਿਕ ਹੈ ਅਤੇ ਨਾ ਹੀ ਕੋਈ ਦਾਨ ਪ੍ਰਥਾ ਹੈ। ਇਹ ਸਗੋਂ ! ਕਿਰਤੀ ਵੱਲੋ ਅਦਾ ਕੀਤੀ ਕਿਰਤ ਦਾ ਕਿਰਤ ਫਲ ਹੈ। ਅੱਜ ਤੋਂ 125 ਸਾਲ ਪਹਿਲਾ 28-29 ਅਕਤੂਬਰ, 1897 ਨੂੰ ਬਰਲਿਨ (ਜਰਮਨ) ਅੰਦਰ ਹੈਲਪਏਜ਼ ਸਿਸਟਮ ਲਾਗੂ ਹੋਇਆ ਸੀ ਜਿਸ ਅਧੀਨ ਲੋੜਵੰਦ ਕਿਰਤੀਆਂ ਤੇ ਮੁਲਾਜਮਾਂ ਨੂੰ ਭਵਿੱਖ ਲਈ ਮਦਤ ਕਰਨੀ! ਇਹ ਸਿਸਟਮ ਅੱਗੋਂ ਕਿਰਤੀਆਂ ਦੇ ਜੱਥੇਬੰਦਕ ਦਬਾਅ ਅਤੇ ਆਰਥਿਕ ਮੰਗਾਂ ਅਧੀਨ ਪੈਨਸ਼ਨ ਦਾ ਰੂਪ ਧਾਰਦਾ ਗਿਆ। ਅੱਜ ! ਸੰਸਾਰ ਅੰਦਰ 60-ਸਾਲਾਂ ਤੋਂ ਉਪਰ ਵਾਲੇ ਵਿਅੱਕਤੀ, ਕਿਰਤੀ ਮੁਲਾਜ਼ਮ ਤੇ ਬਜ਼ੁਰਗ 868-ਮਿਲੀਅਨ ਹਨ (2014)। ਜਿਨ੍ਹਾਂ ਦੀ ਗਿਣਤੀ 2050 ਤੱਕ 2-ਬਿਲੀਅਨਜ਼ ਤਕ ਪੁੱਜ ਜਾਵੇਗੀ (ਆਈ.ਐਲ.ਓ.)। ਇਸ ਵੇਲੇ ਸੰਸਾਰ ਪੈਨਸ਼ਨ ਫੰਡਜ਼ 23.6 ਟ੍ਰੀਲੀਅਨ ਡਾਲਰ ਪੁੱਜ ਗਿਆ ਹੈ (ਆਈ.ਐਲ.ਓ.)। ਪਰ ਅੱਜ ਵੀ ਭਾਰਤ ਅੰਦਰ ਕਿਰਤੀਆਂ ਮੁਲਾਜ਼ਮਾਂ ਨੂੰ ਜਿਨ੍ਹਾਂ ਦੀ 41-ਕਰੋੜ ਤੋਂ ਵੱਧ ਗਿਣਤੀ ਹੈ ਉਨ੍ਹਾਂ ਨੂੰ ਬੁਢਾਪੇ ਬਾਦ ਨਾ ਕੋਈ ਸਮਾਜਿਕ ਸੁਰੱਖਿਆ ਹੈ ਤੇ ਨਾ ਹੀ ਕੋਈ ਸਹਾਰਾ ਹੈ। ''ਭਾਰਤੀ ਪੈਨਸ਼ਨ ਸਿਸਟਮ, ਸਮੱਸਿਆਵਾਂ ਅਤੇ ਭਵਿੱਖ ਲਈ ਇਲਾਜ'', ਇਕ ਕੌਮੀ ਰਿਪੋਰਟ ਰਾਨਾਦੇਵ ਗੋਸੁਆਮੀ ਵਲੋਂ ਪਿਛਲੇ ਸਮੇਂ ਛਾਪੀ ਸੀ । ਜਿਸ ਅਧੀਨ ਪੈਨਸ਼ਨ, ਸਮੱਸਿਆਵਾਂ, ਸਰਕਾਰੀ ਰੋਲ, ਸਰਕਾਰੀ ਸਹਾਇਤਾ ਅਤੇ ਸੁਧਾਰਾਂ ਸਬੰਧੀ ਸਿਫਾਰਿਸ਼ਾਂ ਸਨ, ਛੱਪੀ ਸੀ। ਪਰ ਉਹ ਰਿਪੋਰਟ ਠੰਡੇ ਬਸਤੇ 'ਚ ਪਈ ਹੋਈ ਹੈ।

ਭਾਰਤ ਅੰਦਰ ਪੈਨਸ਼ਨ ਸਿਸਟਮ ਦੀ ਸ਼ੁਰੂਆਤ ਭਾਵੇਂ ਕਾਫੀ ਪੁਰਾਣੀ ਹੈ। ਰਾਜਿਆਂ, ਜਾਗੀਰਦਾਰਾਂ ਤੇ ਸਾਮੰਤੀ-ਲਾਣਿਆ ਅਧੀਨ ਕੰਮ ਕਰਦੇ ਕਿਰਤੀਆਂ, ਮਜ਼ਦੂਰਾ ਅਤੇ ਆਹਿਲਕਾਰਾਂ ਨੂੰ ਖੈਰਾਇਤ, ਦਾਨ ਅਤੇ ਬੁਢੇਪੇ ਦੌਰਾਨ ਪੈਸੇ ਤੇ ਜਾਇਦਾਦ ਦੇ ਰੂਪ ਵਿੱਚ ਇਹ ਰਿਆਇਤਾ ਜਾਰੀ ਸਨ। ਬਸਤੀਵਾਦੀ ਸਾਮਰਾਜੀਆਂ ਨੇ ਭਾਰਤ ਅੰਦਰ ਪਹਿਲੀ ਵਾਰ ਭਾਰਤੀ ਪੈਨਸ਼ਨ ਐਕਟ, 1871 ਪਾਸ ਕੀਤਾ ਤੇ ਪੈਨਸ਼ਨ ਸਿਸਟਮ ਨੂੰ ਮਾਨਤਾ ਦਿੱਤੀ। ਰਾਜਿਆਂ, ਨਵਾਬਾਂ ਅਤੇ ਵੱਡੇ ਅਹਿਲਕਾਰਾਂ ਦੀਆਂ ਜਦੋਂ ਜਾਇਦਾਦਾਂ ਖੋਹ ਲਈਆਂ ਜਾਂ ਖੁਸ ਜਾਂਦੀਆਂ ਸਨ ਤਾਂ ਇਸ ਵਰਗ ਨੂੰ ਕਿ ਉਹ ਬਸਤੀਵਾਦੀ ਹਾਕਮਾਂ ਵਿਰੁਧ ਬਗਾਵਤ ਨਾ ਕਰ ਦੇਣ, ਉਨ੍ਹਾਂ ਦੇ ਮੂੰਹ ਬੰਦ ਕਰਨ ਲਈ ਰਿਆਇਤਾਂ, ਭੱਤੇ ਅਤੇ ਪੈਨਸ਼ਨ ਦੇਣ ਦਾ ਉਪਰੋਕਤ ਕਨੂੰਨ ਬਣਾਇਆ ਸੀ, ਜੋ ਇਕ ਸਮਸ਼ਟੀਕਰਨ (ਮਾਨੀਫੇ ਸਟੇਸ਼ਨ) ਸੀ। ਗੋਰੀ ਸਰਕਾਰ ਅਧੀਨ ਕੰਮ ਕਰਦੇ ਸਰਕਾਰੀ ਮੁਲਾਜਮਾਂ ਨੂੰ ਵੀ 1871-ਪੈਨਸ਼ਨ ਕਨੂੰਨ ਬਣਾਉਣ ਅਧੀਨ ਸੇਵਾ ਮੁਕਤ ਹੋਣ ਬਾਅਦ ਮੁਲਾਜ਼ਮਾਂ ਨੂੰ ਬੁਢੇਪਾ ਪੈਨਸ਼ਨ ਮਿਲਣੀ ਸ਼ੁਰੂ ਹੋਈ ਸੀ। ਉਸ ਵੇਲੇ ਇਹ ਪੈਨਸ਼ਨ ਰੁਝਾਨ ਪੈਦਾ ਕਰਨਾ ਸੀ ਕਿ ਗੋਰੀ ਸਰਕਾਰ ਦੇ ਲੋਕ ਤਾਬਿਆਦਾਰ ਰਹਿਣ ਅਤੇ ਗੁਲਾਮਦਾਰੀ ਅਪਣਾਉਦੇ ਰਹਿਣ ਸੀ।

ਭਾਰਤ ਅੰਦਰ ਸੇਵਾ ਮੁਕਤ ਕੇਂਦਰੀ ਅਤੇ ਸੂਬਾਈ ਮੁਲਾਜਮ 17-ਦਸੰਬਰ ਨੂੰ ਹਰ ਸਾਲ ਪੈਨਸ਼ਨ ਦਿਵਸ ਮਨਾਉਂਦੇ ਹਨ। ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਇਕ ਇਤਿਹਾਸਕ ਫੈਸਲੇ ''ਡੀ.ਐਸ. ਨਕਰਾ ਬਨਾਮ ਭਾਰਤ ਸਰਕਾਰ'' ਨੂੰ ਯਾਦ ਕਰਦੇ ਹਨ। ਕਿਉਂਕਿ 17 ਦਸੰਬਰ, 1982 ਨੂੰ ਇਸ ਫੈਸਲੇ ਨੇ ਹੀ ਕਿਰਤੀਆਂ ਲਈ ਇਤਿਹਾਸਕ ਰਾਹ ਖੋਲਿਆ ਸੀ ਕਿ ਪੈਨਸ਼ਨ ਕਿਰਤੀ ਦੀ ਪ੍ਰਤਿਸ਼ਠਾ ਦੀ ਗ੍ਰੰਟੀ ਅਤੇ ਹੱਕ ਹੈ ! ਪੈਨਸ਼ਨ ਨਾ ਤਾਂ ਦਾਨ ਹੈ ਅਤੇ ਨਾ ਹੀ ਸ਼ਿਸ਼ਟਾਚਾਰਤਾ ਹੈ, ਜਿਹੜੀ ਕਿਰਤੀ (ਮੁਲਾਜ਼ਮ) ਨੂੰ ਮਾਲਕ ਜਾਂ ਸਰਕਾਰ ਜੋ ਅਕੈਸ-ਗ੍ਰੇਸ਼ੀਆ ਦੀ ਅਦਾਇਗੀ ਕਰ ਰਿਹਾ ਹੈ। ਸਗੋਂ ਇਸ ਫੈਸਲੇ ਨੇ ਇਹ ਵੀ ਮੋਹਰ ਲਾਈ ਸੀ ਕਿ ਪੈਨਸ਼ਨ ਕਿਰਤੀ ਵਲੋਂ ਜੋ ਪਹਿਲਾਂ ਸੇਵਾ ਅਦਾ ਕੀਤੀ ਸੀ, ਉਸ ਦਾ ਫਲ ਹੈ। ਇਹ ਤਾਂ ਇਕ ਸਮਾਜਕ ਸੁਰੱਖਿਆ-ਇਨਸਾਫ ਹੈ ਜੋ ਕਿਰਤੀ (ਮੁਲਾਜ਼ਮ) ਨੂੰ ਉਸ ਦੇ ਮਾੜੇ ਦਿਨਾਂ ਭਾਵ ਹੇਅ-ਡੇਅ ਦੌਰਾਨ ਇਕ ਸਹਾਰਾ ਹੈ ? ਕਿਰਤੀ ਵੱਲੋ ਸਾਰੀ ਉਮਰ ਮਾਲਕ (ਸਰਕਾਰ) ਲਈ ਹੱਡ-ਭੰਨਵੀ ਕਿਰਤ ਕਰਨ ਬਾਅਦ ਪੈਨਸ਼ਨ ਇਕ ਨਿਗੁਣਾਂ ਜਿਹਾ ਵਾਅਦਾ ਹੈ ਕਿ ਬੁਢੇਪੇ ਵਿੱਚ ਉਸ ਨੂੰ ਧੱਕੇ ਨਾ ਖਾਣੇ ਪੈਣ, ਕੀਤਾ ਜਾਂਦਾ ਹੈ।

17-ਦਸੰਬਰ, 1982 ਡੀ.ਐਸ.ਨਕਰਾ ਬਨਾਮ ਕੇਂਦਰ ਸਰਕਾਰ ਰਿਟ-ਪਟੀਸ਼ਨ 5939 ਤੇ ਹੋਰ 1980-5941-ਸਾਲ 1980, ਜਿਸ ਦਾ ਫੈਸਲਾ 17-ਦਸੰਬਰ, 1982 ਨੂੰ ਸੁਪਰੀਮ ਕੋਰਟ ਦੀ ਪੰਜ-ਮੈਂਬਰੀ ਬੈਂਚ, ਜਿਸ ਦੇ ਚੇਅਰਮੈਨ ਜਸਟਿਸ (ਮਰਹੂਮ) ਵਾਈ.ਵੀ. ਚੰਦਰਾ ਸਨ, ਵਲੋਂ ਦਿੱਤਾ ਗਿਆ ਸੀ। ਪਰ ਬਾਦ ਵਿੱਚ ਰਾਜਸਤਾ 'ਤੇ ਕਾਬਜ਼ ਰਹੀ (ਮਰਹੂਮ) ਵਾਜਪਾਈ ਦੀ ਐਨ.ਡੀ.ਏ ਦੀ ਬੀ.ਜੇ.ਪੀ. ਦੀ ਅਗਵਾਈ ਵਾਲੀ ਸਰਕਾਰ ਨੇ ਸੰਸਾਰ ਪੂੰਜੀਵਾਦੀ ਉਦਾਰੀਕਰਨ ਦੀਆਂ ਨੀਤੀਆਂ ਐਲ.ਪੀ.ਜੀ.ਦੇ ਦਬਾਅ ਅਧੀਨ ਉਹ ਪੁਰਾਣੀ ਪੈਨਸ਼ਨ ਸਕੀਮ ਜੋ ਸਰਕਾਰੀ ਖਜਾਨੇ ਰਾਹੀ ਅਦਾ ਕੀਤੀ ਜਾਂਦੀ ਪੈਨਸ਼ਨ ਸੀ, ਉਸ ਸਕੀਮ ਨੂੰ ਖਤਮ ਕਰਕੇ ਉਸ ਦੀ ਥਾਂ ਕੌਮੀ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ ਸੀ। ਅਕਤੂਬਰ, 2003 ਦੌਰਾਨ ਵਾਜਪਾਈ ਦੀ ਬੀ.ਜੇ.ਪੀ. ਸਰਕਾਰ ਨੇ ਅੱਗੋ ਲਈ ਪਹਿਲੀ ਜਨਵਰੀ, 2004 ਤੋਂ ਪੁਰਾਣੀ ਪੈਨਸ਼ਨ ਸਕੀਮ ਅਧੀਨ ਜੋ ਪਿਛਲੇ ਸਾਰੇ ਲਾਭਾਂ-ਪੈਨਸ਼ਨ, ਜੀ.ਪੀ.ਐਫ., ਕਮਿਊਟੇਸ਼ਨ ਲਾਭਾਂ ਸਮੇਤ ਹੋਰ ਲਾਭਾਂ ਨੂੰ ਖਤਮ ਕਰਕੇ ਨਵੀਂ ਕੌਮੀ ਪੈਨਸ਼ਨ ਸਕੀਮ ਭਾਵ ਕੰਟਰੀਬਿਊਟਰੀ ਸਕੀਮ ਸ਼ੁਰੂ ਕਰ ਦਿੱਤੀ ਸੀ। ਕੇਂਦਰ ਸਮੇਤ ਰਾਜਾਂ ਅੰਦਰ ਵੀ ਪੀ.ਐਫ.ਆਰ.ਡੀ.ਏ. ਦਾ ਗਠਨ ਕਰਕੇ ਸਾਰੇ ਮੁਲਾਜਮਾਂ ਨੂੰ ਮਿਲਦੇ ਲਾਭਾਂ ਦਾ ਨਿਜੀਕਾਰਨ ਕਰਕੇ ਨਵੀਂ ਸਕੀਮ ਅਧੀਨ ਲੈ ਆਂਦਾ ਸੀ।




ਸਾਲ 1990 ਬਾਦ੍ਹ ਰਾਜਸਤਾ 'ਤੇ ਕਾਬਜ਼ ਹਾਕਮ ਜਮਾਤਾਂ ਦੀਆਂ ਪੂੰਜੀਵਾਦੀ, ਸਾਮਰਾਜ ਪੱਖੀ ਨੀਤੀਆਂ ਕਾਰਨ ਦੇਸ਼ ਅੰਦਰ ਪੈਦਾ ਹੋਏ ਵਿਤੀ ਸੰਕਟ ਤੇ ਵਿਦੇਸ਼ੀ ਕਰਜ਼ੇ ਦੇ ਭਾਰ ਨੇ, ਸੰਸਾਰ ਬੈਂਕਾਂ ਤੇ ਕੌਮਾਂਤਰੀ ਮੁਦਰਾ ਕੋਸ਼ ਦੇ ਕਰਜ਼ੇ ਤੇ ਸ਼ਰਤਾਂ ਨੇ ਭਾਰੀ ਵਿਤੀ ਢਾਂਚੇ ਨੂੰ ਐਲ.ਪੀ.ਜੀ. ਦੀਆਂ ਨੀਤੀਆਂ ਲਾਗੂ ਕਰਨ ਲਈ ਮਜਬੂਰ ਕਰ ਦਿੱਤਾ ਸੀ। ਇਸ ਸੰਕਟ 'ਚ ਬਾਹਰ ਆਉਣ ਲਈ ਰਾਹ ਹਾਕਮ ਜਮਾਤਾਂ ਨੇ ਜਨਤਕ ਖੇਤਰ ਦਾ ਨਿਜੀਕਰਨ ਕਰਨਾ, ਸਰਵਜਨਕ ਅਦਾਰਿਆ ਅੰਦਰ ਕੰਮ ਕਰਦੇ ਕਿਰਤੀਆਂ ਨੂੰ ਪੈਨਸ਼ਨ ਸਮੇਤ ਸਾਰੇ ਲਾਭਾਂ ਤੋਂ ਮਰਹੂਮ ਰੱਖ ਕੇ ਨਿਜੀਕਰਨ ਵਾਲੀਆਂ ਨੀਤੀਆਂ ਨਾਲ ਨੂੜ ਦਿਤਾ ਸੀ। ਉਸ ਸਮੇਂ ਦੇਸ਼ ਦੀਆਂ ਕਿਰਤੀ ਪੱਖੀ ਮੁਲਾਜਮਾਂ ਤੇ ਕਿਰਤੀ ਜੱਥੇਬੰਦੀਆਂ ਅਤੇ ਖੱਬੇ ਪੱਖੀ ਸ਼ਕਤੀਆਂ ਨੇ ਸਿਰ ਤੋੜ ਜੱਥੇਬੰਦਕ ਢੰਗ ਨਾਲ ਵਿਰੋਧਤਾ ਕੀਤੀ ਸੀ। ਅੱਜ ਵੀ ਖੱਬੇ ਪੱਖੀ ਸ਼ਕਤੀਆਂ ਤੇ ਕਿਰਤੀਆਂ-ਮੁਲਾਜ਼ਮਾਂ ਦੀਆਂ ਜੱਥੇਬੰਦੀਆਂ ਨਵੀਂ ਪੈਨਸ਼ਨ ਸਕੀਮ ਦੀ ਹਰ ਪੱਖੋ ਵਿਰੋਧਤਾ ਕਰ ਰਹੀਆਂ ਹਨ। ਦੇਸ਼ ਦੀ ਰਾਜਸਤਾ 'ਤੇ ਕਾਬਜ ਹਾਕਮ ਜਮਾਤਾਂ ਨੇ ਨਵੀਂ ਪੈਨਸ਼ਨ ਸਕੀਮ ਲਾਗੂ ਕਰਕੇ ਦੇਸ਼ ਅੰਦਰ ਇਕ ਲੰਬੇ ਸੰਘਰਸ਼ਾਂ ਅਤੇ ਅਰਸੇ ਤੋਂ ਕੁਰਬਾਨੀਆਂ ਬਾਦ ਮਿਲੀ ਸਰਕਾਰੀ ਨੌਕਰੀਆਂ ਅਧੀਨ ਪੈਨਸ਼ਨ ਅਤੇ ਸਮਾਜਿਕ ਸੁਰੱਖਿਆ ਜੋ ਪ੍ਰਾਪਤ ਕੀਤੀ ਸੀ ਹੁਣ ਇਕ ਜਨਵਰੀ, 2004 ਤੋਂ ਕਿਰਤੀਆਂ ਨੂੰ ਆਪਣੀ ਹੋਣੀ 'ਤੇ ਨਿਰਭਰ ਹੋਣ ਲਈ ਛੱਡ ਦਿੱਤਾ ਹੋਇਆ ਹੈ।

ਇਸ ਵੇਲੇ ਦੇਸ਼ ਅੰਦਰ ਕੇਂਦਰੀ ਸੇਵਾਵਾਂ ਅਧੀਨ ਕੇਵਲ ਆਰਮੀ, ਨੇਵੀ ਤੇ ਏਅਰ ਫੋਰਸ ਦੇ ਮੁਲਾਜ਼ਮ ਹੀ ਇਕ ਜਨਵਰੀ, 2004 ਤੋਂ ਪੁਰਾਣੀ ਪੈਨਸ਼ਨ ਸਕੀਮ ਦੇ ਅਧੀਨ ਹਨ। ਇਕ ਦੋ ਰਾਜਾਂ ਨੂੰ ਛੱਡ ਕੇ ਜਿਥੇ ਹਾਕਮ ਜਮਾਤਾਂ ਨੇ ਆਪਣੇ ਮੁਲਾਜ਼ਮਾਂ ਨੂੰ ਰਾਜਨੀਤਕ ਲਾਭ ਲਈ ਜਿਵੇਂ ਛੱਤੀਸ-ਗੜ੍ਹ, ਰਾਜਸਥਾਨ, ਝਾੜਖੰਡ, ਹਿਮਾਚਲ ਪ੍ਰਦੇਸ਼ ਤੇ ਪੰਜਾਬ ਅੰਦਰ ਅੱਧ-ਪਚੱਧੀ ਪੁਰਾਣੀ ਪੈਨਸ਼ਨ ਲਾਗੂ ਕਰਨ ਦਾ ਲਾਰਾ ਲਾਇਆ ਹੋਇਆ ਹੈ। ਬਾਕੀ ਰਾਜਾਂ ਅੰਦਰ, ਕੇਂਦਰੀ ਪੈਰਾ-ਮਿਲਟਰੀ ਆਦਿ ਤੇ ਕੇਂਦਰੀ ਮੁਲਾਜ਼ਮਾਂ ਨੂੰ ਨਵੀਂ ਪੈਨਸ਼ਨ ਸਕੀਮ ਭਾਵ ਪੈਨਸ਼ਨ ਫੰਡ ਰੈਗੂਲੇਟਰੀ ਵਿਕਾਸ ਅਥਾਰਟੀ ਅਧੀਨ ਲਿਆ ਕੇ ਕੰਟਰੀਬਿਊਟਰੀ ਪੈਨਸ਼ਨ ਸਕੀਮ ਨਾਲ ਨੂੜ ਦਿੱਤਾ ਹੋਇਆ ਹੈ। ਹੁਣ ਤਾਂ ਦੇਸ਼ ਦੀਆਂ ਤਿੰਨੇ ਸੇਨਾਵਾਂ ਅੰਦਰ ਵੀ ਭਰਤੀ ਨੂੰ ਠੇਕੇਦਾਰੀ ਸਿਸਟਮ ਅਧੀਨ ਲੈ ਆਂਦਾ ਹੈ। ਇਸ ਵੇਲੇ ਦੇਸ਼ ਅੰਦਰ ਲਗਪਗ 5.5 ਕਰੋੜ ਕੇਂਦਰੀ ਤੇ ਸੂਬਾਈ ਮੁਲਾਜਮ ਨਵੀਂ ਪੈਨਸ਼ਨ ਸਕੀਮ ਅਧੀਨ 10-ਫੀ ਸਦ ਕਟੌਤੀ ਕਰਾ ਰਹੇ ਹਨ ਤੇ ਉਨ੍ਹਾਂ ਦਾ ਅਰਬਾਂ ਰੁਪਿਆ ਪੈਨਸ਼ਨ ਵਿਕਾਸ ਅਥਾਰਟੀ ਦੇ ਖਾਤੇ ਜਮਾ ਹੋ ਰਿਹਾ ਹੈ। ਜੋ ਦੇਸ਼ ਦੇ ਕਾਰਪੋਰੇਟ ਘਰਾਣਿਆ ਦਾਂ ਤਾਂ ਸੰਕਟ ਦੂਰ ਕਰ ਰਿਹਾ ਹੈ। ਪਰ ਗਰੀਬ ਕਿਰਤੀ ਜਮਾਤ ਦੀ ਹਰ ਤਰ੍ਹਾਂ ਲੁੱਟ ਹੋ ਰਹੀ ਹੈ।

''ਪੈਨਸ਼ਨ'' ਸੇਵਾ ਮੁਕਤੀ ਜਾਂ ਬੁਢੇਪੇ ਸਮੇਂ ਮਿਲਣੀ ਜੀਵਨ ਦਾ ਇਕ ਸਹਾਰਾ ਹੈ। ਜੋ ਸਰਕਾਰੀ ਮੁਲਾਜਮਾਂ ਜਾਂ ਕਿਰਤੀਆਂ ਨੂੰ ਪੱਕੇ ਤੌਰ 'ਤੇ ਬਕਾਇਦਾ ਪੈਨਸ਼ਨ ਦੀ ਅਦਾਇਗੀ ਹੁੰਦੇ ਰਹਿਣਾ ਇਕ ਵਰਤਾਰਾ ਬਣ ਗਿਆ ਸੀ। ਇਹ ਵਰਤਾਰਾ ਦੁਨੀਆਂ ਅੰਦਰ 20-ਵੀਂ ਸਦੀ ਦੇ ਅੱਧ ਵਿੱਚ ਸਥਾਪਤ ਹੋਇਆ ਅਤੇ ਕਿਰਤੀ ਅੰਦਲੋਨਾਂ, ਗੁਲਾਮ ਦੇਸ਼ਾਂ ਅੰਦਰ ਚਲੇ ਮੁਕਤੀ ਘੋਲਾਂ ਤੇ ਅਨਿਆਂ ਵਿਰੁਧ ਪਨਪੇ ਸੰਘਰਸ਼ਾਂ ਦੌਰਾਨ ਕਿਰਤ ਦੇ ਫਲ ਲਈ ਹੋਈਆਂ ਪ੍ਰਾਪਤੀਆਂ ਨੇ ਪੈਨਸ਼ਨ ਨੂੰ ਇਕ ਗ੍ਰੰਟੀ ਦਾ ਰੂਪ ਪ੍ਰਦਾਨ ਕੀਤਾ। ਪੈਨਸ਼ਨ, ਪੈਨਸ਼ਨਰੀ ਲਾਭ ਅਤੇ ਸਮਾਜਕ ਸੁਰੱਖਿਆ ਲਈ ਉਸ ਵੇਲੇ ਦੁਨੀਆਂ ਅੰਦਰ ਮੁਲਾਜ਼ਮਾਂ ਤੇ ਕਿਰਤੀਆਂ ਨੂੰ ਪੱਕੀ ਗ੍ਰੰਟੀ ਮਿਲੀ ਜਦੋਂ 1917 ਨੂੰ ਸੋਵੀਅਤ ਰੂਸ ਵਿੱਚ ਹੋਏ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਨੇ ਪੂੰਜੀਵਾਦੀ ਵਿਵੱਸਥਾ ਵਿਰੁਧ ਇਕ ਬਰਾਬਰ ਦੀ ਸਮਾਜਵਾਦੀ ਸਮਾਜ ਦੀ ਉਸਾਰੀ ਕਰਕੇ ਲੋਕਹਿਤ ਸਮਾਜਵਾਦੀ ਪ੍ਰਬੰਧ ਪੇਸ਼ ਕੀਤਾ। ਪੂੰਜੀਵਾਦੀ ਮਿਥਾਂ ਅਤੇ ਅਤੇ ਨੀਤਾਂ ਜੋ ਕਿ ਕਿਰਤੀ ਜਮਾਤ ਵਿਰੁਧ ਘੜੀਆਂ ਹੋਈਆਂ ਸਨ ਢੇਅ-ਢੇਰੀ ਕਰਕੇ ਹਰ ਮਨੁੱਖ ਨੂੰ ਰੋਟੀ, ਕਪੜਾ ਤੇ ਮਕਾਨ ਤੋਂ ਇਲਾਵਾ ਸਮਾਜ-ਸੁਰੱਖਿਆ ਦੇ ਕੇ ਪੂੰਜੀਵਾਦੀ ਨੂੰ ਸਿਧੇ ਤੌਰ ਤੇ ਲਲਕਾਰਿਆ। ਸਮਾਜਵਾਦੀ ਪ੍ਰਾਪਤੀਆਂ ਤੋਂ ਘਬਰਾਅ ਕੇ ਪੂੰਜੀਵਾਦੀ ਦੇਸ਼ਾਂ ਤੇ ਪ੍ਰਬੰਧਾਂ ਨੇ ਵੀ ਲੋਕਾਂ ਨੂੰ ਮਜ਼ਦੂਰੀ, ਸਮਾਜਿਕ ਸੁਰੱਖਿਆ ਦੇਣੀ ਸ਼ੁਰੂ ਕਰ ਦਿੱਤੀ ਸੀ।

ਦੂਸਰੀ ਸੰਸਾਰ ਜੰਗ ਦੌਰਾਨ ਫਾਸ਼ੀਵਾਦੀਆਂ ਦੀ ਹਾਰ ਅਤੇ ਸੰਸਾਰ ਪੂੰਜੀਵਾਦੀ ਸ਼ਕਤੀਆ ਦੇ ਕਮਜ਼ੋਰ ਹੋਣ, ਗੁਲਾਮ ਦੇਸ਼ਾਂ ਅੰਦਰ ਮੁਕਤੀ ਲਹਿਰਾਂ ਉਠਣ, ਦੁਨੀਆਂ ਦੀਆਂ ਪਿਛਾਖੜੀ ਸ਼ਕਤੀਆਂ ਅਤੇ ਪੂੰਜੀਵਾਦੀਆਂ ਨੂੰ ਸਮਾਜਵਾਦੀ ਉਭਾਰ ਤੋਂ ਡਰ ਲੱਗਣ ਲੱਗ ਗਿਆ ਸੀ। ਸਾਮਰਾਜੀ ਸ਼ਕਤੀਆਂ ਨੇ ਅਮਰੀਕਾ ਦੀ ਸਰਦਾਰੀ ਹੇਠ ਦੁਨੀਆਂ ਦੇ ਪੂੰਜੀਵਾਦੀ ਸਿਸਟਮ ਨੂੰ ਬਚਾਉਣ ਲਈ 'ਕੇਨਜ਼' ਦੀ ਕਾਲਿਆਣਕਾਰੀ ਨਾ ਦੀ ਆਰਥਿਕ ਨੀਤੀ ਦਾ ਰਾਹ ਫੜਿਆ। ਇਸ ਰਾਹ ਅਧੀਨ ਹੀ ਸਕੂਲ, ਹਸਪਤਾਲ, ਸੜਕਾਂ ਵਿਕਸਤ ਕਰਕੇ ਰੁਜ਼ਗਾਰ ਪੈਦਾ ਕਰਨੇ, ਸੱਬ-ਸਿਡੀਆਂ ਦੇਣੀਆਂ ਅਤੇ ਮੁਲਜਮਾਂ ਨੂੰ ਪੈਨਸ਼ਨਾਂ ਅਤੇ ਹੋਰ ਰਿਆਇਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਦੁਨੀਆਂ ਦੇ ਪੂੰਜੀਵਾਦੀ ਦੇਸ਼ਾਂ ਦੀਆਂ ਸਰਕਾਰਾਂ ਅਤੇ ਦੇਸ਼ਾਂ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਵੀ ਸਮਾਜਵਾਦੀ ਬਰਕਤਾਂ ਤੋਂ ਡਰਦੇ ਹੋਏ ਪੈਨਸ਼ਨ, ਗ੍ਰੈਚੂਟੀ, ਬੋਨਸ, ਛੁਟੀਆਂ ਅਤੇ ਮੁਲਾਜਮਾਂ ਤੇ ਕਿਰਤੀਆਂ ਨੂੰ ਕਈ ਸਹੂਲਤਾਂ ਦਿੱਤੀਆਂ ਤੇ ਕਨੂੰਨ ਬਣਾਏ। ਭਾਰਤ ਨੇ ਵੀ ਬਸਤੀਵਾਦੀ ਗੁਲਾਮੀ ਤੋਂ ਮੁਕਤੀ ਪ੍ਰਾਪਤ ਕੀਤੀ। ਇਸ ਮੁਕਤੀ ਅੰਦੋਲਨ ਅੰਦਰ ਭਾਰਤ ਦੀ ਕਿਰਤੀ ਜਮਾਤ ਤੇ ਮੁਲਾਜ਼ਮਾ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। 20-ਵੀਂ ਸਦੀ ਦੇ ਸ਼ੁਰੂ ਤੋਂ ਹੀ ਮੁਲਾਜਮ ਵਰਗ ਜਿਹੜੇ ਜਨਤਕ ਖੇਤਰ ਦੇ ਅਦਾਰਿਆਂ ਅੰਦਰ ਕੰਮ ਕਰਦੇ ਸਨ ਇਕ ਬਹੁਤ ਵੱਡੀ ਕਿਰਤ ਸ਼ਕਤੀ ਸੀ, ਇਕ ਵੱਡਾ ਪ੍ਰਭਾਵ ਰੱਖਦੀ ਸੀ।

ਭਾਰਤ ਦੀ ਕਿਰਤੀ ਜਮਾਤ ਦੇ ਸੰਘਰਸ਼ਾਂ ਦੀ ਇਕ ਸ਼ਾਨਦਾਰ ਲੰਬੀ ਦਾਸਤਾਨ ਹੈ। ਬਸਤੀਵਾਦ, ਦੇਸ਼ ਦੀ ਆਜਾਦੀ ਅਤੇ ਆਜਾਦੀ ਬਾਦ ਹੁਣ ਫਿਰਕਾਪ੍ਰਸਤ ਕਾਰਪੋਰੇਟੀ ਪੂੰਜੀਵਾਦੀਆਂ ਦੇ ਦੇਸ਼ ਵਿਰੋਧੀ, ਲੋਕ ਵਿਰੋਧੀ ਅਤੇ ਕਿਰਤੀ ਵਿਪਰੋਧੀ ਹਾਕਮਾਂ ਦੀਆਂ ਨੀਤੀਆਂ ਵਿਰੁਧ ਲੜੇ ਕਿਰਤੀਆਂ ਦੇ ਸੰਘਰਸ਼ਾਂ ਦਾ ਇਕ ਵੱਡਾ ਇਤਿਹਾਸ ਰਿਹਾ ਹੈ। ਜਦੋਂ ਦੀਆਂ ਐਲ.ਪੀ.ਜੀ. ਦੀਆਂ ਨੀਤੀਆਂ ਸ਼ੁਰੂ ਹੋਈਆਂ ਹਨ, ਦੇਸ਼ ਦੀਆਂ ਕੌਮੀ ਟਰੇਡ ਯੂਨੀਅਨਾਂ, ਕੇਂਦਰੀ ਮੁਲਾਜਮਾਂ ਦੀ ਕਨਫੈਡਰੇਸ਼ਨ ਅਤੇ ਅਤੇ ਸਰਕਾਰੀ ਰਾਜ ਰਾਜ ਸਰਕਾਰਾਂ ਦੇ ਮੁਲਾਜ਼ਮਾਂ ਦੀ ਫੈਡਰੇਸ਼ਨ ਵੱਲੋ ਉਪਰੋਕਤ ਦੇਸ਼, ਲੋਕ ਅਤੇ ਕਿਰਤੀ ਵਰਗ ਵਿਰੋਧੀ ਨੀਤੀਆਂ ਵਿਰੁਧ 1991 ਤੋਂ ਹੁਣ ਤੱਕ ਡੇੜ-ਦਰਜਨ ਤੋਂ ਵੱਧ ਵਾਰੀ ਕੌਮੀ ਪੱਤਰ 'ਤੇ ਹੜਤਾਲਾਂ ਹੋ ਚੁੱਕੀਆਂ ਹਨ। ਕੁਝ ਸਮੇਂ ਤੋਂ ਦੁਨੀਆਂ ਅੰਦਰ ਸਮਾਜਵਾਦੀ ਪ੍ਰਭਾਵ ਕੁਝ ਕਮਜ਼ੋਰ ਪੈਣ ਕਰਕੇ ਅਤੇ ਭਾਰਤ ਅੰਦਰ ਪੂੰਜੀਵਾਦੀ ਸਾਸ਼ਕ ਵੀ ਭਾਰੂ ਪੈ ਗਏ ਤਾਂ ਦੇਸ਼ ਦੀ ਕਿਰਤੀ ਜਮਾਤ ਵਲੋਂ ਸੰਘਰਸ਼ਾਂ ਰਾਹੀਂ ਜੋ ਕਨੂੰਨੀ, ਨਿਯਮੀ ਅਤੇ ਆਰਥਿਕ ਲਾਭ ਪ੍ਰਾਪਤ ਹੋਏ ਸਨ। ਟਰੇਡ ਯੂਨੀਅਨ ਐਕਟ 1926, ਫੈਕਟਰੀ, ਬੋਨਸ, ਗ੍ਰੈਚੂਟੀ, ਸਨਅਤੀ ਐਕਟ, ਪੁਰਾਣੀ ਪੈਨਸ਼ਨ ਸਕੀਮ ਆਦਿ ਪ੍ਰਾਪਤੀਆਂ ਨੇ ਖੁਸ ਗਈਆਂ। ਹਾਕਮਾਂ ਵਲੋਂ ਮਾਰੂ ਹਮਲੇ ਵੀ ਤੇਜ ਹੋ ਗਏ ਹਨ। ਮੁਲਾਜ਼ਮਾਂ ਨੂੰ ਜੋ ਸਰਕਾਰੀ ਤੌਰ 'ਤੇ ਪੈਨਸ਼ਨ ਅਤੇ ਪੈਨਸ਼ਨਰੀ ਲਾਭ ਮਿਲਦੇ ਸਨ, ਖੋਹ ਲਏ ਗਏ ਹਨ। ਇਹ ਸਪਸ਼ਟ ਅਤੇ ਕਿਰਤੀ ਵਰਗ ਵੱਲੋ ਪ੍ਰਣਾਇਆਂ ਸਿਧਾਂਤ ਹੈ ਕਿ ਜੇਕਰ ਕਿਰਤੀ ਜਮਾਤ ਦੀ ਸ਼ਕਤੀ ਇਕ ਮੁੱਠ ਅਤੇ ਇਕ ਜੁੱਟ ਹੈ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ, ਨਹੀਂ ਤਾਂ ਪ੍ਰਾਪਤ ਕੀਤਾ ਵੀ ਖੁਸ ਸਕਦਾ ਹੈ।

17-ਦਸੰਬਰ ਦੇ ਪੈਨਸ਼ਨ ਦਿਵਸ ਦੇ ਪ੍ਰੇਪੇਖ 'ਚ ਆਓ ! ਅਸੀਂ ਵੀ ਇਹ ਆਹਿਦ ਕਰੀਏ। ਜੋ ਸਾਡੇ ਪੁਰਾਣੇ ਕਿਰਤੀ ਜਮਾਤ ਦੇ ਵਾਰਸਾ ਦੀਆਂ ਕੁਰਬਾਨੀਆਂ ਸਦਕਾ ਸਾਨੂੰ ਪੈਨਸ਼ਨ, ਪੈਨਸ਼ਨਰੀ ਲਾਭ ਅਤੇ ਸਮਾਜਕ ਸੁਰੱਖਿਆ ਆਦਿ ਜਿਹੀਆਂ ਜੀਵਨ ਦੀਆਂ ਸਹੂਲਤਾਂ ਪ੍ਰਾਪਤ ਹੋਈਆਂ ਸਨ। ਸਾਡੇ ਵਾਰਸਾਂ ਨੇ ਕੇਂਦਰ 'ਚ 7-ਵਾਂ ਪੇ ਕਮਿਸ਼ਨ (1946-47 ਤੋਂ 2016) ਅਤੇ ਪੰਜਾਬ ਅੰਦਰ 1946-47 ਤੋਂ 2006 ਤੱਕ 6-ਵਾਂ ਪੇ-ਕਮਿਸ਼ਨ ਸਥਾਪਤ (ਕਾਇਮ) ਕਰਾ ਕੇ ਕਰੋੜਾਂ ਮੁਲਾਜ਼ਮਾਂ ਨੂੰ ਹਰ ਤਰ੍ਹਾਂ ਦੇ ਲਾਭ ਦਿਵਾਉਣ ਲਈ ਕੁਰਬਾਨੀਆਂ ਕੀਤੀਆਂ ਸਨ।

ਜੇਕਰ ਅਸੀਂ ਵੀ ਅਜਿਹੇ ਲਾਭਾਂ ਦੀ ਆਸ ਰੱਖਦੇ ਹਾਂ ਜਿਹੜੇ ਸਾਡੇ ਵਾਰਸ ਸਾਨੂੰ ਦੇ ਗਏ ਹਨ, ਤਾਂ ਸਾਨੂੰ ਵੀ ਆਪਣੇ ਲਈ ਅਤੇ ਆਪਣੇ ਆਉਣ ਵਾਲੇ ਬੱਚਿਆਂ ਦੇ ਉਜਲੇ ਭਵਿੱਖ-ਰੁਜ਼ਗਾਰ, ਸਿਖਿਆ, ਸਿਹਤ ਅਤੇ ਸਮਾਜਕ ਸੁਰੱਖਿਆ ਦੀ ਗ੍ਰੰਟੀ ਚਾਹੁੰਦੇ ਹਾਂ, ਸੰਘਰਸ਼ ਕਰਨਾ ਪੈਣਾ ਹੈ। ਮੌਜੂਦਾ ਸਮਾਜ ਅੰਦਰ ਸਮਾਜਿਕ ਪ੍ਰੀਵਰਤਨ ਲਈ ਸਾਰੀ ਕਿਰਤੀ ਜਮਾਤ ਨੂੰ ਸਿਰ ਨਾਲ ਸਿਰ ਜੋੜ ਕੇ ਲੜਨਾ ਪਏਗਾ। ਨਵੀਂ ਪੈਨਸ਼ਨ ਸਕੀਮ ਦੀ ਵਾਪਸੀ ਲਈ ਕੇਂਦਰੀ ਸੂਬਾਈ ਤੇ ਕੌਮੀ ਟਰੇਡ ਯੂਨੀਅਨਾਂ ਵੱਲੋ ਚਲ ਰਹੇ ਸੰਘਰਸ਼ਾਂ ਵਿੱਚ ਯੋਗਦਾਨ ਪਾਈਏ। ਸੰਘਰਸ਼ ਦੀ ਜਿੱਤ ਦੀ ਗਰੰਟੀ ਹੈ।

# ਪਰਕਸ ਵਲੋਂ ਸ਼੍ਰੋਮਣੀ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ 13 ਦਸੰਬਰ 2022-** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਿਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਵਲੋਂ ਸ਼੍ਰੋਮਣੀ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀ ਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ, ਸ੍ਰੀ ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਕਿ ਅਜ ਭੰਵਰ ਸਾਹਿਬ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਕੀਤੇ ਸਾਹਿਤਕ ਕਾਰਜ ਤੇ ਪ੍ਰਕਾਸ਼ਿਤ ਪੁਸਤਕਾਂ ਜਿਵੇਂ ਪੰਜਾਬ ਦਾ ਲੋਕ-ਨਾਇਕ, ਸਾਕਾ ਨੀਲਾ ਤਾਰਾ ਬਾਰੇ ਡਾਇਰੀ ਦੇ ਪੰਨੇ, ਨਾਰੀਅਲ ਦੀ ਧਰਤੀ 'ਤੇ, ਸੋਭਾ ਸਿੰਘ (ਜੀਵਨ ਤੇ ਕਲਾ), 'ਮੇਰੀ ਕੈਨੇਡਾ ਫੇਰੀ' ਆਦਿ ਉਨ੍ਹਾਂ ਦੇ ਨਾਂ ਨੂੰ ਹਮੇਸ਼ਾਂ ਕਾਇਮ ਰਖਣ-ਗੀਆਂ।ਉਨ੍ਹਾਂ ਦੇ ਚਲੰਤ ਮਾਮਲਿਆ ਤੇ ਸਿੱਖ ਧਰਮ ਬਾਰੇ ਅਕਸਰ ਦੇਸ਼ ਵਿਦੇਸ਼ ਦੀਆਂ ਅਖ਼ਬਾਰਾਂ ਵਿਚ ਛਪਦੇ ਰਹਿੰਦੇ ਸਨ। ਉਨ੍ਹਾਂ ਪ੍ਰੋ: ਪੁਰਦਮਨ ਸਿੰਘ ਬੇਦੀ ਤੇ ਪ੍ਰੋ.ਗੁਰਭਜਨ ਸਿੰਘ ਗਿੱਲ ਨਾਲ ਮਿਲ ਕੇ ਸ਼ੋਭਾ ਸਿੰਘ ਚਿੱਤਰਕਾਰ ਸਿਮਰਤੀ ਗ੍ਰੰਥ 2003 ਵਿਚ ਸੰਪਾਦਿਤ ਕੀਤਾ । ਉਨ੍ਹਾਂ ਨੇ ਦਿ ਟ੍ਰਿਬਿਊਨ, ਬੀ.ਬੀ.ਸੀ., ਪੰਜਾਬੀ ਜਾਗਰਣ ਤੇ ਦੈਨਿਕ ਜਾਗਰਣ ਅਖ਼ਬਾਰਾਂ ਲਈ ਕੰਮ ਕੀਤਾ।ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਤੌਰ ਮੀਡੀਆ ਸਲਾਹਕਾਰ ਨੌਕਰੀ ਕੀਤੀ।



ਉਹ ਦੇਸ਼-ਵਿਦੇਸ਼ ਘੁੰਮੇ ।ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਅਤੇ ਇੰਟਰਨੈਸ਼ਨਲ ਸਿੱਖ ਕਨਫੈਡਰੇਸ਼ਨ, ਚੰਡੀਗੜ੍ਹ ਦੇ ਜੀਵਨ ਮੈਂਬਰ ਸਨ।ਪ੍ਰੈਸ ਕਲੱਬ ਪਟਿਆਲਾ ਤੇ ਪ੍ਰੈਸ ਕਲੱਬ ਅੰਮ੍ਰਿਤਸਰ ਦੇ ਪ੍ਰਧਾਨ ਰਹਿ । ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ''ਇਨਸਾਈਕਲੋਪੀਡੀਆ ਆਫ ਸਿਖ਼ਿਜ਼ਮ'' ਦੀ ਨਵੀਂ ਐਡੀਸ਼ਨ ਲਈ ''ਅਪਰੇਸ਼ਨ ਬਲਿਊ ਸਟਾਰ'' ਬਾਰੇ ''ਐਂਟਰੀ'' ਲਿਖ ਕੇ ਦਿਤੀ । ਉਨ੍ਹਾਂ ਨੂੰ ਦੋ ਦਰਜਨ ਤੋਂ ਵੱਧ ਸਾਹਿਤਕ, ਧਾਰਮਿਕ, ਅਤੇ ਪੱਤਰਕਾਰਤਾ ਨਾਲ ਜੁੜੀਆਂ ਜੱਥੇਬੰਦੀਆਂ ਵਲੋਂ ਸਮੇਂ ਸਮੇਂ ਸਨਮਾਨਿਤ ਕੀਤਾ ਗਿਆ। ਇੰਡੀਅਨ ਮੀਡੀਆ ਸ਼ੈਂਟਰ ਲੁਧਿਆਣਾ ਵਲੋਂ ਆਪ ਨੰ ਲਾਇਫ਼ ਟਾਇਮ ਅਚੀਵਮੈਂਟ ਅਵਾਰਡ ਨਾਲ ਨਿਵਾਜਿਆ ਗਿਆ।

**- ਡਾ. ਚਰਨਜੀਤ ਸਿੰਘ ਗੁਮਟਾਲਾ,**
**91-9417533060**

# ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 66ਵਾਂ ਪ੍ਰੀਨਿਰਵਾਣ ਦਿਵਸ ਭੀਮ ਇੰਟਰਨੈਸ਼ਨਲ ਯੂ. ਐਸ. ਏ. ਅਤੇ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਨੇ ਸ਼ਰਧਾਪੂਰਵਕ ਮਨਾਇਆ

**ਹੇਵਰਡ–** ਭੀਮ ਇੰਟਰਨੈਸ਼ਨਲ ਯੂ. ਐਸ. ਏ. ਅਤੇ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਨੇ ਸੰਯੁਕਤ ਰੂਪ ਵਿਚ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 66ਵੇਂ ਪ੍ਰੀਨਿਰਵਾਣ ਦਿਵਸ 'ਤੇ ਰਾਜਾ ਇੰਡੀਅਨ ਕੁਜ਼ੀਨ ਐਂਡ ਬਾਰ ਹੇਵਰਡ (ਕੈਲੇਫੋਰਨੀਆ) ਵਿਖੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 66ਵਾਂ ਪ੍ਰੀਨਿਰਵਾਣ ਦਿਵਸ ਤੇ ਯਾਦ ਕਰਦਿਆਂ ਇਕ ਵਿਸ਼ੇਸ਼ ਸਮਾਗਮ ਕੀਤਾ, ਜਿਸ ਵਿਚ ਦੂਰੋਂ–ਨੇੜਿਉਂ ਬਾਬਾ ਸਾਹਿਬ ਦੇ ਅਨੁਯਾਈਆਂ ਨੇ ਹਾਜ਼ਰੀਆਂ ਭਰ ਕੇ ਬਾਬਾ ਸਾਹਿਬ ਨੂੰ ਸ਼ਰਧਾਂਜਲੀਆਂ ਦਿੱਤੀਆਂ। ਜਿਸ ਵਿਚ ਡਾ. ਬੀ. ਆਰ. ਅੰਬੇਦਕਰ ਐਜੂਕੇਸ਼ਨਲ ਏਡ ਸੁਸਾਇਟੀ ਫਰੀਮਾਂਟ (ਕੈਲੇਫੋਰਨੀਆ) ਦੇ ਚੇਅਰਮੈਨ ਸ੍ਰੀ ਰਾਮ ਸਰੋਏ, ਪ੍ਰਧਾਨ ਸ੍ਰੀ ਕਰਨੈਲ ਬੰਗੜ, ਜਨਰਲ ਸਕੱਤਰ ਬਲਵੀਰ ਥਿੰਦ ਅਤੇ ਕੈਸ਼ੀਅਰ ਸ੍ਰੀ ਅਮਰੀਕ ਚੰਦ ਲਾਖਾ ਜੀ ਆਦਿ ਪ੍ਰਬੰਧਕਾਂ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਸਮਾਗਮ ਦੇ ਮੌਕੇ ਸਟੇਜ ਦੀ ਸੇਵਾ ਸੰਭਾਲਦਿਆਂ ਪ੍ਰਿਅੰਕਾ ਯਾਦਵ ਨੇ ਵੱਖ–ਵੱਖ ਬੁਲਾਰਿਆਂ ਨੂੰ ਬਾਬਾ ਸਾਹਿਬ ਪ੍ਰਤੀ ਦੋ ਸ਼ਬਦ ਰੱਖਣ ਦਾ ਸੱਦਾ ਦਿੱਤਾ, ਜਿਹਨਾਂ ਵਿਚ ਸਰਵਸ੍ਰੀ ਰਾਮ ਕੁਮਾਰ, ਰਾਮ ਸਰੋਏ, ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਸਭਾ, ਬੇ–ਏਰੀਆ), ਵਿਨੋਦ ਕੁਮਾਰ ਚੁੰਬਰ (ਸ੍ਰੀ ਗੁਰੂ ਰਵਿਦਾਸ ਸਭਾ, ਬੇ–ਏਰੀਆ), ਤਕਸ਼ਿਕ (ਏ. ਆਈ. ਸੀ.), ਡਾ. ਹਰਮੇਸ਼ ਕੁਮਾਰ, ਦਸ਼ਵਿੰਦਰਪਾਲ (ਆਈ. ਓ. ਬੀ.), ਸ਼ਿਕਾਗੋ ਤੋਂ ਬਿਪਨ ਲੋਈ ਅਤੇ ਟਰਾਂਟੋ ਤੋਂ ਪਰਮਿੰਦਰ ਸਿੰਘ ਕੈਂਥ ਤੋਂ ਇਲਾਵਾ ਪ੍ਰੇਮ ਕੁਮਾਰ ਚੁੰਬਰ (ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ) ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ। ਇਸ ਮੌਕੇ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਸਪੈਸ਼ਲ ਅੰਕ ਅਤੇ ਡਾ. ਰੌਣਕੀ ਰਾਮ ਜੀ ਦੀਆਂ ਅੰਗਰੇਜ਼ੀ ਅਤੇ ਪੰਜਾਬੀ ਦੀਆਂ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਦੋਵਾਂ ਸਭਾਵਾਂ ਭੀਮ ਇੰਟਰਨੈਸ਼ਨਲ ਯੂ. ਐਸ. ਏ. ਅਤੇ ਅੰਬੇਡਕਰ ਇੰਟਰਨੈਸ਼ਨਲ ਵੱਲੋਂ ਆਏ ਸਾਰੇ ਮਹਿਮਾਨਾਂ/ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਦਾਰਾ ਦੇਸ਼ ਦੁਆਬਾ ਵੱਲੋਂ ਸਮਾਗਮ ਦੀ ਲਾਈਵ ਅਤੇ ਵੀਡੀਓ, ਫੋਟੋਗ੍ਰਾਫੀ ਕੀਤੀ ਗਈ।


















# ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 66ਵਾਂ ਪ੍ਰੀਨਿਰਵਾਣ ਦਿਵਸ
# ਭੀਮ ਇੰਟਰਨੈਸ਼ਨਲ ਯੂ. ਐਸ. ਏ. ਅਤੇ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਨੇ ਸ਼ਰਧਾਪੂਰਵਕ ਮਨਾਇਆ












# ਬੰਦ ਮੁੱਠੀਆਂ ਦੀ ਦਾਸਤਾਂ

ਕਹਾਣੀ - ਬਲਵਿੰਦਰ ਬਾਲਮ

ਰੋਸ਼ਨ ਸਿੰਘ ਇਕ ਮਸ਼ਹੂਰ ਡਾਕਟਰ। ਜਿਸ ਕੋਲ ਮਰੀਜ਼ਾਂ ਦਾ ਤਾਂਤਾ ਲੱਗਾ ਰਹਿੰਦਾ। ਆਪਣੀ ਵਾਰੀ ਦੇ ਮੁਤਾਬਿਕ ਇਕ ਮਰੀਅਲ ਜਿਹੀ ਲੜਕੀ ਨੇ ਕਮਰੇ ਵਿਚ ਪ੍ਰਵੇਸ਼ ਕਰਦਿਆਂ ਨਮਸਕਾਰ ਕੀਤੀ ਅਤੇ ਡਾਕਟਰ ਦੇ ਨਾਲ ਵਾਲੇ ਪਾਸੇ ਰੱਖੇ ਸਟੂਲ ਉਪੱਰ ਬੈਠ ਗਈ।

ਡਾਟਕਰ ਨੇ ਜਗਿਆਸਾ ਨਾਲ ਕਿਹਾ, ''ਹਾਂ ਜੀ ਦੱਸੋ? ਤੁਹਾਨੂੰ ਕੀ ਗੱਲ ਏ?''

ਲੜਕੀ ਨੇ ਮਰੀਅਲ ਜਿਹੀ ਆਵਾਜ਼ ਵਿਚ ਕਿਹਾ, ''ਡਾਕਟਰ ਸਾਹਿਬ ਕੁਝ ਮਹੀਨਿਆਂ ਤੋਂ ਮੇਰੀਆਂ ਮੁੱ-ਠੀਆਂ ਬੰਦ ਹਨ ਅਤੇ ਹੇਠਾਂ ਨੂੰ ਮੁੜੀਆਂ ਹੋਈਆਂ ਹਨ, ਇਹ ਖੁੱਲ੍ਹਦੀਆਂ ਨਹੀਂ। ਬਸ ਇਕ ਜਗ੍ਹਾ 'ਤੇ ਸਥਿਰ ਹੋ ਗਈਆਂ ਹਨ। ਬੜੇ ਇਲਾਜ ਕਰਵਾਏ ਹਨ ਪਰ ਇਹ ਠੀਕ ਨਹੀਂ ਹੋ ਰਹੀਆਂ। ਬਹੁਤ ਪਰੇਸ਼ਾਨ ਹਾਂ ਡਾਕਟਰ ਸਾਹਿਬ।''

ਡਾਕਟਰ ਨੇ ਆਪਣੀ ਸੋਚ ਅਤੇ ਬੁੱਧੀਮੱਤਾ ਦੇ ਮੁਤਾਬਿਕ ਉਸਦੇ ਸਰੀਰ ਦੇ ਮੁਨਸਾਬਿ ਟੈਸਟ ਕਰਵਾਏ। ਉਨ੍ਹਾਂ ਸਾਰੇ ਟੈਸਟਾਂ ਵਿਚ ਕੋਈ ਵੀ ਨੁਕਸ ਨਾ ਆਇਆ। ਡਾਕਟਰ ਨੇ ਸੋਚ ਸਮਝ ਦੇ ਮੁਤਾਬਿਕ ਉਸ ਲੜਕੀ ਨੂੰ ਇਕ ਹਫ਼ਤੇ ਦੀ ਦਵਾਈ ਦੇ ਦਿੱਤੀ ਅਤੇ ਹਫ਼ਤੇ ਬਾਅਦ ਫਿਰ ਵਿਖਾਉਣ ਲਈ ਹਦਾਇਤ ਕੀਤੀ।

ਹਫ਼ਤੇ ਬਾਅਦ ਉਹ ਮਰੀਅਲ ਜਿਹੀ ਲੜਕੀ ਫਿਰ ਡਾਕਟਰ ਕੋਲ ਆਈ। ਲੜਕੀ ਨੂੰ ਕੋਈ ਫ਼ਰਕ ਨਹੀਂ ਸੀ ਪਿਆ। ਡਾਕਟਰ ਨੇ ਫਿਰ ਦੁਬਾਰਾ ਸਾਰੇ ਟੈਸਟ ਕਰਵਾਏ। ਫਿਰ ਵੀ ਸਾਰੇ ਟੈਸਟ ਠੀਕ ਨਿਕਲੇ। ਡਾਕਟਰ ਨੇ ਫਿਰ ਦਵਾਈਆਂ ਬਦਲ ਕੇ ਦੇ ਦਿੱਤੀਆਂ ਤੇ 15 ਦਿਨਾਂ ਬਾਅਦ ਆਉਣ ਦੀ ਹਦਾਇਤ ਕੀਤੀ।

ਡਾਕਟਰ ਕੋਲ ਆਈ ਅਤੇ ਉਸਨੇ ਡਾਕਟਰ ਨੂੰ ਕਿਹਾ, ''ਡਾਕਟਰ ਸਾਹਿਬ ਕੋਈ ਫ਼ਰਕ ਨਹੀਂ ਪਿਆ।''

ਡਾਕਟਰ ਨੇ ਕਿਹਾ, ''ਮੈਂ ਵਧੀਆ ਤੋਂ ਵਧੀਆ ਦਵਾਈਆਂ ਤੁਹਾਨੂੰ ਦਿੱਤੀਆਂ ਹਨ। ਤੁਹਾਡੇ ਟੈਸਟ ਵੀ ਸਾਰੇ ਠੀਕ ਹਨ। ਤੁਹਾਨੂੰ ਦਵਾਈਆਂ ਨਾਲ ਕੋਈ ਫ਼ਰਕ ਨਹੀਂ ਪੈ ਰਿਹਾ।''

ਡਾਕਟਰ ਮਨ ਹੀ ਮਨ ਸੋਚਣ ਲੱਗਾ। ਉਸਨੇ ਸੋਚਿਆ ਕਿ ਕਿਉਂ ਨਾ ਇਸ ਲੜਕੀ ਨੂੰ ਮਨੋਵਿਗਿਆਨਕ ਦ੍ਰਿਸ਼ਟੀ ਨਾਲ ਵੇਖਿਆ ਪਰਖਿਆ ਜਾਵੇ।

ਡਾਕਟਰ ਨੇ ਗੰਭੀਰਤਾ ਵਿਚ ਉਤਰਦਿਆਂ ਲੜਕੀ ਨੂੰ ਕਿਹਾ, ''ਤੁਹਾਨੂੰ ਸ਼ਰੀਰਕ ਰੋਗ ਕੋਈ ਨਹੀਂ ਹੈ। ਕੀ ਤੁਹਾਡੇ ਨਾਲ ਕੋਈ ਹਾਦਸਾ ਹੋਇਆ? ਜਾਂ ਬਚਪਨ ਵਿਚ ਕੋਈ ਐਕਸੀਡੈਂਟ ਹੋਇਆ? ਜਾਂ ਕੋਈ ਹੋਰ ਕਾਰਨ? ਤੁਹ-ਾਡੀਆਂ ਮੁੱਠੀਆਂ ਬੰਦ ਕਿਵੇਂ ਹੋਈਆਂ? ਕੀ ਤੁਸੀਂ ਕੁਝ ਮਹੀਨੇ ਪਹਿਲਾਂ ਬਿਲਕੁਲ ਠੀਕ ਠਾਕ ਸੀ? ਇਹ ਹੱਥ ਕਦੋਂ ਤੱਕ ਠੀਕ ਹਰਕਤ ਕਰਦੇ ਸੀ ਆਦਿ?''

ਉਸ ਲੜਕੀ ਨੇ ਕੁਝ ਸਮਾਂ ਸੋਚਣ ਤੋਂ ਬਾਅਦ ਉਦਾਸੀਨਤਾ ਵਿਚ ਉਤਰਦਿਆਂ ਕਿਹਾ, ''ਡਾਕਟਰ ਸਾਹਿਬ ਮੈਂ ਤੁਹਾਡੇ ਨਾਲ ਵੱਖਰੀ ਗੱਲ ਕਰਨਾ ਚਾਹੁੰਦੀ ਹਾਂ। ਇਹ ਗੱਲ ਤੁਸੀਂ ਕਿਸੇ ਨਾਲ ਨਹੀਂ ਕਰੋਗੇ।''

ਡਾਕਟਰ ਨੇ ਵਾਅਦਾ ਕੀਤਾ ਕਿ ਇਹ ਗੱਲ ਕਿਸੇ ਨਾਲ ਵੀ ਨਹੀਂ ਕਰੇਗਾ। ਤੁਸੀਂ ਬੇਝਿਜਕ ਸਾਰੀ ਗੱਲ ਦੱਸੋ? ਕਿ ਇਹ ਮੁੱਠੀਆਂ ਬੰਦ ਕਿਵੇਂ ਹੋਈਆਂ?

ਉਹ ਲੜਕੀ ਬੁਸਕ-ਬੁਸਕ ਕੇ ਰੋਣ ਲੱਗੀ ਅਤੇ ਫਿਰ ਅੱਖਾਂ 'ਚੋਂ ਹੰਝੂ ਪੂੰਝਣ ਤੋਂ ਬਾਅਦ ਠਰੱਮੇ ਨਾਲ ਕਹਿਣ ਲੱਗੀ।

ਉਸ ਲੜਕੀ ਨੇ ਆਪਣੇ ਪਰਸ 'ਚੋਂ ਇਕ ਖ਼ੂਬ-ਸੂਰਤ, ਭਰ ਜਵਾਨ, ਗੋਰੀ ਚਿੱਟੀ ਲੜਕੀ ਦੀ ਤਸਵੀਰ ਕੱਢ ਕੇ ਡਾਕਟਰ ਸਾਹਿਬ ਦੇ ਸਾਹਮਣੇ ਰੱਖ ਦਿੱਤੀ।

ਡਾਕਟਰ ਨੇ ਉਤਸੁਕਤਾ ਨਾਲ ਪੁੱਛਿਆ, ''ਇਹ ਕਿਸਦੀ ਤਸਵੀਰ ਹੈ? ਇਸਦਾ ਬਿਮਾਰੀ ਨਾਲ ਕੀ ਸਬੰਧ ਹੈ? ਇਹ ਤਾਂ ਬਹੁਤ ਹੀ ਖ਼ੂਬਸੂਰਤ ਲੜਕੀ ਦੀ ਤਸਵੀਰ ਹੈ! ਇਹ ਕੌਣ ਹੈ?''

ਉਸ ਲੜਕੀ ਨੇ ਉਦਾਸ ਹੁੰਦਿਆਂ ਹੌਲੀ ਜਿਹੀ ਕਿਹਾ, ''ਡਾਕਟਰ ਸਾਹਿਬ ਇਹ ਮੇਰੀ ਤਸਵੀਰ ਹੈ। ਕੁਝ ਮਹੀਨੇ ਪੁਰਾਣੀ ਮੇਰੀ ਹੀ ਤਸਵੀਰ ਹੈ।''

ਡਾਕਟਰ ਇਕਦਮ ਹੈਰਾਨ ਹੋ ਗਿਆ। ਕਦੀ ਉਹ ਮਰੀਅਲ ਜਿਹੀ ਲੜਕੀ ਵੱਲ ਅਤੇ ਕਦੀ ਤਸਵੀਰ ਵੱਲ ਵੇਖਣ ਲੱਗਾ। ਕਿਉਂਕਿ ਉਸਦੇ ਸਾਹਮਣੇ ਤਾਂ ਇਕ ਸਾਂਵਲੇ ਜਿਹੇ ਰੰਗ ਦੀ, ਭੱਦੀ ਜਿਹੀ ਸ਼ਕਲ ਵਾਲੀ ਮਰੀਅਲ ਜਿਹੀ ਲੜਕੀ, ਅੱਖਾਂ ਥੱਲੇ ਗੜ੍ਹੇ, ਚਿਹਰੇ 'ਤੇ ਮਾਯੂਸੀ, ਕਾਨਾ ਜਿਹਾ ਜਿਸਮ, ਮਰੀਅਲ ਜਿਹੀ ਆਵਾਜ਼ ਵਾਲੀ ਲੜਕੀ ਬੈਠੀ ਸੀ।

ਡਾਕਟਰ ਬਹੁਤ ਹੈਰਾਨ ਹੋਇਆ। ਉਸਨੇ ਪੁੱਛਿਆ ਕਿ ਇਹ ਮਾਜਰਾ ਕੀ ਹੈ? ਕਿ ਏਨੀ ਖ਼ੂਬਸੂਰਤ ਲੜਕੀ ਤੋਂ ਏਨੀਂ ਭੱਦੀ ਸ਼ਕਲ ਵਾਲੀ ਲੜਕੀ ਕਿਵੇਂ ਬਣ ਗਈ?

ਉਸ ਲੜਕੀ ਨੇ ਉਦਾਸੀ 'ਚੋਂ ਸਾਰੀ ਹਿੰਮਤ ਜੁਟਾ ਕੇ ਮੱਧਮ ਆਵਾਜ਼ ਨੂੰ ਤੇਜ਼ ਕਰਦਿਆਂ ਦੱਸਿਆ, ''ਡਾਕਟਰ ਸਾਹਿਬ ਮੈਂ ਇਕ ਕੋਰਟ (ਕਚਹਿਰੀ) ਵਿਚ ਇਕ ਜੱਜ ਦੀ ਸਟੈਨੋ ਸੀ। ਮੈਂ ਕਵਾਰੀ ਸਾਂ। ਮੈਂ ਲਗਭਗ ਕੁਝ ਮਹੀਨੇ ਪਹਿਲਾਂ ਹੀ ਇਸ ਜੱਜ ਦੀ ਸਟੈਨੋ ਲੱਗੀ ਸਾਂ। ਜੱਜ ਦੇ ਇਕ ਕੇਸ ਲੱਗਾ ਹੋਇਆ ਸੀ। ਇਹ ਕੇਸ (ਮੁਕੱਦਮਾ) ਇਕ ਖ਼ੂਬਸੂਰਤ ਨੌਜਵਾਨ ਲੜਕੇ ਦਾ ਸੀ। ਉਸ ਲੜਕੇ ਉਪੱਰ ਸਮਗਲਿੰਗ ਦਾ ਮੁਕੱਦਮਾ ਸੀ। ਉਹ ਲੜਕਾ ਉੱਚ ਦਰਜੇ ਦੇ ਸਮਗਲਰਾਂ ਵਿਚ ਆਉਂਦਾ ਸੀ।

ਕੁਝ ਮਹੀਨਿਆਂ ਤੱਕ ਉਸਦਾ ਮੁਕੱਦਮਾ ਚੱਲਦਾ ਰਿਹਾ। ਉਸ ਲੜਕੇ ਦੀ ਜ਼ਮਾਨਤ ਹੋ ਚੁੱਕੀ ਸੀ। ਪਰ ਉਸਨੂੰ ਸਜ਼ਾ ਜ਼ਰੂਰ ਹੋ ਜਾਣੀ ਸੀ। ਉਹ ਲੜਕਾ ਇਕ ਰੱਜੇ ਪੁੱਜੇ ਘਰ ਦਾ ਸੀ ਅਤੇ ਖੁਸ਼ਹਾਲ ਪਰਿਵਾਰ ਦਾ ਲੜਕਾ ਸੀ। ਉਹ ਲੜਕਾ ਮੁਕੱਦਮੇ ਦੀਆਂ ਤਾਰੀਕਾਂ ਲੈਣ ਲਈ ਮੇਰੇ ਕੋਲ ਤਰਲੇ ਮਿੰਨਤਾ ਕਰਦਾ ਤੇ ਮੈਂ ਉਸਦੇ ਭੋਲੇਪਣ ਅਤੇ ਤਰਲਿਆਂ ਮਿੰਨਤਾਂ ਕਰਕੇ ਉਸਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ।

ਹੌਲੀ ਹੌਲੀ ਉਹ ਲੜਕਾ ਮੇਰੇ ਲਈ ਕੀਮਤੀ ਅਤੇ ਖ਼ੂਬਸੂਰਤ ਗਿਫ਼ਟ ਲਿਆਉਣ ਲੱਗ ਪਿਆ। ਮੇਰੇ ਮਨ੍ਹਾਂ ਕਰਨ ਦੇ ਬਾਵਜੂਦ ਵੀ ਉਹ ਕੋਈ ਨਾ ਕੋਈ ਕੀਮਤੀ ਗਿਫ਼ਟ ਲੈ ਆਉਂਦਾ। ਗੱਲ ਏਥੋਂ ਤੱਕ ਚਲੀ ਗਈ ਕਿ ਮੈਂ ਉਸ ਨਾਲ ਬਾਜ਼ਾਰ ਸ਼ਾਪਿੰਗ ਕਰਨ ਲਈ ਵੀ ਚਲੀ ਜਾਂਦੀ। ਸਾਡੀ ਕੁਝ ਮਹੀਨਿਆਂ ਵਿਚ ਹੀ ਗਹਿਰੀ ਦੋਸਤੀ ਹੋ ਗਈ। ਉਸ ਲੜਕੇ ਨੇ ਮੈਨੂੰ ਦੱਸਿਆ, ''ਉਹ ਨਿਰਦੋਸ਼ ਹੈ ਅਤੇ ਲਾਗਤਬਾਜ਼ੀ ਨਾਲ ਉਸਨੂੰ ਫਸਾਇਆ ਗਿਆ ਹੈ।'' ਉਹ ਇੱਕ ਰੱਜੇ ਪੁੱਜੇ ਘਰ ਦਾ ਲੜਕਾ ਸੀ। ਉਸਦੇ ਦੱਸੇ ਕਈ ਸਬੂਤਾਂ ਤੋਂ ਮੈਨੂੰ ਪੱਕਾ ਯਕੀਨ ਹੋ ਗਿਆ ਕਿ ਉਸਨੂੰ ਨਾਜਾਇਜ਼ ਫਸਾਇਆ ਗਿਆ ਹੈ।

ਉਹ ਲੜਕਾ ਬਹੁਤ ਖ਼ੂਬਸੂਰਤ, ਦਿਲਦਾਰ, ਦਲੇਰ, ਹਿੰਮਤੀ ਅਤੇ ਦਿਲੋ ਜਾਨ ਦੇਣ ਵਾਲਾ ਸੀ। ਮੇਰੇ ਨਾਲ ਉਹ ਦਿਲੋਂ ਮੁਹੱਬਤ ਕਰਨ ਲੱਗਾ। ਮੈਂ ਵੀ ਉਸਨੂੰ ਦਿਲ ਦੇ ਚੁੱਕੀ ਸਾਂ।

ਮੈਂ ਤੇ ਉਹ ਕਦੀ ਕਦੀ ਛੁੱਟੀ ਵਾਲੇ ਦਿਨ ਉੱਚ ਪਹਾੜੀ ਇਲਾਕਿਆਂ ਵਿਚ ਸੈਰ-ਸਪਾਟਾ ਕਰਨ ਲਈ ਚਲੇ ਜਾਂਦੇ। ਉਸਨੇ ਮੇਰੇ ਉਪੱਰ ਬਹੁਤ ਰੁਪਈਆ ਪਾਣੀ ਵਾਂਗ ਵਹਾਇਆ। ਉਸਨੇ ਮੈਨੂੰ ਕਦੀ ਵੀ ਸਰੀਰਕ ਸਬੰਧਾਂ ਲਈ ਨਹੀਂ ਕਿਹਾ ਸੀ। ਉਸਦੀ ਇਹ ਆਦਤ ਮੈਨੂੰ ਸਭ ਤੋਂ ਵਧੀਆ ਲੱਗੀ।



ਉਸ ਕੋਲ ਵਧੀਆ ਕੀਮਤੀ ਕਾਰ ਸੀ। ਮੈਂ ਜਿਸ ਸ਼ਹਿਰ ਬਾਰੇ ਵੀ ਕਹਿਣਾ ਉਹ ਮੈਨੂੰ ਉਸੇ ਸ਼ਹਿਰ ਹੀ ਲੈ ਕੇ ਚਲਿਆ ਜਾਂਦਾ ਸੀ। ਮੇਰੀ ਹਰ ਖ਼ਾਹਿਸ਼ ਦਾ ਉਹ ਖ਼ਿਆਲ ਰੱਖਦਾ। ਮੈਨੂੰ ਉਸ ਨਾਲ ਸੱਚੀ ਦਿਲੋਂ ਮੁਹੱਬਤ ਹੋ ਗਈ ਸੀ। ਮੈਂ ਇਸ ਤਰ੍ਹਾਂ ਦਾ ਦਲੇਰ, ਨਿਡਰ, ਭਰੋਸੇਮੰਦ ਅਤੇ ਦਿਲਦਾਰ ਨਿਸਵਾਰਥ ਮੁਹ-ੱਬਤ ਕਰਨ ਵਾਲਾ ਲੜਕਾ ਜ਼ਿੰਦਗੀ ਵਿਚ ਨਹੀਂ ਸੀ ਵੇਖਿਆ।

ਉਸਨੇ ਮੇਰੇ ਨਾਲ ਸ਼ਾਦੀ ਕਰਨ ਦਾ ਵਾਅਦਾ ਕੀਤਾ। ਮੈਂ ਵੀ ਉਸਨੂੰ ਇਨਕਾਰ ਨਾ ਕਰ ਸਕੀ।

ਉਸ ਲੜਕੇ ਨੇ ਮੈਨੂੰ ਕਿਹਾ,''ਜੇ ਤੁਸੀਂ ਮੈਨੂੰ ਮੁਕੱਦਮੇ 'ਚੋਂ ਬਰੀ ਕਰਵਾ ਦਿਓ ਤਾਂ ਮੈਂ ਤੁਹਾਡੇ ਨਾਲ ਸ਼ਾਦੀ ਕਰ ਲਵਾਂਗਾ। ਮੈਂ ਉਸ ਲੜਕੇ ਨਾਲ ਸਹਿਮਤ ਹੋ ਗਈ। ਰਾਤਾਂ ਦੇ ਸੁਨਹਿਰੀ ਸੁਪਨਿਆਂ ਵਿਚ ਸ਼ਾਦੀ ਦੇ ਦ੍ਰਿਸ਼ ਵੇਖਣ ਲੱਗੀ। ਉਹ ਲੜਕਾ ਦਰਅਸਲ ਮੈਨੂੰ ਦਿਲੋਂ ਹੀ ਬੇਹੱਦ ਪਿਆਰ ਕਰਦਾ ਸੀ।

ਉਹ ਮੈਨੂੰ ਕਹਿੰਦਾ ਹੁੰਦਾ ਸੀ ਕਿ ਸਾਡੀ ਦੁਸ਼ਮਣੀ ਬਹੁਤ ਹੈ। ਜਿਸ ਕਰਕੇ ਇਸ ਤਰ੍ਹਾਂ ਦੇ ਝੂਠੇ ਕੇਸ ਪੁਲਿਸ ਪਾ ਦਿੰਦੀ ਹੈ। ਸ਼ਾਦੀ ਤੋਂ ਬਾਅਦ ਮੈਂ ਆਪਣੀ ਖੇਤੀਬਾੜੀ ਦਾ ਕੰਮ ਸੰਭਾਲ ਲਵਾਂਗਾ। ਹੋਰ ਵੀ ਜਾਇਦਾਦ ਬਹੁਤ ਹੈ।

ਦੂਸਰੇ ਸ਼ਹਿਰਾਂ ਵਿਚ ਵੀ ਉਨ੍ਹਾਂ ਦੀ ਕਾਫ਼ੀ ਜਾਇਦਾਦ ਹੈ। ਉਸਨੇ ਕਿਹਾ ਕਿ ਅਸੀਂ ਆਰਾਮ ਨਾਲ ਬਹਿ ਕੇ ਖਾਹ ਸਕਦੇ ਹਾਂ। ਉਹ ਏਨੇ ਸੁੰਦਰ ਸੁਪਨੇ ਬੁਣਦਾ ਸੀ ਕਿ ਜ਼ਿੰਦਗੀ ਖ਼ੂਬਸੂਰਤ ਜੰਨਤ ਵਰਗੀ ਲੱਗਦੀ।

ਇਕ ਦਿਨ ਜੱਜ ਸਾਹਿਬ ਆਪਣੇ ਆਰਾਮ ਕਮਰੇ ਵਿਚ ਬੈਠੇ ਇਕੱਲੇ ਹੀ ਚਾਹ ਪੀ ਰਹੇ ਸੀ। ਮੈਂ ਉਨ੍ਹਾਂ ਦੇ ਕੋਲ ਚਲੀ ਗਈ। ਮੈਂ ਝਿਜਕਦੇ ਹੋਏ ਉਨ੍ਹਾਂ ਨੂੰ ਨਿਮਰਤਾ ਅਤੇ ਤਰਸ ਭਰੇ ਲਹਿਜੇ ਵਿਚ ਕਿਹਾ, ''ਸਰ, ਮੈਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਚਾਹੁੰਣੀ ਹਾਂ।'' ਜੱਜ ਨੇ ਮੈਨੂੰ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਮੈਂ ਧੰਨਵਾਦ ਕਹਿ ਕੇ ਕੁਰਸੀ 'ਤੇ ਬੈਠ ਗਈ। ਮੈਂ ਜੱਜ ਸਾਹਿਬ ਨੂੰ ਹਿੰਮਤ ਬੰਨ ਕੇ ਕਿਹਾ, ''ਸਰ, ਮੇਰੇ ਨਾਲ ਇਕ ਵਾਅਦਾ ਕਰੋ ਕਿ ਤੁਸੀਂ ਮੈਨੂੰ ਨਾਂਹ ਨਹੀਂ ਕਰੋਗੇ।'' ਉਹ ਜੱਜ ਮੈਨੂੰ ਧੀਆਂ ਵਾਂਗ ਹੀ ਸਮਝਦਾ ਸੀ। ਧੀਆਂ ਵਾਂਗ ਹੀ ਪਿਆਰ ਸਤਿਕਾਰ ਦਿੰਦਾ ਸੀ।

ਜੱਜ ਨੇ ਕਿਹਾ, ''ਬੇਟਾ ਤੁਸੀਂ ਗੱਲ ਤਾਂ ਦੱਸੋ? ਜੇ ਮੰਨਣ ਵਾਲੀ ਹੋਵੇਗੀ ਤਾਂ ਜ਼ਰੂਰ ਮੰਨਾਂਗਾ। ਜੇ ਮੇਰੇ ਅਖ਼ਤਿਆਰ ਵਿਚ ਹੋਈ ਤਾਂ ਜ਼ਰੂਰ ਮੰਨ ਲਵਾਂਗਾ। ਮੇਰੇ ਅਖ਼ਤਿਆਰ ਵਿਚ ਹੋਣੀਂ ਚਾਹੀਦੀ ਹੈ।''

ਮੈਂ ਕੁਰਸੀ ਤੋਂ ਥੋੜ੍ਹਾ ਅੱਗੇ ਖਿਸਕਦੇ ਹੋਏ ਕਿਹਾ, ''ਸਰ, ਜਿਸ ਲੜਕੇ ਦਾ ਸਮਗਲਿੰਗ ਦਾ ਕੇਸ ਚੱਲ ਰਿਹਾ ਹੈ। ਉਸਨੂੰ ਬਰੀ ਕਰ ਦਿਓ। ਮੈਂ ਉਸ ਲੜਕੇ ਨਾਲ ਬਹੁਤ ਪਿਆਰ ਕਰਦੀ ਹਾਂ ਅਤੇ ਉਹ ਵੀ ਮੈਨੂੰ ਬਹੁਤ ਪਿਆਰ ਕਰਦਾ ਹੈ। ਮੈਨੂੰ ਦਿਲੋਂ ਚਾਹੁੰਦਾ ਹੈ। ਅਸੀਂ ਕਈ-ਕਈ ਦਿਨ ਇਕੱਠੇ ਵੀ ਘੁੰਮ ਲੈਂਦੇ ਹਾਂ। ਉਸਦੀ ਕਾਫ਼ੀ ਪ੍ਰਾਪਰਟੀ ਹੈ। ਖਾਂਦੇ ਪੀਂਦੇ ਘਰ ਦਾ ਲੜਕਾ ਹੈ ਸਰ! ਉਸ ਉਪੱਰ ਇਹ ਸਮਗਲਿੰਗ ਦਾ ਝੂਠਾ ਕੇਸ ਪਾਇਆ ਗਿਆ ਹੈ। ਉਸਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਉਹ ਬਰੀ ਹੋ ਜਾਵੇਗਾ ਤਾਂ ਮੇਰੇ ਨਾਲ ਸ਼ਾਦੀ ਕਰ ਲਵੇਗਾ ਪਰ ਸਰ ਅਸੀਂ ਪਿਆਰ ਵਿਚ ਬਹੁਤ ਅੱਗੇ ਨਿਕਲ ਚੁੱਕੇ ਹਾਂ। ਸਰ, ਮੇਰੀ ਹੱਥ ਜੋੜ ਕੇ ਬੇਨਤੀ ਹੈ ਕਿ ਇਸ ਲੜਕੇ ਨੂੰ ਬਰੀ ਕਰ ਦੇਵੋ।''

ਜੱਜ ਕੁਝ ਹੈਰਾਨੀ ਵਿਚ ਪੈ ਗਿਆ ਅਤੇ ਉਸਨੇ ਬਹੁਤ ਸੋਚ ਵਿਚਾਰ ਤੋਂ ਬਾਅਦ ਜਵਾਬ ਦਿੰਦਿਆਂ ਕਿਹਾ, ''ਬੇਟਾ ਸੁਣ, ਸਮਗਲਰ ਲੋਕ ਕਿਸੇ ਦੇ ਵੀ ਮਿਤ ਨਹੀਂ ਹੁੰਦੇ। ਇਨ੍ਹਾਂ ਨੂੰ ਆਪਣੇ ਆਪ ਉਪੱਰ ਵਿਸ਼ਵਾਸ਼ ਨਹੀਂ ਹੁੰਦਾ ਕਿ ਉਨ੍ਹਾਂ ਨਾਲ ਅਗਲੇ ਪਲ ਕੀ ਹੋਣ ਵਾਲਾ ਏ, ਇਨ੍ਹਾਂ ਨੂੰ ਖ਼ੁਦ ਹੀ ਪਤਾ ਨਹੀਂ ਹੁੰਦਾ। ਇਹ ਪੁਲਿਸ ਨਾਲ ਉਨ੍ਹਾਂ ਚਿਰ ਹੀ ਲੁਕਣਮੀਟੀ ਖੇਡਦੇ ਹਨ ਜਿੰਨਾ ਚਿਰ ਇਹ ਗ੍ਰਿਫ਼ਤਾਰ ਨਹੀਂ ਹੁੰਦੇ। ਇਨ੍ਹਾਂ ਦਾ ਭਵਿੱਖ ਇਕ ਐਸੀ ਗੁਫ਼ਾ ਹੈ ਜਿਸ 'ਚੋਂ ਨਿਕਲਣ ਦਾ ਕੋਈ ਰਸਤਾ ਹੀ ਨਹੀਂ। ਇਨ੍ਹਾਂ ਨੂੰ ਆਖਿਰ ਹਥਿਆਰ ਸੁੱਟਣੇਂ ਪੈਂਦੇ ਹਨ। ਇਨ੍ਹਾਂ ਲੋਕਾਂ ਵਿਚ ਪਿਆਰ, ਵਿਸ਼ਵਾਸ਼, ਸੰ-ਸਕਾਰ, ਸਤਿਕਾਰ, ਇਕਰਾਰ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਇਹ ਤਾਂ ਮੌਤ ਦਾ ਗ਼ਾਨਾ ਬੰਨ ਕੇ ਇਸ ਤਰ੍ਹਾਂ ਦੇ ਕਾਰਜ ਕਰਦੇ ਹਨ।

ਅੱਜ ਬਰੀ ਹੋ ਜਾਵੇਗਾ, ਫਿਰ ਕਿਸੇ ਨਾ ਕਿਸੇ ਦਿਨ ਕੁੜਿੱਕੀ ਵਿਚ ਫੱਸ ਜਾਵੇਗਾ। ਇਹ ਲੋਕ ਤਾਂ ਆਪਣੇ ਘਰ ਦਿਆਂ ਨਾਲ ਵੀ ਧੋਖਾ ਕਰਦੇ ਹਨ। ਪਿਆਰ ਦੀ ਕੀ ਪਰਿਭਾਸ਼ਾ ਹੈ ਇਸ ਤੋਂ ਕੋਹਾਂ ਮੀਲ ਦੂਰ ਹਨ। ਅਸਲ ਵਿਚ ਇਨ੍ਹਾਂ ਦੇ ਪਿਆਰ ਦੇ ਉਪਰਲੇ ਹਿੱਸੇ ਵਿਚ ਸ਼ਹਿਦ ਅਤੇ ਹੇਠਲੇ ਹਿੱਸੇ ਵਿਚ ਖ਼ਤਰਨਾਕ ਜ਼ਹਿਰ ਹੁੰਦਾ ਹੈ।

ਆਰਥਿਕ ਤੌਰ 'ਤੇ ਨਿੰਜੀ ਤੌਰ 'ਤੇ ਕਮਾਈ ਕਰਨ ਵਾਲੇ ਬੱਚੇ ਆਪਣੇ ਆਪ ਨੂੰ ਜ਼ਿਆਦਾ ਸਮਝਦਾਰ ਅਖਵਾਉਣ ਲਈ ਮਾਪਿਆਂ ਦੀਆਂ ਇੱਛਾਵਾਂ, ਉਨ੍ਹਾਂ ਦੇ ਕਹਿ-ਣੇਂ ਨੂੰ, ਉਨ੍ਹਾਂ ਦੇ ਮਸ਼ਵਰਿਆਂ ਨੂੰ, ਹਾਲਾਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਦੇਖ, ਮਾਪਿਆਂ ਦੀ ਰਜ਼ਾਮੰਦੀ ਤੋਂ ਬਗੈਰ ਕਦੀ ਵੀ ਸ਼ਾਦੀ ਨਹੀਂ ਕਰਨੀ ਚਾਹੀਦੀ। ਆਪਣੀ ਮਿੱਟੀ ਦੇ ਪਰੰਪਰਾਵਾਦੀ ਸੰਸਕਾਰਾਂ ਨਾਲ ਜੁੜੇ ਰਹਿਣਾ ਹੀ ਸਭਿਆਚਾਰ ਇਨਸਾਨੀਅਤ ਹੁੰਦੀ ਹੈ। ਕਿਉਂਕਿ ਇਨਫ਼ਰਮੇਸ਼ਨ ਵਧ ਰਹੀ ਹੈ ਅਤੇ ਕਮਿਉਨੀਕੇਸ਼ਨ ਘਟ ਰਹੀ ਹੈ। ਜਵਾਨੀ ਵਿਚ ਮਤਲਬ ਪ੍ਰਸਤੀ ਵਾਲਾ ਪਿਆਰ ਦੌਰੇ ਨੌਜਵਾਨੀ ਦਾ ਇਕ ਸ਼ੋਸ਼ਾ ਹੈ। ਕਾਮ ਦੀ ਅਨੁਸ਼ਾਸ਼ਨਹੀਣ ਉਤੇਜਨਾ ਇਨਸਾਨ ਨੂੰ ਨੀਮ ਪਾਗ਼ਲ ਹੀ ਨਹੀਂ ਅੰਨ੍ਹਿਆਂ ਵੀ ਕਰ ਦਿੰਦੀ ਹੈ। ਮਾਂ ਬਾਪ ਦੀਆਂ ਇੱਛਾਵਾਂ, ਮਸ਼ਵਿਰੇ ਨਾਲ ਚੱਲਣ ਵਾਲੇ ਬੱਚੇ ਸਮਾਜ ਵਿਚ ਇੱਜ਼ਤ ਮਾਨ ਪਾਉਂਦੇ ਹਨ। ਮਾਂ ਬਾਪ ਦੀ ਅਗਵਾਈ, ਰਿਸ਼ਤੇ ਦੀ ਸਹਿਮਤੀ, ਦੋਵਾਂ ਧਿਰਾਂ ਦੇ ਖ਼ੂਬਸੂਰਤ ਆਦਾਨ-ਪ੍ਰਦਾਨ ਨਾਲ ਸਾਂਝੀ ਖ਼ੁਸ਼ੀ, ਆਪਣੀ ਖ਼ੁਸ਼ੀ ਵੰਡ ਕੇ ਖ਼ੁਸ਼ੀ ਪ੍ਰਾਪਤ ਕਰਨਾ ਤਹਿਜ਼ੀਬ ਹੈ ਸੰਸਕਾਰਾਂ ਦੀ।

ਸਿਰਫ਼ ਕਾਮ ਦੀ ਭੁੱਖ ਦੀ ਜਲਦਬਾਜ਼ੀ ਦੀ ਪੂਰਤੀ ਮਨਮਰਜ਼ੀ ਦੀ ਔਕਾਤ ਅੰਦਰ ਰਹਿ ਕੇ ਸ਼ਾਦੀ ਕਰਨਾ ਪਰੇਸ਼ਾਨੀਆਂ ਨੂੰ ਜਨਮ ਦੇ ਸਕਦੀ ਹੈ।

ਕਾਮੁਕਤਾ, ਕਾਮਵਾਸ਼ਨਾ ਮਾਨਸਿਕ ਰੋਗੀ ਬਣਾ ਦਿੰਦੀ ਹੈ ਜੇਕਰ ਹੱਦਾਂ ਟੱਪ ਜਾਵੇ ਤਾਂ ਮਾਨਵੀਏ ਦੁਰਲਬਤਾ ਹੈ। ਇਹ ਸਭ ਤੋਂ ਖ਼ਤਰਨਾਕ ਨਸ਼ਾ ਹੈ ਜਦੋਂ ਇਹ ਉਤਰਦਾ ਹੈ ਤਾਂ ਬਹੁਤ ਕੁਝ ਵਿਗੜ ਚੁੱਕਿਆ ਹੁੰਦਾ ਹੈ।

ਜੋਸ਼ ਵਿਚ ਦੋਸਤਾਨਾਂ ਸਬੰਧਾਂ ਨੂੰ ਰਿਸ਼ਤਿਆਂ ਦਾ ਨਾਮ ਦੇ ਕੇ ਵਿਆਹ ਬੰਧਨ ਦੀ ਕਾਹਲੀ ਨਹੀਂ ਕਰਨੀ ਚਾਹੀਦੀ। ਪਰਖ, ਨਿਰੀਖਣ, ਵਿਚਾਰ ਕਰਨਾ ਵੀ ਜ਼ਰੂਰੀ ਹੈ।

ਸੰਸਕਾਰ ਵਿਚ ਕੀਤੇ ਬੰਧਨ ਸੁਖਦਾਇਕ ਅਤੇ ਚੁਫੇਰਿਓਂ ਖ਼ੁਸ਼ੀਆਂ ਅਤੇ ਹਮਦਰਦੀ ਲੈਂਦੇ ਹਨ। ਮਰਿਆਦਾ ਵਿਚ ਰਹਿ ਕੇ ਵਿਆਹ ਬੰਧਨ ਇੱਜ਼ਤ ਮਾਨ, ਖ਼ੁਸ਼ੀ, ਸਮਾਜ ਲਈ ਦਰਪਣ, ਰੋਅਬਦਾਰ ਅਸਰ ਪੈਦਾ ਕਰਦੇ ਹਨ।

ਵੇਖੋ, ਪਸ਼ੂ ਪੰਛੀ ਵੀ ਆਪਣੇ ਕਾਮ ਉਪੱਰ ਕਾਬੂ ਨਹੀਂ ਪਾ ਸਕਦੇ। ਸਿਰਫ਼ ਮਨੁੱਖ ਹੀ ਮਰਿਆਦਾ ਵਿਚ ਰਹਿ ਕੇ, ਅਨੁਸ਼ਾਸ਼ਨ ਵਿਚ ਰਹਿ ਕੇ ਕਾਬੂ ਰੱਖ ਸਕਦਾ ਹੈ।

ਬੇਟਾ, ਸਮਗਲਰ ਲੋਕਾਂ 'ਤੇ ਕਦੀ ਵੀ ਭਰੋਸਾ ਨਹੀਂ ਕਰਨਾ ਚਾਹੀਦਾ। ਇਹ ਕਿਸੇ ਵਕਤ ਵੀ ਮੌਤ ਦੇ ਮੂੰਹ ਵਿਚ ਜਾ ਸਕਦੇ ਹਨ। ਇਹ ਲੋਕ ਵੱਡੇ ਲੋਕਾਂ ਦੇ ਇਸ਼ਾਰਿਆਂ ਉਪੱਰ ਕੰਮ ਕਰਦੇ ਹਨ। ਇਕ ਨਾ ਇਕ ਦਿਨ ਇਨ੍ਹਾਂ ਕਾਬੂ ਆ ਹੀ ਜਾਣਾ ਹੁੰਦਾ ਏ।

ਬੇਟੇ, ਤੂੰ ਕੁਝ ਸਮਾਂ ਸੋਚ ਲੈ ਆਪਣੇ ਘਰ ਵਾ-ਲਿਆਂ ਨਾਲ ਗੱਲਬਾਤ ਕਰ ਲੈ। ਮੇਰੇ ਖ਼ਿਆਲ ਵਿਚ ਤੁਹਾਨੂੰ ਇਸ ਲੜਕੇ ਨਾਲ ਸ਼ਾਦੀ ਨਹੀਂ ਕਰਨੀ ਚਾਹੀਦੀ। ਮੇਰਾ ਨਿੰਜੀ ਤਜ਼ੁਰਬਾ ਹੈ ਕਿ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਸਰੱਖਿਅਤ ਨਹੀਂ ਹੁੰਦੀ। ਮੈਂ ਅਨੇਕਾਂ ਹੀ ਕੇਸਾਂ ਵਿਚ ਇਨ੍ਹਾਂ ਨੂੰ ਸਜ਼ਾ ਸੁਣਾ ਚੁੱਕਾ ਹਾਂ। ਇਹ ਲੋਕ ਸਾਰੀ ਉਮਰ ਲਈ ਕੰਡਮ ਹੋ ਜਾਂਦੇ ਹਨ। ਇਹ ਲੋਕ ਨਾ ਘਰ ਦੇ ਨਾ ਬਾਹਰ ਦੇ ਰਹਿੰਦੇ ਹਨ।''

ਡਾਕਟਰ ਸਾਹਿਬ, ਮੈਂ ਬਜ਼ਿੱਦ ਹੋ ਗਈ ਅਤੇ ਜੱਜ ਸਾਹਿਬ ਨੂੰ ਤਰਲੇ ਮਿੰਨਤਾ ਕਰਦਿਆਂ ਕਿਹਾ, ''ਸਰ ਮੈਂ ਬਹੁਤ ਦੂਰ ਨਿਕਲ ਚੁੱਕੀ ਹਾਂ ਹੁਣ ਵਾਪਿਸ ਨਹੀਂ ਆ ਸਕਦੀ। ਪਲੀਜ਼ ਸਰ ਹੈਲਪ ਮੀ। ਸਰ, ਮੈਂ ਸਾਰੀ ਉਮਰ ਤੁਹਾਡਾ ਦੇਣ ਨਹੀਂ ਦੇ ਸਕਦੀ।

ਸਰ ਜਿੱਥੋਂ ਤੱਕ ਮੇਰੇ ਮਾਂ ਬਾਪ ਦਾ ਸਵਾਲ ਹੈ। ਸਰ ਮੈਂ ਪੜ੍ਹੀ ਲਿਖੀ ਹਾਂ, ਖ਼ੁਸ ਕਮਾਂਦੀ ਹਾਂ। ਮੈਨੂੰ ਆਪਣੇ ਭਵਿੱਖ ਬਾਰੇ ਚੰਗੇ ਮਾੜੇ ਫੈਸਲੇ ਲੈਣ ਦਾ ਪੂਰਾ ਪੂਰਾ ਹੱਕ ਹੈ। ਸਰ ਔਰਤ ਨੂੰ ਵੀ ਆਪਣੀ ਮਰਜ਼ੀ ਨਾਲ ਜੀਣ ਦਾ ਅਧਿਕਾਰ ਹੋਣਾ ਚਾਹੀਦਾ ਹੈ।''

ਜੱਜ ਨੇ ਕਿਹਾ, ''ਚੱਲ ਜੇ ਤੂੰ ਏਨੀਂ ਦੂਰ ਚਲੀ ਗਈ ਏਂ ਪਿਆਰ ਵਿਚ। ਜੇ ਤੂੰ ਪੱਕਾ ਮਨ ਬਣਾ ਹੀ ਲਿਆ ਏ ਤਾਂ ਫਿਰ ਮੈਂ ਕੁਝ ਤਰੀਕਾਂ ਦੇ ਬਾਅਦ ਉਸਨੂੰ ਬਰੀ ਕਰ ਦਵਾਂਗਾ ਪਰ ਤੂੰ ਕਿਸੇ ਨਾਲ ਗੱਲ ਨਹੀਂ ਕਰੇਂਗੀ।''

ਮੈਂ ਨਿਮਰਤਾ ਨਾਲ ਸਿਰ ਝੁਕਾ ਕੇ ਜੱਜ ਨੂੰ ਕਿਹਾ, ''ਥੈਂਕਯੂ ਸਰ, ਥੈਂਕ ਯੂ ਵੈਰੀ ਮੱਚ!'' ਮੈਂ ਖ਼ੁਸ਼ੀ ਵਿਚ ਪਾਗ਼ਲ ਹੁੰਦੀ ਜਾ ਰਹੀ ਸੀ। ਡਿਊਟੀ ਤੋਂ ਬਾਅਦ ਸ਼ਾਮ ਨੂੰ ਮੈਂ ਉਸ ਲੜਕੇ ਨੂੰ ਮਿਲੀ ਤੇ ਉਸਨੂੰ ਸਾਰੀ ਗੱਲਬਾਤ ਸੁਣਾ ਦਿੱਤੀ ਤੇ ਉਸਨੂੰ ਹਦਾਇਤ ਕੀਤੀ ਕਿ ਉਹ ਕਿਸੇ ਨਾਲ ਗੱਲ ਨਹੀਂ ਕਰੇਗਾ। ਲੜਕਾ ਬਹੁਤ ਖ਼ੁਸ਼ ਹੋਇਆ।

ਅਸੀਂ ਨਵੀਂ ਜ਼ਿੰਦਗੀ ਬਾਰੇ ਕਈ ਹੁਸੀਨ ਸਪਨੇ ਵੇਖਣ ਲੱਗੇ। ਭਵਿੱਖ ਦੀਆਂ ਅਨੇਕਾਂ ਯੋਜਨਾਵਾਂ ਉਲੀਕ ਲਈਆਂ।

ਅਸੀਂ ਛੁੱਟੀ ਵਾਲੇ ਦਿਨ ਬਾਹਰ ਖ਼ੂਬ ਘੁੰਮਦੇ ਫਿਰਦੇ। ਉਸ ਲੜਕੇ ਨਾਲ ਅਨੇਕਾਂ ਸ਼ਹਿਰਾਂ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਗੋਆ ਆਦਿ ਰਾਜਾਂ-ਸ਼ਹਿਰਾਂ ਵਿਚ ਖ਼ੂਬ ਘੁੰਮੇ ਫਿਰੇ। ਘੁੰਮਣ ਫਿਰਨ ਦਾ ਸਾਰਾ ਖ਼ਰਚਾ ਉਹ ਲੜਕਾ ਹੀ ਕਰਦਾ ਸੀ। ਅਸੀਂ ਦੋਵੇਂ ਬੜੇ ਖ਼ੁਸ਼ ਸਾਂ।

ਇਕ ਦਿਨ ਜੱਜ ਨੇ ਮੈਨੂੰ ਬੁਲਾ ਕੇ ਕਿਹਾ, ''ਦੋ ਦਿਨਾਂ ਬਾਅਦ ਮੈਂ ਇਸ ਲੜਕੇ ਨੂੰ ਬਰੀ ਕਰ ਦੇਵਾਂਗਾ ਅਤੇ ਤੁਸੀਂ ਖ਼ੁਸ਼ੀ ਖ਼ੁਸ਼ੀ ਸ਼ਾਦੀ ਕਰ ਲੈਣਾ।''

ਲੜਕੇ ਨੇ ਮੈਨੂੰ ਕਿਹਾ ਕਿ ਜਿਸ ਦਿਨ ਮੈਂ ਬਰੀ ਹੋਵਾਂਗਾ, ਮੈਂ ਤੈਨੂੰ ਪੰਜ ਵਜੇ ਤੋਂ ਬਾਅਦ ਤੇਰੀ ਡਿਊਟੀ ਤੋਂ ਬਾਅਦ ਬੱਸ ਸਟੈਂਡ ਦੇ ਬਾਹਰ ਇਕ ਥੰਮ ਦੇ ਹੇਠਾਂ ਮਿਲਾਂਗਾ ਅਤੇ ਇੱਥੋਂ ਫਿਰ ਆਪਾਂ ਗੱਡੀ ਵਿਚ ਬੈਠ ਕੇ ਚਲੇ ਜਾਵਾਂਗੇ।''

ਉਸਨੇ ਮੇਰੇ ਨਾਲ ਸਮਾਂ, ਸਥਾਨ ਨਿਸ਼ਚਿਤ ਕਰ ਲਿਆ। ਨਿਸ਼ਚਿਤ ਸਮੇਂ ਵਾਲੇ ਦਿਨ ਜੱਜ ਨੇ ਲੜਕੇ ਨੂੰ ਬਰੀ ਕਰ ਦਿੱਤਾ। ਲੜਕਾ ਮੈਨੂੰ ਕੋਰਟ ਵਿਚ ਇਸ਼ਾਰਾ ਕਰਕੇ ਚਲਾ ਗਿਆ।

ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਜਿਵੇਂ ਸੁਰਜੀਤ ਸਪਨਿਆਂ ਦੇ ਖੰਭਾਂ ਨਾਲ ਉਡੱ ਰਹੀ ਹੋਵਾਂ। ਡਾਕਟਰ ਸਾਹਿਬ ਮੈਂ ਪੰਜ ਵਜੇ ਤੋਂ ਪਹਿਲਾਂ ਹੀ ਬੱਸ ਸਟੈਂਡ ਦੇ ਸਾਹਮਣੇ ਉਸ ਥੰਮ ਦੇ ਹੇਠਾਂ ਜਾ ਕੇ ਖਲ੍ਹੋ ਗਈ। ਅਨੇਕਾਂ ਰੀਝਾਂ, ਉਮੀਦਾਂ, ਚਾਵ੍ਹਾਂ ਨੇ ਮੇਰੇ ਦਿਮਾਗ਼ ਨੂੰ ਖ਼ੁਸ਼ੀਆਂ ਨਾਲ ਭਰ ਦਿੱਤਾ ਸੀ ਜਿਵੇਂ ਸਾਰਾ ਸੰਸਾਰ ਮੇਰੇ ਕਦਮਾਂ ਵਿਚ ਹੋਵੇ। ਜਿਵੇਂ ਪਰਮਾਤਮਾ ਨੇ ਮੇਰੀ ਮੂੰਹ ਮੰਗੀ ਮੁਰਾਦ ਪੂਰੀ ਕਰ ਦਿੱਤੀ ਹੋਵੇ। ਖ਼ੁਸ਼ੀ ਵਿਚ ਮੈਂ ਪਾਗ਼ਲ ਜਿਹੀ ਹੋਈ ਜਾਵਾਂ। ਸੱਚ ਡਾਕਟਰ ਸਾਹਿਬ ਜਦ ਸੁਪਨੇ ਹਕੀਕਤ ਵਿਚ ਸਾਕਾਰ ਹੁੰਦੇ ਹਨ ਮਨੁੱਖ ਜੰਨਤ ਦੀ ਪਰਵਾਹ ਨਹੀਂ ਕਰਦਾ।

ਮੈਂ ਉਸ ਥੰਮ ਥੱਲੇ ਖੜ੍ਹੀ ਉਸਦਾ ਬੇਸਬਰੀ ਨਾਲ ਨੀਝ ਲਾ ਲਾ ਕੇ ਇੰਤਜ਼ਾਰ ਕਰ ਰਹੀ ਸਾਂ। ਪੰਜ ਵੱਜ ਗਏ, ਛੇ ਵੱਜ ਗਏ, ਮੇਰਾ ਦਿਲ ਘਟਣ ਲੱਗ ਪਿਆ ਤੇ ਜੱਜ ਸਾਹਿਬ ਦੇ ਕਹੇ ਹਿਦਾਇਤੀ ਬੋਲ ਕੰਨਾਂ ਵਿਚ ਗੂੰਜਣ ਲੱਗੇ। ਇਕ ਡਰ ਸਾਰੇ ਸਰੀਰ ਵਿਚ ਅਗਨੀ ਦੀ ਲਹਿਰ ਬਣ ਕੇ ਦੌੜਨ ਲੱਗਾ। ਡਾਕਟਰ ਸਾਹਿਬ ਮੈਂ ਕਦੀ ਘੰਟੇ ਉਸਨੂੰ ਉਡੀਕਿਆ, ਉਹ ਨਾ ਆਇਆ।

ਹੁਣ ਮੈਨੂੰ ਪੂਰਾ ਯਕੀਨ ਹੋ ਗਿਆ ਕਿ ਉਸਨੇ ਮੇਰੇ ਨਾਲ ਇਕ ਬਹੁਤ ਵੱਡਾ ਧੋਖਾ ਕੀਤਾ ਹੈ। ਮੈਂ ਗੁੱਸੇ ਵਿਚ ਆ ਕੇ ਦੋਵੇਂ ਮੁੱਠੀਆਂ ਜ਼ੋਰ ਜ਼ੋਰ ਦੀ ਥੰਮ ਵਿਚ ਦੇ ਮਾਰੀਆਂ। ਬਸ ਡਾਕਟਰ ਸਾਹਿਬ ਉਦੋਂ ਦੀਆਂ ਇਹ ਦੋਵੇਂ ਮੁੱਠੀਆਂ ਬੰਦ ਹਨ, ਨਹੀਂ ਖੁੱਲ੍ਹਦੀਆਂ।

### 23 ਦਸੰਬਰ ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸਿੱਖ ਤਵਾਰੀਖ਼ ਦਾ ਇੱਕ ਸੁਨਹਿਰੀ ਪੰਨਾ-ਭਾਈ ਜੈਤਾ / ਬਾਬਾ ਜੀਵਨ ਸਿੰਘ



ਪੋਹ ਦਾ ਮਹੀਨਾ ਸਿੱਖ ਧਰਮ ਚ ਬਹੁਤ ਦੁਖਦ ਅਹਿਸਾਸ ਨਾਲ ਸ਼ੁਰੂ ਹੁੰਦਾ ਹੈ, ਕਿਉਂਕਿ ਇਸ ਮਹੀਨੇ ਦਸਮ ਪਿਤਾ, ਸਰਬੰਸਦਾਨੀ, ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰਕ ਵਿਛੋੜਾ ਪੈ ਗਿਆ ਸੀ ਅਤੇ ਸਿੱਖ ਇਤਿਹਾਸ ਚ ਕੁਰਬਾਨੀਆਂ ਦੀ ਨਿਵੇਕਲੀ ਦਾਸਤਾਨ ਸਿਰਜ ਗਿਆ। ਗੁਰੂ ਸਾਹਿਬ ਦੇ ਸਾਥ ਚ ਵੈਰੀਆਂ ਨਾਲ ਜ਼ੁਲਮ ਖਿਲਾਫ ਟੱਕਰ ਲੈਂਦਿਆਂ ਸਿੰਘ ਸੂਰਬੀਰਾਂ ਦੀ ਸ਼ਹਾਦਤ ਨੇ ਵੀ ਨਿਵੇਕਲੇ ਦਿਸਹੱਦੇ ਸਿਰਜੇ ਹਨ।

ਸਿੱਖ ਤਵਾਰੀਖ਼ ਦੀਆਂ ਪਰਤਾਂ ਫੋਲਦਿਆਂ ਸਿੱਖ ਪੰਥ ਦੇ ਮਹਾਨ ਸ਼ਹੀਦਾਂ ਦਾ ਜ਼ਿਕਰ ਹੁੰਦੇ ਹੀ ਭਾਈ ਜੈਤਾ/ਭਾਈ ਜੀਵਨ ਸਿੰਘ ਜੀ ਦਾ ਨਾਂ ਵੀ ਇਤਿਹਾਸ ਦੀਆਂ ਸੁਨਹਿਰੀ ਸਫ਼ਾਂ ਵਿੱਚ ਬੋਲਦਾ ਹੈ। ਸਿੱਖ ਧਰਮ ਦੇ ਇਸ ਮਹਾਨ ਜਰਨੈਲ, ਅਣਖੀਲੇ ਅਤੇ ਨਿਡਰ ਸ਼ਹੀਦ ਦਾ ਜਨਮ 5 ਸਤੰਬਰ1661 ਈਸਵੀ ਨੂੰ ਪਿਤਾ ਭਾਈ ਸਦਾ ਨੰਦ ਜੀ ਦੇ ਘਰ ਮਾਤਾ ਪ੍ਰੇਮੋ ਦੀ ਕੁੱਖੋਂ ਪਟਨਾ ਸਾਹਿਬ ਵਿਖੇ ਹੋਇਆ ਸੀ।ਭਾਵੇਂ ਭਾਈ ਜੈਤਾ ਜੀ ਦੇ ਜਨਮ ਅਤੇ ਸ਼ਹੀਦੀ ਦੀਆਂ ਤਰੀਕਾਂ ਸੰਬੰਧੀ ਇਤਿਹਾਸਕਾਰਾਂ ਵਿੱਚ ਮੱਤਭੇਦ ਹਨ,ਪਰ ਇਹਨਾਂ ਦੇ ਮਾਤਾ ਪਿਤਾ ਗੁਰੂ ਘਰ ਦੇ ਸ਼ਰਧਾਲੂ ਅਤੇ ਗੁਰੂ ਤੇਗ ਬਹਾਦਰ ਜੀ ਦੇ ਪੱਕੇ ਸਿੱਖ ਸਨ। ਜਦੋਂ ਜੈਤਾ ਜੀ ਦਾ ਜਨਮ ਹੋਇਆ ਸੀ, ਉਹਨਾਂ ਦੇ ਮਾਤਾ ਪਿਤਾ ਸਦਾ ਨੰਦ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਪੂਰਬ ਦੇਸ਼ਾਂ ਦੀ ਯਾਤਰਾ ਤੇ ਸਨ। ਭਾਈ ਜੈਤਾ ਜੀ ਨੇ ਆਪਣਾ ਬਚਪਨ ਵੀ ਪਟਨੇ ਸ਼ਹਿਰ ਦੀਆਂ ਗਲੀਆਂ ਵਿੱਚ ਗੁਜ਼ਾਰਿਆ। ਉਹਨਾਂ ਨੇ ਦਸਵੇਂ ਗੁਰੂ ਜੀ ਨਾਲ.ਹੀ ਵਿੱਦਿਆ ਹਾਸਲ ਕੀਤੀ ਸੀ ਅਤੇ ਇਕੱਠਿਆਂ ਨੇ ਹੀ ਸ਼ਾਸ਼ਤਰ ਵਿੱਦਿਆ, ਗਤਕਾ, ਤੀਰ ਅੰਦਾਜੀ, ਘੋੜ ਸਵਾਰੀ ਆਦਿ ਵਿੱਚ ਨਿਪੁੰਨਤਾ ਹਾਸਲ ਕੀਤੀ ਸੀ।



ਇੰਜੀ.ਸਤਨਾਮ ਸਿੰਘ ਮੱਟੂ
91-97797-08257

ਸਮੇਂ ਮੁਗਲ ਹਕੂਮਤ ਔਰੰਗਜ਼ੇਬ ਦੇ ਜ਼ੁਲਮਾਂ ਦੇ ਸਤਾਏ ਕਸ਼ਮੀਰੀ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਵਫਦ ਹਿੰਦੂ ਧਰਮ ਦੀ ਸਲਾਮਤੀ ਲਈ ਮੱਦਦ ਕਰਨ ਲਈ ਆਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਬੇਨਤੀ ਕਰਨ ਆਇਆ ਸੀ । ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਦਿੱਲੀ ਲਈ ਗਏ ਸਨ ਤਾਂ ਭਾਈ ਜੈਤਾ ਵੀ ਜਥੇ ਵਿੱਚ ਸ਼ਾਮਲ ਸਨ।"ਹਿੰਦ ਦੀ ਚਾਦਰ" ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 11 ਨਵੰਬਰ 1675 ਈਸਵੀ ਨੂੰ ਜਦੋਂ ਦਿੱਲੀ ਦੇ ਚਾਂਦਨੀ ਚੌਕ ਵਿੱਚ ਹਿੰਦੂ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ ਸੀ ਤਾਂ ਭਾਈ ਜੈਤਾ ਜੀ ਨੇ ਮੁਗਲ ਹਕੂਮਤ ਦੀ ਚੇਤਾਵਨੀ ਤੋਂ ਬੇਪਰਵਾਹ ਆਪਣੇ ਤਨ ਤੇ ਲੱਖ ਮੁਸੀਬਤਾਂ ਨੂੰ ਸਹਿੰਦਿਆਂ ਬੇ-ਡਰ ਗੁਰੂ ਜੀ ਦਾ ਸੀਸ ਦਿੱਲੀ ਤੋਂ ਚੁੱਕ ਕੇ ਅਦਬ ਸਹਿਤ ਸੀਨੇ ਨਾਲ ਲਗਾਕੇ ਆਨੰਦਪੁਰ ਸਾਹਿਬ ਬਾਲ ਗੋਬਿੰਦ ਕੋਲ ਪਹੁੰਚਾਇਆ ਸੀ । ਕੁਝ ਇਤਿਹਾਸਕਾਰ ਤਵਾਰੀਖ ਏ ਖਾਲਸਾ ਦੇ ਹਵਾਲੇ ਨਾਲ ਲਿਖਦੇ ਹਨ ਕਿ ਭਾਈ ਜੈਤਾ ਜੀ ਨੇ ਆਪਣੇ ਪਿਤਾ ਸਦਾ ਨੰਦ ਦਾ ਸੀਸ ਮਿੱਥੀ ਯੋਜਨਾ ਮੁਤਾਬਿਕ ਕੱਟ ਕੇ ਲਿਆਂਦਾ ਸੀ ਅਤੇ ਨੌਵੇਂ ਪਾਤਸ਼ਾਹ ਦੇ ਧੜ ਕੋਲ ਰੱਖਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਲਿਆ ਸੀ, ਇਹ ਸਕੀਮ ਉਹਨਾਂ ਆਪਣੇ ਪਿਤਾ ਸ੍ਰੀ ਸਦਾ ਨੰਦ ਜੀ ਨਾਲ ਮਿਲਕੇ ਇੱਕ ਰਾਤ ਪਹਿਲਾਂ ਬਣਾਈ ਸੀ। ਦਸਮ ਪਿਤਾ, ਸਰਬੰਸਦਾਨੀ, ਚੋਜੀ ਪ੍ਰੀਤਮ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਭਾਈ ਜੈਤਾ ਨੂੰ ਘੁੱਟ ਕੇ ਗਲਵੱਕੜੀ ਵਿੱਚ ਲੈ ਆਪਣੇ ਸੀਨੇ ਲਗਾ ਲਿਆ ਸੀ ਅਤੇ "ਰੰਗਰੇਟੇ ਗੁਰੂ ਕੇ ਬੇਟੇ" ਦੇ ਖਿਤਾਬ ਨਾਲ ਨਿਵਾਜਿਆ ਸੀ।ਇਸ ਤਰ੍ਹਾਂ ਭਾਈ ਜੈਤਾ ਜੀ ਨੂੰ ਗੁਰੂ ਜੀ ਦਾ ਪੁੱਤਰ ਹੋਣ ਦਾ ਮਾਣ ਪ੍ਰਾਪਤ ਹੋਇਆ।ਉਸੇ ਦਿਨ ਤੋਂ ਭਾਈ ਜੈਤਾ ਜੀ ਗੁਰੂ ਜੀ ਪਾਸ ਆਨੰਦਪੁਰ ਸਾਹਿਬ ਹੀ ਰਹਿਣ ਲੱਗ ਪਏ ਸਨ।

ਭਾਈ ਜੈਤਾ ਜੀ ਤੋਂ ਸ਼ਹਾਦਤ ਸਮੇਂ ਦੇ ਹਾਲਾਤਾਂ ਬਾਬਤ ਗੁਰੂ ਜੀ ਨੇ ਪੁੱਛਿਆ ਸੀ ," ਜਦੋਂ ਗੁਰੂ ਪਿਤਾ ਜੀ ਨੂੰ ਸ਼ਹੀਦ ਕੀਤਾ ਗਿਆ ਸੀ, ਉਸ ਸਮੇਂ ਉੱਥੇ ਹੋਰ ਕਿੰਨੇ ਸਿੰਘ ਸਨ?" ਤਾਂ ਭਾਈ ਜੈਤਾ ਜੀ ਨੇ ਬਹੁਤ ਹੀ ਠਰੰਮੇ ਅਤੇ ਸਹਿਜਤਾ ਨਾਲ ਜਵਾਬ ਦਿੱਤਾ ਸੀ,"ਗੁਰੂ ਜੀ, ਸਿੰਘ ਤਾਂ ਹੋਣਗੇ, ਪਰ ਏਨੇ ਇਕੱਠ ਵਿੱਚ ਕਿਹੜਾ ਪਛਾਣ ਹੁੰਦੀ ਸੀ।"ਸ਼ਾਇਦ ਭਾਈ ਜੈਤਾ ਜੀ ਦੇ ਏਸੇ ਜਵਾਬ ਨਾਲ ਚੋਜੀ ਪ੍ਰੀਤਮ ਕਲਗੀਆਂ ਵਾਲੇ ਨੇ 1699 ਦੀ ਵਿਸਾਖੀ ਨੂੰ ਸਿੱਖ ਧਰਮ ਨੂੰ ਇੱਕ ਵੱਖਰੀ ਪਛਾਣ ਦਿੱਤੀ ਕਿ ਮੇਰਾ ਸਿੱਖ ਲੱਖਾਂ ਵਿੱਚ ਖੜ੍ਹਾ ਅਲੱਗ ਚਮਕੇ। ਆਪ ਵੀ ਪੰਜ ਪਿਆਰਿਆਂ ਤੋਂ ਪੰਜ ਕਰਾਰ ਅਤੇ ਅੰਮ੍ਰਿਤ ਪਾਨ ਕਰਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ ਸਨ ।ਇਸ ਦਿਨ ਭਾਈ ਜੈਤਾ ਜੀ ਵੀ ਗੁਰੂ ਜੀ ਤੋਂ ਪਵਿੱਤਰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਜੈਤਾ ਤੋਂ ਭਾਈ ਜੀਵਨ ਸਿੰਘ ਬਣ ਗਏ। ਉਹਨਾਂ ਦਾ ਵਿਆਹ ਪੱਟੀ ਵਾਸੀ ਭਾਈ ਖਜਾਨ ਸਿੰਘ ਦੀ ਸਪੁੱਤਰੀ ਬੀਬੀ ਰਾਜ ਕੌਰ ਨਾਲ ਹੋਇਆ ਸੀ। ਉਹਨਾਂ ਦੇ ਘਰ ਚਾਰ ਪੁੱਤਰਾਂ ਭਾਈ ਗੁਰਦਿਆਲ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਸੁੱਖਾ ਸਿੰਘ ਅਤੇ ਭਾਈ ਸੇਵਾ ਸਿੰਘ ਨੇ ਜਨਮ ਲਿਆ।ਉਹਨਾਂ ਨੇ ਵੀ ਸਿੱਖ ਧਰਮ ਲਈ ਕੀਤੇ ਜਾਂਦੇ ਕੰਮਾਂ ਵਿੱਚ ਵਿੱਤੋਂ ਵੱਧ ਆਪਣਾ ਯੋਗਦਾਨ ਪਾਇਆ ਅਤੇ ਗੁਰੂ ਜੀ ਦੇ ਹੁਕਮਾਂ ਨੂੰ ਸਿਰ ਮੱਥੇ ਕਬੂਲਿਆ। ਉਹ ਇੱਕ ਮਹਾਨ ਕਵੀ ਦਾ ਰੁਤਬਾ ਵੀ ਰੱਖਦੇ ਸਨ। ਉਹਨਾਂ ਗੁਰੂ ਜੀ ਦੇ 52 ਕਵੀਆਂ ਦੀ ਸੰਗਤ ਮਾਨਣ ਵੀ ਸੁਭਾਗ ਪ੍ਰਾਪਤ ਹੈ।

ਭਾਈ ਜੀਵਨ ਸਿੰਘ ਜੀ ਨੇ ਪੰਥਕ ਫੌਜ ਵੱਲੋਂ ਜ਼ੁਲਮ ਖਿਲਾਫ ਲੜ੍ਹੀ ਹਰ ਲੜਾਈ ਵਿੱਚ ਗੁਰੂ ਜੀ ਦਾ ਵੱਧ ਚੜ੍ਹ ਕੇ ਸਾਥ ਦਿੱਤਾ ਅਤੇ ਗੁਰੂ ਜੀ ਨਾਲ ਢਾਲ ਬਣਕੇ ਰਹੇ। ਜਦੋਂ 21ਦਸੰਬਰ (6ਪੋਹ)1704 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਮੁਗਲਾਂ ਨਾਲ ਕੀਤੇ ਇਕਰਾਰਨਾਮੇ ਮੁਤਾਬਿਕ ਆਨੰਦਪੁਰ ਸਾਹਿਬ ਛੱਡਿਆ ਤਾਂ ਗੁਰੂ ਜੀ ਨੇ ਭਾਈ ਜੀਵਨ ਸਿੰਘ ਜੀ ਨਾਲ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਦੀ ਡਿਊਟੀ ਕਾਫਲੇ ਦੇ ਅਖੀਰ ਵਿੱਚ ਲਗਾਈ ਸੀ, ਕਿਉਂਕਿ ਗੁਰੂ ਜੀ ਜਾਣਦੇ ਸਨ ਕਿ ਮੁਗਲ ਹਕੂਮਤ ਆਪਣੇ ਵਾਅਦੇ ਤੋਂ ਜਰੂਰ ਮੁੱਕਰੇਗੀ ਅਤੇ ਉਹਨਾਂ ਦੀ ਫੌਜ਼ ਕਾਫਲੇ ਤੇ ਪਿੱਠ ਪਿੱਛੇ ਹਮਲਾ ਕਰੇਗੀ ਤਾਂ ਉਨ੍ਹਾਂ ਨਾਲ ਇਹ ਸਿਰਲੱਥ ਸੂਰਮੇ ਹੀ ਨਜਿੱਠਣ ਦੀ ਜੁਅਰਤ ਰੱਖਦੇ ਹਨ। ਸੋ ਇਹ ਸੂਰਬੀਰ ਯੋਧੇ ਗੁਰੂ ਜੀ ਦੀ ਕਸਵੱਟੀ ਉੱਪਰ ਖਰੇ ਉੱਤਰੇ ਅਤੇ ਕਾਫਲੇ ਦੀ ਪੂਰੀ ਹਿਫਾਜ਼ਤ ਕੀਤੀ।

ਜਦੋਂ ਸਰਸਾ ਨਦੀ ਤੋਂ ਗੁਰੂ ਦਾ ਪਰਿਵਾਰ ਵਿੱਛੜ ਗਿਆ ਤਾਂ ਭਾਈ ਜੀਵਨ ਸਿੰਘ ਜੀ ਗੁਰੂ ਜੀ ਨਾਲ 22 ਦਸੰਬਰ (7 ਪੋਹ) ਨੂੰ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਆ ਗਏ।ਚਮਕੌਰ ਦੀ ਜੰਗ ਵਿੱਚ ਭਾਈ ਜੀਵਨ ਸਿੰਘ ਜੀ ਗੁਰੂ ਜੀ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਅਤੇ ਵੈਰੀਆਂ ਨਾਲ ਲੜਾਈ ਵਿੱਚ ਆਪਣੀ ਬਹਾਦਰੀ ਦੇ ਜੌਹਰ ਦਿਖਾਏ।

ਜਦੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੁਸ਼ਮਣਾਂ ਨਾਲ ਲੋਹਾ ਲੈਂਦਿਆਂ ਸ਼ਹੀਦੀ ਜਾਮ ਪੀ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਕੱਚੀ ਗੜ੍ਹੀ ਚੋਂ ਚਲੇ ਕੀਤੀ। ਗੁਰੂ ਜੀ ਨੇ ਇਨਕਾਰ ਕਰਦਿਆਂ ਕਿਹਾ ,"ਮੈਂ ਤੁਹਾਨੂੰ ਮੁਸ਼ਕਿਲ ਵਿੱਚ ਮਰਨ ਲਈ ਛੱਡ ਕੇ ਨਹੀਂ ਜਾਵਾਂਗਾ। "ਪੰਜ ਪਿਆਰੇ ਸਿੰਘਾਂ ਨੇ ਇਕੱਠੇ ਹੋਕੇ ਹੁਕਮ ਸੁਣਾਇਆ,"ਤੁਸੀਂ ਇੱਥੋਂ ਚਲੇ ਜਾਉ ਅਤੇ ਜਾਕੇ ਪੰਥ ਦੀ ਸੰਭਾਲ ਕਰੋ।" ਅੰਤ (੭ ਪੋਹ) ਨੂੰ ਪੰਜ ਪਿਆਰਿਆਂ ਦਾ ਹੁਕਮ ਪਾਕੇ ਗੁਰੂ ਜੀ ਆਪਣੀ ਦਸਤਾਰ ਅਤੇ ਕਲਗੀ ਭਾਈ ਜੀਵਨ ਸਿੰਘ ਜੀ ਦੇ ਸਿਰ ਸਜਾ ਕੇ ਤਾੜੀ ਮਾਰਕੇ ਗੜ੍ਹੀ ਛੱਡ ਗਏ। ਗੁਰੂ ਜੀ ਜਾਣ ਪਿੱਛੋਂ ਲੜਾਈ ਦੀ ਕਮਾਨ ਭਾਈ ਜੀਵਨ ਸਿੰਘ ਜੀ ਨੇ ਸੰਭਾਲੀ ਅਤੇ ਵੈਰੀਆਂ ਦੇ ਟਿੱਡੀ ਦਲ ਨੂੰ ਭਾਜੜਾਂ ਪਵਾਈਆਂ ਸਨ।ਅੰਤ ਵੈਰੀਆਂ ਨਾਲ ਟੱਕਰ ਲੈਂਦਿਆਂ 8 ਪੋਹ, 23ਦਸੰਬਰ 1704 ਈਸਵੀ ਨੂੰ ਸਵੇਰੇ ਭਾਈ ਜੀਵਨ ਸਿੰਘ ਜੀ ਸ਼ਹੀਦੀ ਪ੍ਰਾਪਤ ਕਰ ਗਏ।

ਦਲਬੀਰ ਸਿੰਘ ਧਾਲੀਵਾਲ ਮੁਤਾਬਿਕ

"੭ ਪੋਹ ,22 ਦਸੰਬਰ 1704 ਦੀ ਸਵੇਰ ਨੂੰ 40 ਸਿੰਘਾਂ ਤੇ ਲੱਖਾਂ ਦੀ ਮੁਗ਼ਲ ਫ਼ੌਜ ਦਰਮਿਆਨ ਯੁੱਧ ਵਿਚ ਬਾਬਾ ਜੀ ਦੇ ਦੋ ਵੱਡੇ ਸਪੁੱਤਰ, ਸਹੁਰਾ ਭਾਈ ਖਜ਼ਾਨ ਸਿੰਘ ਤੇ ਛੋਟੇ ਭਰਾ ਸੰਗਤ ਸਿੰਘ ਜੀ ਸ਼ਹੀਦ ਹੋ ਗਏ।

ਗੜ੍ਹੀ ਵਿਚ 22 ਦਸੰਬਰ 1704 ਨੂੰ ਜਦੋਂ ਗੁਰੂ ਸਾਹਿਬ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਵੀ ਹੋਰ ਸਿੰਘਾਂ ਸਮੇਤ ਜੁਝਦੇ ਹੋਏ ਸ਼ਹੀਦ ਹੋ ਗਏ ਤੇ ਗੜ੍ਹੀ 'ਚ ਕੇਵਲ 11 ਸਿੰਘ ਰਹਿ ਗਏ ਸਨ ਤਾਂ ਗੁਰੂ ਜੀ ਦੀ ਸੁਰੱਖਿਆ ਤੇ ਸਿੱਖ ਕੌਮ ਦੇ ਭਵਿੱਖ ਦਾ ਵਾਸਤਾ ਪਾਉਂਦੇ ਹੋਏ ਪੰਜ ਸਿੰਘਾਂ ਨੇ ਗੁਰੂ ਜੀ ਨੂੰ ਗੜ੍ਹੀ 'ਚੋਂ ਸੁਰੱਖਿਅਤ ਨਿਕਲ ਜਾਣ ਦੀ ਸਲਾਹ ਦਿੱਤੀ।

ਗੁਰੂ ਜੀ ਨੇ ਗੜ੍ਹੀ ਛੱਡਣ ਤੋਂ ਪਹਿਲਾਂ ਯੁੱਧ ਨੀਤੀ ਦੇ ਨਿਪੁੰਨ ਬਾਬਾ ਜੀਵਨ ਸਿੰਘ ਜੀ ਨੂੰ ਆਪਣੀ ਕਲਗੀ ਤੇ ਪੁਸ਼ਾਕਾ ਸੌਂਪਦੇ ਹੋਏ ਗੜ੍ਹੀ ਦੀ ਮੰਮਟੀ 'ਤੇ ਬਿਠਾਇਆ ਤਾਂ ਕਿ ਸਵੇਰ ਤਕ ਮੁਗ਼ਲ ਫ਼ੌਜ ਨੂੰ ਭੁਲਖੇ ਵਿਚ ਰੱਖਿਆ ਜਾ ਸਕੇ ਕਿ ਗੁਰੂ ਜੀ ਗੜ੍ਹੀ ਦੇ ਅੰਦਰ ਹੀ ਹਨ।

ਬਾਬਾ ਜੀ ਯੁੱਧ ਨੀਤੀ 'ਚ ਇੰਨੇ ਨਿਪੁੰਨ ਸਨ ਕਿ ਉਹ ਦੋਹਾਂ ਹੱਥਾਂ ਨਾਲ ਇੱਕੋ ਵੇਲੇ ਦੋ ਬੰਦੂਕਾਂ ਚਲਾ ਸਕਦੇ ਸਨ ਤੇ ਘੋੜੇ ਤੇ ਸਵਾਰ ਹੋ ਕੇ ਲਗਾਮਾਂ ਮੂੰਹ 'ਚ ਫੜ ਕੇ ਦੋ ਤਲਵਾਰਾਂ ਦੋਹਾਂ ਹੱਥਾਂ ਨਾਲ ਚਲਾ ਸਕਦੇ ਸਨ। ਇਸ ਜ਼ਿੰਮੇਵਾਰੀ ਨੂੰ ਉਨ੍ਹਾਂ ਨੇ ਬੜੀ ਨਿਪੁੰਨਤਾ ਨਾਲ ਆਪਣੀ ਨਾਗਣੀ ਤੇ ਬਾਗਨੀ ਬੰਦੂਕਾਂ ਤੇ ਤੀਰ ਚਲਾ ਕੇ ਨਿਭਾਇਆ।"

ਐਮਪੀਜੇਐਸ ਗਵਾਲੀਅਰ ਡਾਟ ਕਾਮ ਮੁਤਾਬਿਕ "ਗੁਰੂ ਗੋਬਿੰਦ ਸਿੰਘ ਜੀ ਨੇ ਗੜੀ ਛੱਡਣ ਵਲੋਂ ਪਹਿਲਾਂ ਆਪਣੇ ਹਮਸ਼ਕਲ ਸ਼ਰੋਮਣੀ ਬਾਬਾ ਜੀਵਨ ਸਿੰਘ ਜੀ ਨੂੰ ਕਲਗੀ ਸਜਾਕੇ ਸ਼ਸਤਰ ਸੌਂਪ ਦਿੱਤੇ, ਤਾਂ ਕ ਮੁਗਲ ਫੌਜਾਂ ਨੂੰ ਗੁਰੂ ਸਾਹਿਬ ਦੇ ਗੜੀ ਵਿੱਚ ਹੋਣ ਬਾਰੇ ਵਿੱਚ ਭੁਲੇਖਾ ਬਣਿਆ ਰਹੇ। ਕਲਗੀ ਅਤੇ ਪੋਸ਼ਾਕ ਬਾਰੇ ਦਰਬਾਰੀ ਕਵੀ ਕੰਕਣ ਲਿਖਦੇ ਹਨ:

"ਨਿਜ ਕਲਗੀ ਸਿਰ ਰਹੀ ਸਜਾਈ ॥
ਕਈ ਪੁਸ਼ਾਕ ਆਪਨੀ ਪਹਿਰਾਈ ॥
ਜੀਵਨ ਸਿੰਘ ਕੋ ਬੁਰਜ ਬਠਾਈ ॥
ਤਜਿ ਗੜੀ ਗੁਰੂ ਗੋਬਿੰਦ ਸਿੰਘ ਜਾਈ ॥
(ਦਸ ਗੁਰੂ ਕਥਾ, ਪੰਨਾ ਨੰਬਰ 66 )"

ਡਾ. ਮਨਜੀਤ ਸਿੰਘ ਬੱਲ ਦੇ ਹਵਾਲੇ ਮੁਤਾਬਿਕ

"11 ਸਿੰਘਾਂ ਚੋਂ ਪੰਜ ਪਿਆਰਿਆਂ ਨੇ ਗੁਰੂ ਜੀ ਨੂੰ ਗੜ੍ਹੀ ਛੱਡਣ ਦਾ ਆਦੇਸ਼ ਦਿੱਤਾ। ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਗੁਰੂ ਜੀ ਜਾਣ ਵਾਸਤੇ ਤਿਆਰ ਹੋ ਗਏ। ਭਾਈ ਜੈਤਾ (ਬਾਬਾ ਜੀਵਨ ਸਿੰਘ ਜੀ) ਦੀ ਡੀਲ-ਡੌਲ ਤੇ ਚਿਰਹਾ-ਮੁਹਰਾ ਦਸਮ ਪਿਤਾ ਨਾਲ ਮਿਲਦਾ ਸੀ, ਸੋ ਚਮਕੌਰ ਦੀ ਗੜ੍ਹੀ ਛੱਡਣ ਤੋਂ ਪਹਿਲਾਂ, ਗੁਰੂ ਜੀ ਨੇ ਆਪਣਾ ਕਲਗੀ-ਤੋੜਾ, ਪੁਸ਼ਾਕ ਤੇ ਹਥਿਆਰ, ਬਾਬਾ ਜੀ ਨੂੰ ਦੇ ਦਿੱਤੇ ਤਾਂ ਕਿ ਮੁਗ਼ਲ ਫੌਜਾਂ ਸਮਝਣ ਕਿ ਗੜ੍ਹੀ ਵਿਚ ਗੁਰੂ ਜੀ ਹੀ ਮੌਜੂਦ ਹਨ।"

ਇਸ ਜੰਗ ਵਿੱਚ ਭਾਈ ਜੀਵਨ ਸਿੰਘ ਜੀ ਸਪੁੱਤਰਾਂ ਭਾਈ ਸੁੱਖਾ ਸਿੰਘ, ਭਾਈ ਸੇਵਾ ਸਿੰਘ ਅਤੇ ਉਹਨਾਂ ਦੇ ਛੋਟੇ ਭਰਾ ਭਾਈ ਸੰਗਤ ਸਿੰਘ ਜੀ ਨੇ ਵੀ ਸ਼ਹੀਦੀ ਜਾਮ ਪੀਤਾ।ਉਹਨਾਂ ਗੁਰੂ ਜੀ ਦੇ ਥਾਪੜੇ ਨਾਲ ਹਰ ਲੜਾਈ ਵਿੱਚ ਫਤਿਹ ਪ੍ਰਾਪਤ ਕੀਤੀ।ਇਸ ਤਰ੍ਹਾਂ ਗੁਰੂ ਘਰ ਦਾ ਇਹ ਅਨਿਨ ਸੇਵਕ ਆਪਣੀ ਸਾਰੀ ਜ਼ਿੰਦਗੀ ਸਿੱਖ ਧਰਮ ਅਤੇ ਪੰਥ ਦੇ ਲੇਖੇ ਲਾ ਗਿਆ।ਸਮੂਹ ਸਿੱਖ ਭਾਈਚਾਰਾ ਉਹਨਾਂ ਦੀ ਲਾਸਾਨੀ ਸ਼ਹਾਦਤ ਅਤੇ ਸਿੱਖ ਧਰਮ ਲਈ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖੇਗਾ ਅਤੇ ਅੱਜ (੮ ਪੋਹ)23 ਦਸੰਬਰ ਸਿੱਖ ਸੰਗਤਾਂ ਵੱਲੋਂ ਭਾਈ ਜੈਤਾ ਜੀ ਨੂੰ ਉਹਨਾਂ ਦੀ ਸਿੱਖ ਧਰਮ ਲਈ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਤੇ ਯਾਦ ਕੀਤਾ ਜਾ ਰਿਹਾ ਹੈ।

---

# ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਨਾਂ ਇਕ ਪੱਤਰ

**ਸ. ਹਰਿੰਦਰ ਸਿੰਘ ਧਾਮੀ ਜੀ,**
**ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ,**
**ਸ੍ਰੀ ਅੰਮ੍ਰਿਤਸਰ ਸਾਹਿਬ।**
**ਵਾਹਿਗੁਰੂ ਜੀ ਕਾ ਖਾਲਸਾ।**
**ਵਾਹਿਗੁਰੂ ਜੀ ਕਿ ਫਤਹਿ।**

**ਵਿਸ਼ਾ:- 23 ਪੋਹ ਬਨਾਮ ਪੋਹ ਸੁਦੀ 7**

**ਸ. ਹਰਿੰਦਰ ਸਿੰਘ ਧਾਮੀ ਜੀ,**

ਨਿਮਰਤਾ ਸਹਿਤ ਬੇਨਤੀ ਇਹ ਹੈ ਕਿ;

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ, ਆਪਣੇ ਦੇਸ਼ ਵਿੱਚ ਪ੍ਰਚਲਿਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਮੁਤਾਬਕ 23 ਪੋਹ, ਪੋਹ ਸੁਦੀ 7, ਸੰਮਤ 1723 ਬਿਕ੍ਰਮੀ ਦਿਨ ਸ਼ਨਿਚਰਵਾਰ ਨੂੰ ਹੋਇਆ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉਪਰ ਵੀ ਇਹੋ ਤਾਰੀਖ ਹੀ ਦਰਜ ਹੈ। The tenth and the last Guru or Prophet-teacher of the iSkh fiath, was born Goibnd Ria Sodih on Poh Suid 7th, 23rd Poh 1723 iBkraim Samvat (22 December 1666) at Patna." (sgpc.net) ਇਸ ਤਾਰੀਖ ਬਾਰੇ ਕੋਈ ਮੱਤ-ਭੇਦ ਨਹੀਂ ਹੈ। ਇਨ੍ਹਾਂ 'ਚ ਇਕ ਤਾਰੀਖ 23 ਪੋਹ, ਸੂਰਜੀ ਬਿਕ੍ਰਮੀ ਕੈਲੰਡਰ ਦੀ ਤਾਰੀਖ ਹੈ। ਧਰਤੀ ਸੂਰਜ ਦੁਵਾਲੇ 365 ਦਿਨਾਂ ਵਿੱਚ ਇਕ ਚੱਕਰ ਪੂਰਾ ਕਰਦੀ ਹੈ। ਇਸੇ ਨੂੰ ਸਾਲ ਕਿਹਾ ਜਾਂਦਾ ਹੈ। ਸੂਰਜੀ ਕੈਲੰਡਰਾਂ ਦੇ ਸਾਲ ਵਿੱਚ 365 ਦਿਨ ਹੁੰਦੇ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਛਾਪਿਆ ਜਾਂਦਾ ਕੈਲੰਡਰ ਵੀ ਸੂਰਜੀ ਕੈਲੰਡਰ ਹੀ ਹੈ ਅਤੇ ਹਰ ਸਾਲ ਇਸ ਦੇ 365 ਦਿਨ ਹੁੰਦੇ ਹਨ। ਇਹ ਹੀ ਕਾਰਨ ਹੈ ਹਰ ਸਾਲ, ਹਰ ਦਿਹਾੜਾ ਮੁੜ ਉਸੇ ਪ੍ਰਵਿਸ਼ਟੇ ਨੂੰ ਆਉਂਦਾ ਹੈ। ਜਿਵੇ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ।

ਦੂਜੀ ਤਾਰੀਖ ਪੋਹ ਸੁਦੀ 7, ਚੰਦ ਦੇ ਕੈਲੰਡਰ ਦੀ ਤਾਰੀਖ ਹੈ। ਚੰਦ ਧਰਤੀ ਦੁਵਾਲੇ29.53 ਦਿਨਾਂ ਵਿੱਚ ਇਕ ਚੱਕਰ ਪੂਰਾ ਕਰਦਾ ਹੈ। ਇਸ ਨੂੰ ਚੰਦ ਦਾ ਇਕ ਮਹੀਨਾ ਕਹਿੰਦੇ ਹਨ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354 ਦਿਨ ਹੁੰਦੀ ਹੈ। ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੁੰਦਾ ਹੈ। ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਹਰ ਤੀਜੇ-ਚੌਥੇ ਸਾਲ ਇਸ ਵਿੱਚ ਇਕ ਹੋਰ ਮਹੀਨਾ (ਮਲਮਾਸ) ਜੋੜ ਦਿੱਤਾ ਜਾਂਦਾ ਹੈ। ਸੰਮਤ 2080 ਬਿਕ੍ਰਮੀ ਵਿੱਚ ਚੰਦ ਦੇ ਸਾਲ ਵਿੱਚ 13 ਮਹੀਨੇ ਹੋਣਗੇ। ਸਾਵਣ ਦਾ ਮਹੀਨਾ ਦੋ ਵਾਰ ਆਵੇਗਾ। ਇਕ ਸ਼ੁਧ ਸਾਵਣ ਅਤੇ ਦੂਜਾ ਅਸ਼ੁੱਧ ਸਾਵਣ।

| ਸੰਮਤ ਨਾਨਕਸ਼ਾਹੀ | ਵੈਸਾਖੀ | ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ | ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ | ਪ੍ਰਕਾਸ਼ ਦਿਹਾੜਾ ਗੁਰੂ ਗੋਬਿੰਦ ਸਿੰਘ ਜੀ |
|---|---|---|---|---|
| 552 (20-21 ਈ:) | 1 ਵੈਸਾਖ | 8 ਪੋਹ | 13 ਪੋਹ | 7 ਮੱਘਰ |
| 553 (21-22 ਈ:) | 1 ਵੈਸਾਖ | 8 ਪੋਹ | 13 ਪੋਹ | 26 ਪੋਹ |
| 554 (22-23 ਈ:) | 1 ਵੈਸਾਖ | 8 ਪੋਹ | 13 ਪੋਹ | 14 ਪੋਹ |
| 555 (23-24 ਈ:) | 1 ਵੈਸਾਖ | 8 ਪੋਹ | 13 ਪੋਹ | 4 ਮੱਘਰ |
| 556 (24-25 ਈ:) | 1 ਵੈਸਾਖ | 8 ਪੋਹ | 13 ਪੋਹ | 23 ਪੋਹ |
| 557 (25-26 ਈ:) | 1 ਵੈਸਾਖ | 8 ਪੋਹ | 13 ਪੋਹ | 13 ਪੋਹ |

ਇਸ ਸਾਲ ਚੰਦ ਦੇ ਸਾਲ ਵਿੱਚ 385 ਦਿਨ ਹੋਣਗੇ। ਅਜੇਹਾ 19 ਸਾਲਾਂ ਵਿੱਚ 7 ਵਾਰ ਕਰਨਾ ਪੈਂਦਾ ਹੈ। ਇਸ ਕਾਰਨ, ਚੰਦ ਦੇ ਕੈਲੰਡਰ ਮੁਤਾਬਕ ਮਨਾਏ ਜਾਂਦੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਜਾਂ 18-19 ਦਿਨ ਪਛੜ ਕੇ ਆਉਂਦੇ ਹਨ।

ਅੱਜ ਸਾਡੀ ਸਮੱਸਿਆ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਇਨ੍ਹਾਂ ਦੋਵਾਂ ਤਾਰੀਖਾਂ 'ਚ ਕਿਹੜੀ ਤਾਰੀਖ ਨੂੰ ਮਨਾਇਆ ਜਾਵੇ?

ਜੇ ਅਸੀਂ ਇਹ ਦਿਹਾੜਾ 23 ਪੋਹ ਨੂੰ ਮਨਾਉਂਦੇ ਹਾਂ ਤਾਂ ਹਰ ਸਾਲ ਇਹ ਦਿਹਾੜਾ 23 ਪੋਹ ਨੂੰ ਹੀ ਆਵੇਗਾ।ਜਿਵੇ ਵੈਸਾਖੀ ਹਰ ਸਾਲ ਇਕ ਵੈਸਾਖ ਨੂੰ ਹੀ ਆਉਂਦੀ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹਰ ਸਾਲ 13 ਪੋਹ ਨੂੰ ਹੀ ਆਉਂਦਾ ਹੈ। ਇਸੇ ਤਰਾਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਹੀ ਆਵੇਗਾ।

ਜੇ ਅਸੀਂ ਇਹ ਦਿਹਾੜਾ ਪੋਹ ਸੁਦੀ 7 ਮੁਤਾਬਕਮਨਾਉਂਦੇ ਹਾਂ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰ ਵਿੱਚ ਸੰਮਤ 552ਨਾਨਕਸ਼ਾਹੀ ਵਿੱਚ ਇਹ ਦਿਹਾੜਾ 7 ਮੱਘਰ ਅਤੇ ਸੰਮਤ 553 ਵਿੱਚ 26 ਪੋਹ ਦਰਜ ਸੀ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਇਸ ਸਾਲ ਦੇ ਕੈਲੰਡਰ (ਸੰਮਤ 554 ਨਾਨਕਸ਼ਾਹੀ) ਵਿੱਚ ਇਹ ਦਿਹਾੜਾ 14 ਪੋਹ ਦਾ ਦਰਜ ਹੈ। ਅਗਲੇ ਸਾਲ ਚੰਦ ਦੇ ਸਾਲ ਦੇ 385 ਦਿਨ ਹੋ ਜਾਣਗੇ। ਇਸ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼੍ਰੋਮਣੀ ਕਮੇਟੀ ਦੇ ਕੈਲੰਡਰ (ਸੰਮਤ 555 ) ਵਿੱਚ 4 ਮੱਘਰ ਨੂੰ ਆਵੇਗਾ। ਸੰਮਤ 556 ਨਾਨਕਸ਼ਾਹੀ ਵਿੱਚ ਚੰਦ ਦੇ ਸਾਲ ਦੇ 354 ਦਿਨ ਹੋਣ ਕਾਰਨ ਇਹ ਦਿਹਾੜਾ 23 ਪੋਹ ਨੂੰ ਆਵੇਗਾ।

ਸਤਿਕਾਰ ਯੋਗ ਪ੍ਰਧਾਨ ਜੀ, ਦੇਸ-ਵਿਦੇਸ਼ ਦੀਆਂ ਸੰਗਤਾਂ ਇਹ ਜਾਨਣਾ ਚਾਹੁੰਦੀਆਂ ਹਨ ਕਿ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ ਨੂੰ ਮਨਾਉਣ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ? ਜੇ ਸੰਮਤ 1756 ਬਿਕ੍ਰਮੀ ਦੀ 1 ਵੈਸਾਖ ਅੱਜ ਵੀ ਇਕ ਵੈਸਾਖ ਹੈ ਅਤੇ ਇਤਿਹਾਸ ਨਹੀਂ ਵਿਗੜਿਆ, ਤਾਂ ਉਸੇ ਕੈਲੰਡਰ ਦੀ ਉਸ ਤੋਂ 33 ਸਾਲ ਪਹਿਲਾ ਦੀ 23 ਪੋਹ (ਸੰਮਤ 1723), ਅੱਜ 23 ਪੋਹ ਕਿਵੇਂ ਨਹੀਂ ਹੈ। ਹਰ ਸਾਲ ਇਹ ਦਿਹਾੜਾ 23 ਪੋਹ ਨੂੰ ਕਿਉ ਨਹੀਂ ਮਨਾਇਆ ਜਾਂਦਾ? ਉਸਾਰੂ ਸੇਧਾਂ ਦੀ ਉਡੀਕ ਵਿੱਚ

**ਸਤਿਕਾਰ ਸਹਿਤ**
**ਸਰਵਜੀਤ ਸਿੰਘ**
**ਸੈਕਰਾਮੈਂਟੋ**
**30 ਮੱਘਰ, ਸੰਮਤ 554**
**ਨਾਨਕਸ਼ਾਹੀ**



ਸਰਵਜੀਤ ਸਿੰਘ ਸੈਕਰਾਮੈਂਟੋ

ਜੈ ਵਾਲਮੀਕੀ

ਹਰ ਹਰ ਵਾਲਮੀਕੀ ਜੀ

ਅਜਰ ਅਮਰ ਤ੍ਰੈਕਾਲ ਦੂਰਸ਼ੀ ਸ੍ਰਿਸ਼ਟੀ ਕਰਤਾ ਭਗਵਾਨ ਵਾਲਮੀਕ ਜੀ ਦੀ ਮੇਹਰ ਸਦਕਾ

ਅਮਰ ਸ਼ਹੀਦ

ਰੰਘਰੇਟਾ ਗੁਰੂ ਕਾ ਬੇਟਾ

ਧੰਨ ਧੰਨ

ਭਾਈ ਜੀਵਨ ਸਿੰਘ ਜੀ

(ਭਾਈ ਜੈਤਾ ਜੀ)



ਜੋ ਦਿੱਲੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਕੇ ਸ੍ਰੀ ਆਨੰਦਪੁਰ ਸਾਹਬ ਪਹੁੰਚੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗ.ਲ ਨਾਲ ਲਾ ਕੇ ਰੰਘਰੇਟੇ ਗੁਰੂ ਕੇ ਬੇਟੇ ਦੇ ਨਾਂ ਨਾਲ ਨਵਾਜਿਆ ਸੀ ਜੋ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਸਨ ਜਿਹਨਾਂ ਦਾ ਸ਼ਹੀਦੀ ਦਿਹਾੜਾ 18 ਦਸੰਬਰ 2022 ਦਿਨ ਐਤਵਾਰ ਨੂੰ **ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵੀਨੀਊ, ਯੂਬਾ ਸਿਟੀ ਕੈਲੀਫੋਨੀਆ** ਵਿਖੇ ਬਹੁਤ ਹੀ ਪਿਆਰ, ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆਂ ਜਾ ਰਿਹਾ ਹੈ ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿਰਪਾ ਕਰਕੇ ਪਰਿਵਾਰ ਸਮੇਤ ਪਹੁੰਚ ਕੇ ਰੌਣਕ ਨੂੰ ਵਧਾਓ ਅਤੇ ਗੁਰੂ ਘਰ ਦੀਆ ਖੁਸ਼ੀਆਂ ਪ੍ਰਾਪਤ ਕਰੋ ਜੀ

ਪ੍ਰੋਗਰਾਮ

ਪਾਠ ਸ੍ਰੀ ਯੋਗਵਸ਼ਿਸ਼ਟ ਜੀ :
ਸਤੰਬਰ ਦਿਨ ਐਤਵਾਰ ਸਵੇਰੇ 11 ਵਜੇ:
ਸ਼ਬਦ ਕੀਰਤਨ ਸਵੇਰੇ 12 ਵਜੇ :
ਗੁਰੂ ਕਾ ਲੰਗਰ ਦੁਪਹਿਰ 1 ਵਜੇ

ਵੱਲੋਂ

ਪਹੁੰਚ ਰਹੇ ਕਲਾਕਾਰ
ਭੁਪਿੰਦਰ ਭਿੰਦਾ ਅਤੇ ਪਾਰਟੀ
ਢਾਡੀ ਜਥਾ

Space by- Desh Doaba

ਮਹਾਂਰਿਸ਼ੀ ਵਾਲਮੀਕ ਸਭਾ ਯੂਬਾ ਸਿਟੀ, ਕੈਲੀਫੋਰਨੀਆ ਯੂ ਐਸ ਏ

ਪ੍ਰਧਾਨ : ਸ੍ਰੀ ਜਗਜੀਤ ਗਿੱਲ
530 315 1425

ਸੈਕਟਰੀ : ਸ੍ਰੀ ਸੰਤੋਖ ਗਿੱਲ
530 740 3056

ਖ਼ਜ਼ਾਨਚੀ :
ਸ੍ਰੀ ਵਿਨੋਦ ਗਿੱਲ


# ਭਾਰਤ ਨੂੰ ਫਿਰ ਮਿਲਿਆ ਰੂਸ ਦਾ ਸਾਥ, ਯੂ ਐਨ 'ਚ ਸਥਾਈ ਮੈਂਬਰਸ਼ਿਪ ਦਾ ਸਮਰਥਨ

**ਮਾਸਕੋ (ਬਿਊਰੋ)–** ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਸਥਾਈ ਮੈਂਬਰਸ਼ਿਪ ਲਈ ਇੱਕ ਵਾਰ ਫਿਰ ਭਾਰਤ ਦਾ ਸਮਰਥਨ ਕੀਤਾ ਹੈ। ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਭਾਰਤ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਭਾਰਤ ਨੇ ਗਲੋਬਲ ਅਤੇ ਖੇਤਰੀ ਮੁੱਦਿਆਂ 'ਤੇ ਆਪਣੇ ਸਟੈਂਡ ਨਾਲ ਪ੍ਰੀਸ਼ਦ 'ਚ ਅਹਿਮ ਭੂਮਿਕਾ ਨਿਭਾਈ ਹੈ। 7 ਦਸੰਬਰ ਨੂੰ ਮਾਸਕੋ ਵਿੱਚ ਪ੍ਰਿਮਾਕੋਵ ਰੀਡਿੰਗ ਇੰਟਰਨੈਸ਼ਨਲ ਫੋਰਮ ਵਿੱਚ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਲਾਵਰੋਵ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਭਾਰਤ ਇਸ ਸਮੇਂ ਆਰਥਿਕ ਵਿਕਾਸ ਦੇ ਮਾਮਲੇ ਵਿੱਚ ਮੋਹਰੀ ਦੇਸ਼ਾਂ ਵਿੱਚੋਂ ਇੱਕ ਹੈ। ਇਸਦੀ ਆਬਾਦੀ ਜਲਦੀ ਹੀ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਹੋ ਜਾਵੇਗੀ। ਭਾਰਤ ਕੋਲ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਵਿਸ਼ਾਲ ਕੂਟਨੀਤਕ ਤਜਰਬਾ ਹੈ।

ਸੰਯੁਕਤ ਰਾਸ਼ਟਰ ਵਧੇਰੇ ਲੋਕਤੰਤਰੀ ਹੋਵੇਗਾ ਜੇਕਰ ਲਾਤੀਨੀ ਅਮਰੀਕਾ ਦੇ ਦੇਸ਼ਾਂ ਨੂੰ ਸ਼ਾਮਲ ਕੀਤਾ ਜਾਵੇ। ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਕਿ ਭਾਰਤ ਸੰਯੁਕਤ ਰਾਸ਼ਟਰ ਦੇ ਨਾਲ-ਨਾਲ ਸ਼ੰਘਾਈ ਸਹਿਯੋਗ ਸੰਗਠਨ ਦੇ ਅੰਦਰ ਦੱਖਣੀ ਏਸ਼ੀਆ ਵਿੱਚ ਏਕੀਕਰਨ ਢਾਂਚੇ ਦੀ ਇੱਕ ਸੀਮਾ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਂਦਾ ਹੈ। ਇਸ ਤੋਂ ਪਹਿਲਾਂ ਇਸ ਸਾਲ ਸਤੰਬਰ 'ਚ 77ਵੀਂ ਸੰਯੁਕਤ ਰਾਸ਼ਟਰ ਮਹਾਸਭਾ ਨੂੰ ਸੰਬੋਧਿਤ ਕਰਦੇ ਹੋਏ ਲਾਵਰੋਵ ਨੇ ਕਿਹਾ ਸੀ ਕਿ ਜੇਕਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਦੇ ਦੇਸ਼ਾਂ ਨੂੰ ਸ਼ਾਮਲ ਕੀਤਾ ਜਾਵੇ ਤਾਂ ਸੁਰੱਖਿਆ ਪ੍ਰੀਸ਼ਦ ਜ਼ਿਆਦਾ ਲੋਕਤੰਤਰੀ ਹੋਵੇਗੀ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਾਰਤ ਅਤੇ ਬ੍ਰਾਜ਼ੀਲ ਨੂੰ ਸਥਾਈ ਮੈਂਬਰਸ਼ਿਪ ਲਈ ਕੌਂਸਲ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਰੂਸੀ ਵਿਦੇਸ਼ ਮੰਤਰੀ ਨੇ ਕਿਹਾ ਕਿ ਭਾਰਤ ਅਤੇ ਬ੍ਰਾਜ਼ੀਲ ਜਾਪਾਨ ਅਤੇ ਜਰਮਨੀ ਦੇ ਨਾਲ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿੱਚ ਸ਼ਾਮਲ ਹੋਣ ਲਈ ਆਪਣੀਆਂ ਅਰਜ਼ੀਆਂ ਨੂੰ ਵਧਾ ਰਹੇ ਹਨ, ਜੋ ਬਹੁਧਰੁਵੀਤਾ ਨੂੰ ਦਰਸਾਉਂਦਾ ਹੈ।

### ਇਨ੍ਹਾਂ ਦੇਸ਼ਾਂ ਲਈ ਵੀ ਸਹਿਯੋਗੀ ਹੈ

15 ਦੇਸ਼ਾਂ ਦੀ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਵਿੱਚੋਂ ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਰੂਸ ਨੇ ਸੰਯੁਕਤ ਰਾਸ਼ਟਰ ਦੀ ਸੰਸਥਾ ਵਿੱਚ ਭਾਰਤ ਲਈ ਸਥਾਈ ਸੀਟ ਦਾ ਸਮਰਥਨ ਕੀਤਾ ਹੈ। ਇਸ ਤੋਂ ਪਹਿਲਾਂ, ਸੰਯੁਕਤ ਰਾਸ਼ਟਰ ਵਿੱਚ ਬ੍ਰਿਟੇਨ ਦੀ ਰਾਜਦੂਤ ਬਾਰਬਰਾ ਵੁਡਵਰਡ ਨੇ ਕਿਹਾ, 'ਅਸੀਂ ਭਾਰਤ, ਜਰਮਨੀ, ਜਾਪਾਨ ਅਤੇ ਬ੍ਰਾਜ਼ੀਲ ਲਈ ਨਵੀਆਂ ਸਥਾਈ ਸੀਟਾਂ ਬਣਾਉਣ ਦੇ ਨਾਲ-ਨਾਲ ਕੌਂਸਲ ਵਿੱਚ ਸਥਾਈ ਅਫਰੀਕੀ ਪ੍ਰਤੀਨਿਧਤਾ ਦਾ ਸਮਰਥਨ ਕਰਦੇ ਹਾਂ।' ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੀ 'ਸੁਰੱਖਿਆ ਪਰਿਸ਼ਦ ਮੈਂਬਰਸ਼ਿਪ ਦੇ ਸਵਾਲ ਅਤੇ ਸੁਰੱਖਿਆ ਪ੍ਰੀਸ਼ਦ ਮੈਂਬਰਸ਼ਿਪ ਦੇ ਵਾਧੇ ਅਤੇ ਵਾਧੇ' 'ਤੇ ਸੰਯੁਕਤ ਰਾਸ਼ਟਰ ਵਿਚ ਫਰਾਂਸ ਦੇ ਉਪ ਸਥਾਈ ਪ੍ਰਤੀਨਿਧੀ ਨੇ ਕਿਹਾ ਕਿ 'ਫਰਾਂਸ ਦੀ ਸਥਿਤੀ ਸਥਿਰ ਅਤੇ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ। ਅਸੀਂ ਚਾਹੁੰਦੇ ਹਾਂ ਕਿ ਕੌਂਸਿਲ ਅੱਜ ਦੇ ਸੰਸਾਰ ਦਾ ਵਧੇਰੇ ਪ੍ਰਤੀਨਿਧ ਹੋਵੇ, ਇਸ ਤਰੀਕੇ ਨਾਲ ਜੋ ਇਸ ਦੇ ਅਧਿਕਾਰ ਅਤੇ ਪ੍ਰਭਾਵ ਨੂੰ ਹੋਰ ਮਜ਼ਬੂਤ ਕਰੇ।'

### ਭਾਰਤ ਇਸ ਸਮੇਂ 15 ਦੇਸ਼ਾਂ ਦੀ ਕੌਂਸਲ ਦੀ ਪ੍ਰਧਾਨਗੀ ਕਰ ਰਿਹਾ

ਸੁਰੱਖਿਆ ਪ੍ਰੀਸ਼ਦ ਦੇ ਗੈਰ-ਸਥਾਈ ਮੈਂਬਰ ਵਜੋਂ ਭਾਰਤ ਦਾ ਮੌਜੂਦਾ ਦੋ ਸਾਲ ਦਾ ਕਾਰਜਕਾਲ ਦਸੰਬਰ ਵਿੱਚ ਖਤਮ ਹੋ ਰਿਹਾ ਹੈ। ਭਾਰਤ ਇਸ ਸਮੇਂ 15 ਦੇਸ਼ਾਂ ਦੀ ਕੌਂਸਲ ਦੀ ਪ੍ਰਧਾਨਗੀ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਚੁਣੇ ਹੋਏ ਮੈਂਬਰ ਦੇ ਰੂਪ ਵਿੱਚ ਆਪਣੇ ਦੋ ਸਾਲਾਂ ਦੇ ਕਾਰਜਕਾਲ ਵਿੱਚ ਇਹ ਦੂਜੀ ਵਾਰ ਹੈ ਜਦੋਂ ਭਾਰਤ ਨੇ ਕੌਂਸਲ ਦੀ ਪ੍ਰਧਾਨਗੀ ਸੰਭਾਲੀ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)



Vinod Kumar Chumber (Chairman) 510-953-9800



Ram Lubhaya (President) 408-449-1105



Naresh Kumar (Secretary) 510-857-4551



Sohan Singh Dhanda (Treasurer) 510-200-6649


















# ਅਜੋਕੇ ਮਨੁੱਖਤਾ ਦੀ ਮਾਨਸਿਕਤਾ ਪੇਸ਼ ਕਰਦਾ "ਉਧਾਰੀ ਛਾਂ" ਕਾਵਿ ਸੰਗ੍ਰਹਿ

**ਕਾਵਿ ਸੰਗ੍ਰਹਿ -ਉਧਾਰੀ ਛਾਂ**
**ਲੇਖਕ-ਕੈਪਟਨ ਚਮਕੌਰ ਸਿੰਘ ਚਹਿਲ**
**ਫੋਨ-9876414430**
**ਪੰਨੇ -135, ਮੁੱਲ-280**
**ਪ੍ਰਕਾਸ਼ਕ -ਜੌਹਰਾ ਪਬਲੀਕੇਸ਼ਨ, ਪਟਿਆਲਾ**

ਕੈਪਟਨ ਚਮਕੌਰ ਸਿੰਘ ਚਹਿਲ ਪੰਜਾਬੀ ਸਾਹਿਤ ਦਾ ਸੂਖਮ ਸੋਚ ਦਾ ਕਵੀ ਹੈ। ਉਹਨਾਂ ਦੀਆਂ ਕਵਿਤਾਵਾਂ ਚ ਮਨੁੱਖੀ ਵਰਤਾਰਿਆਂ ਦੀ ਮਾਨਸਿਕਤਾ ਦਾ ਜ਼ਿਕਰ ਹੁੰਦਾ ਹੈ। ਸਮਾਜਿਕ, ਮਾਨਸਿਕ, ਪਰਿਵਾਰਕ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਦਾ ਨਿੱਘ ਅਤੇ ਇਸਦੀ ਆੜ ਚ ਚਾਲਬਾਜ਼ੀ ਸੋਚ ਦੇ ਪਾਜ਼ ਉਧੇੜਦੀਆਂ ਕਵਿਤਾਵਾਂ ਦੇ ਸਮੂਹ ਦਾ ਕਵੀ ਇੱਕ ਮੁਕੰਮਲ ਦਸਤਾਵੇਜ਼ ਹੈ। ਮਾਨਵੀ ਜੀਵਨ ਦੀਆਂ ਗਹਿਰਾਈਆਂ, ਗੈਰ ਸਮਾਜਿਕ ਗਤੀਵਿਧੀਆਂ ਦੀ ਪੂਰਤੀ ਪ੍ਰਤੀ ਮਾਨਸਿਕਤਾ ਦੇ ਗੰਧਲੇਪਣ, ਸਮਾਜ ਅਤੇ ਦੇਸ਼ ਚ ਵਾਪਰ ਰਹੀਆਂ ਗੈਰ ਮਾਨਵੀ ਘਟਨਾਵਾਂ ਪ੍ਰਤੀ ਸੌੜੀ ਮਾਨਵਵਾਦੀ ਸੋਚ, ਨਾਰੀ ਦੀ ਸਮਾਜਿਕ, ਮਾਨਸਿਕ ਜ਼ਲੀਲਤਾਂ ਜਿਹੇ ਵਿਸ਼ਿਆਂ ਤੇ ਆਧਾਰਿਤ ਇਹ ਕਾਵਿ ਸੰਗ੍ਰਹਿ ਸਮਾਜ ਸੁਧਾਰਕਾਂ, ਵਿਦਵਾਨਾਂ, ਸ਼ਾਸਤਰੀਆਂ ਨੂੰ ਸੂਖਮਦਰਸ਼ੀ ਬਣਕੇ ਸੋਚਣ ਲਈ ਮਜਬੂਰ ਕਰਦਾ ਹੈ। ਕਵੀ ਸਮਾਜਿਕ ਨਾਬਰਾਬਰੀ, ਬੇਵਸੀ, ਕਿਸਾਨਾਂ, ਮਜ਼ਦੂਰਾਂ, ਕਿਰਤੀਆਂ ਦੀ ਮਿਸਾਲ ਨਾਲ ਆਪਣੀ ਸੋਚ ਦੀ ਸੰਵੇਦਨਸ਼ੀਲਤਾ ਵਿਅਕਤ ਕਰਦਾ ਹਮਦਰਦੀ ਜਿਤਾਉਂਦਾ ਹੈ।ਲੇਖਕ ਨੇ ਜ਼ਿੰਦਗੀ ਦੇ ਵੰਨ ਸੁਵੰਨੇ ਰੰਗਾਂ, ਸਮਾਜਿਕ ਕੁਰੀਤੀਆਂ, ਸੱਭਿਆਚਾਰਕ ਗੰਧਲੇਪਣ ਨੂੰ ਤਰਕਸ਼ੀਲਤਾਂ ਨਾਲ ਕਾਵਿਕ ਸ਼ੈਲੀ ਵਿੱਚ ਕਲਮਬੱਧ ਕੀਤਾ ਹੈ।




ਲੇਖਕ ਨੇ ਫੌਜ ਦੀ ਮੌਤ ਤੋਂ ਨਿਡਰ ਰਫ਼ਲਾਂ ਦੀ ਛਾਵੇਂ ਹੰਢਾਈ ਜ਼ਿੰਦਗੀ ਅਤੇ ਤਨ ਤੇ ਹੰਢਾਏ ਨਿੱਜੀ ਤਜਰਬਿਆਂ ਅਤੇ ਸਮਾਜਿਕ ਵਰਤਾਰਿਆਂ ਨੂੰ ਸੂਖਮਤਾ ਨਾਲ ਵਾਚਿਆ ਅਤੇ ਉਹਨਾਂ ਵਿਸ਼ਿਆਂ ਨੂੰ ਆਪਣੀ ਕਾਵਿ ਸਿਰਜਣਾ ਦਾ ਆਧਾਰ ਬਣਾਇਆ ਜੋ ਸਰਕਾਰਾਂ ਅਤੇ ਸਮਾਜ ਵਿਰੋਧੀ ਸੋਚ ਵਾਲੀਆਂ ਧਿਰਾਂ ਤੇ ਕਰਾਰੀ ਚੋਟ ਹਨ। ਕਵੀ ਨੇ ਕਵਿਤਾਵਾਂ ਦੇ ਵਿਸ਼ਿਆਂ ਨੂੰ ਗੰਭੀਰਤਾ ਨਾਲ ਭਾਂਪਦਿਆਂ ਕਵਿਤਾਵਾਂ ਵਿੱਚ ਉਭਾਰਿਆ ਹੈ ਕਿ ਦੇਸ਼ ਦੀ ਇੱਕ ਜਮਾਤ ਵਿਸ਼ੇਸ਼ ਆਪਣੇ ਨਿੱਜੀ ਮੁਫਾਦਾਂ ਲਈ ਸਭ ਹਿੱਤਾਂ ਨੂੰ ਆਪਣੇ ਹਿੱਤਾਂ ਚ ਵਰਤਣ ਤੋਂ ਗੁਰੇਜ਼ ਨਹੀਂ ਕਰਦੀ ,ਉੱਪਰ ਚਿੰਤਾ ਪ੍ਰਗਟ ਕੀਤੀ ਹੈ।

ਲੇਖਕ ਕੈਪਟਨ ਚਮਕੌਰ ਸਿੰਘ ਚਹਿਲ ਦੀ ਇਹ ਪਹਿਲੀ ਪੁਸਤਕ ਹੈ ਜੋ ਉਹਨਾਂ ਆਪਣੇ ਮਾਪਿਆਂ ਨੂੰ ਸਮਰਪਿਤ ਕੀਤੀ ਹੈ। ਕਵਿਤਾਵਾਂ ਦੀ ਸਿਰਜਣਾ ਬੇਸ਼ੱਕ ਲੰਮੇਰੀ ਹੈ,ਪਰ ਪਾਠਕ ਨੂੰ ਅਕੇਵਾਂ ਮਹਿਸੂਸ ਮਹਿਸੂਸ ਹੋਣ ਬਜਾਇ ਦਿਲਚਸਪੀ ਪੈਦਾ ਹੁੰਦੀ ਹੈ।ਕਵੀ ਮਾਨਵੀ ਹਿੱਤਾਂ ਦੀ ਹਿੱਕ ਠੋਕਵੀਂ ਹਮਾਇਤ ਕਰਦਾ ਹੈ ਅਤੇ ਹਮਾਇਤੀਆਂ ਨੂੰ ਉਤਸ਼ਾਹਿਤ ਅਤੇ ਪ੍ਰੇਰਤ ਵੀ ਕਰਦਾ ਹੈ। ਕਵਿਤਾਵਾਂ ਦੀ ਗੁਣਾਤਮਕਤਾ ਇਸੇ ਗੱਲ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਲੇਖਕ ਦੀ ਲੰਮੀ ਕਵਿਤਾ ਦੀ ਸਿਰਜਣਾ ਵੀ ਮਾਨਵੀ ਸੋਚ ਦੀ ਗੰਭੀਰਤਾ ਅਤੇ ਪ੍ਰਤੀਬੱਧਤਾ ਦੀ ਪਕੜ ਨੂੰ ਢਿੱਲੀ ਨਹੀਂ ਹੋਣ ਦਿੰਦੀ।

ਫ਼ਤਹਿਗੜ੍ਹ ਸਾਹਿਬ (ਸਰਹਿੰਦ)ਦੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸ਼ਰਧਾਂਜਲੀ ਇੱਕ ਨਿਵੇਕਲੀ ਸੋਚ ਦਾ ਪ੍ਰਗਟਾਵਾ ਹੈ। ਕਵਿਤਾਵਾਂ ਚਿੜੀਆਂ, ਸਰਹੱਦਾਂ, ਉਧਾਰੀ ਛਾਂ, ਗੁਰੂ ਗੋਬਿੰਦ ਸਿੰਘ ਜੀ, ਮੈਂ ਪੰਜਾਬ ਬੋਲਦਾਂ ਹਾਂ,ਬਦਲਦੇ ਰਿਸ਼ਤੇ ਜਾਂ ਚਿਹਰੇ,ਕੌੜਾ ਸੱਚ,ਅਧੂਰਾ ਗੀਤ,ਆਤਮ ਹੱਤਿਆਂ, ਕੁੜੀਆਂ ਚਿੜੀਆਂ, ਮੈਂ ਇੱਜ਼ਤ ਪੰਜਾਬ ਦੀ, ਕਵਿਤਾ ਦਾ ਦਰਦ ਆਦਿ ਕਵਿਤਾਵਾਂ ਲੇਖਕ ਨੇ ਆਪਣੀ ਨਿਵੇਕਲੀ ਸਿਰਜਣਾਤਮਕ ਪ੍ਰਤਿਭਾ ਦੀ ਵਿਲੱਖਣਤਾ ਹੈ। ਕਾਵਿ ਸੰਗ੍ਰਹਿ ਪੜਨ ਉਪਰੰਤ ਜਿੱਥੇ ਸੋਚ ਵਿੱਚ ਤਰਕਸੰਗਤਾ ਆਉਂਦੀ ਹੈ ਉੱਥੇ ਸੋਚ ਵਿੱਚ ਸੂਖਮਤਾ ਵੀ ਪ੍ਰਪੱਕ ਹੁੰਦੀ ਹੈ।



ਅਸਾਡੀ ਵੀ ਇਹੋ ਦੁਆ ਹੈ ਕਿ ਇਹ ਕਲਮ ਕਿਸੇ ਅੱਲ੍ਹੜ ਦਰਿਆ ਦੇ ਵਹਿਣ ਵਾਂਗ ਮੁਸੱਲਸਲ ਕੋਰੇ ਕਾਗਜ਼ ਦੀਆਂ ਹਿੱਕਾਂ ਤੇ ਕਵਿਤਾਵਾਂ ਝਰੀਟਦੀ ਰਵੇ।

**ਰਿਵਿਊਕਾਰ – ਇੰਜੀ ਸਤਨਾਮ ਸਿੰਘ ਮੱਟੂ**
**91-97797-08257**

# 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 27-28-29 ਜਨਵਰੀ 2023 ਨੂੰ ਹੋਣਗੀਆਂ

## ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ, ਮਹਿੰਦਰਪ੍ਰਤਾਪ ਗਰੇਵਾਲ ਹਾਕੀ ਕੱਪ ਹੋਣਗੇ ਖੇਡਾਂ ਦੇ ਮੁੱਖ ਆਕਰਸ਼ਨ





ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਦੀ ਜਰੂਰੀ ਮੀਟਿੰਗ ਅੱਜ ਜਰਖੜ ਖੇਡ ਸਟੇਡੀਅਮ ਵਿਖੇ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 35ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਨਵੇਂ ਸਾਲ 27-28-29 ਜਨਵਰੀ 2023 ਨੂੰ ਕਰਵਾਉਣ ਦਾ ਫੈਸਲਾ ਕੀਤਾ ਹੈ। ਟਰੱਸਟ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੰਨਾ ਖੇਡਾਂ ਵਿੱਚ ਹਾਕੀ, ਕਬੱਡੀ, ਵਾਲੀਵਾਲ ਸ਼ੂਟਿੰਗ, ਮੁੱਕੇਬਾਜ਼ੀ, ਕੁਸ਼ਤੀਆਂ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਜਿਸ ਵਿੱਚ ਮਹਿੰਦਰਪ੍ਰਤਾਪ ਗਰੇਵਾਲ ਗੋਲਡ ਕੱਪ ਹਾਕੀ , ਨਾਇਬ ਸਿੰਘ ਗਰੇਵਾਲ ਜੋਧਾ ਓਪਨ ਕਬੱਡੀ ਕੱਪ, ਅਮਰਜੀਤ ਗਰੇਵਾਲ ਵਾਲੀਬਾਲ ਕੱਪ ਖੇਡਾਂ ਦਾ ਮੁੱਖ ਆਕਰਸ਼ਨ ਹੋਣਗੇ। ਜਰਖੜ ਖੇਡਾਂ ਦਾ ਉਦਘਾਟਨੀ ਅਤੇ ਸਮਾਪਤੀ ਸਮਾਰੋਹ ਬੇਹੱਦ ਲਾਜਵਾਬ ਹੋਵੇਗਾ। ਫਾਈਨਲ ਸਮਾਰੋਹ ਤੇ ਖੇਡਾਂ ਅਤੇ ਸਮਾਜ ਸੇਵੀ ਕੰਮਾਂ ਨੂੰ ਸਮਰਪਿਤ 6 ਸਖਸ਼ੀਅਤ ਦਾ ਵਿਸ਼ੇਸ਼ ਐਵਾਰਡਾ ਨਾਲ ਸਨਮਾਨ ਹੋਵੇਗਾ ਅਤੇ ਨਾਮੀ ਗਾਇਕ ਦਾ ਫਾਈਨਲ ਸਮਾਰੋਹ ਤੇ ਖੁੱਲ੍ਹਾ ਅਖਾੜਾ ਲੱਗੇਗਾ। ਅੱਜ ਦੀ ਮੀਟਿੰਗ ਵਿੱਚ ਚੈਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਜਗਰੂਪ ਸਿੰਘ ਜਰਖੜ, ਇੰਸਪੈਕਟਰ ਬਲਬੀਰ ਸਿੰਘ, ਪ੍ਰਧਾਨ ਹਰਕਮਲ ਸਿੰਘ ਮੇਘੋਵਾਲ, ਕੁਲਦੀਪ ਸਿੰਘ ਘਵੱਦੀ, ਪਹਿਲਵਾਨ ਹਰਮੇਲ ਸਿੰਘ ਕਾਲਾ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਲਕਸੇ ਭਾਰਤੀ ਸਹਾਇਕ ਮਲ-ਹੋਤਰਾ ਗਰੁੱਪ, ਸੰਦੀਪ ਸਿੰਘ ਪੰਧੇਰ, ਸਾਹਿਬਜੀਤ ਸਿੰਘ ਸਾਬੀ ਜਰਖੜ, ਮਨਜਿੰਦਰ ਸਿੰਘ ਇਯਾਲੀ, ਰਜਿੰਦਰ ਸਿੰਘ ਜਰਖੜ, ਲਖਬੀਰ ਸਿੰਘ ਜਰਖੜ, ਦਲਵੀਰ ਸਿੰਘ ਜਰਖੜ ਫੋਟੋ ਕਲਾਕਾਰ, ਗੁਰਤੇਜ ਸਿੰਘ ਬੋੜਾ ਹਾਈ, ਕੋਚ ਗੁਰਸਤਿੰਦਰ ਸਿੰਘ ਪਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਮੀਤ ਸਿੰਘ ਚੁੱਬਕੀ, ਬੂਟਾ ਸਿੰਘ ਗਿੱਲ, ਰਜਿੰਦਰ ਸਿੰਘ ਗਿੱਲ, ਪਹਿਲਵਾਨ ਪਰਮਦੀਪ ਬੀਲਾ ਅਮਰੀਕਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਜਰਖੜ ਖੇਡਾਂ ਦੇ ਅੰਤਿਮ ਫੈਸਲਿਆ ਲਈ ਅਗਲੀ ਮੀਟਿੰਗ 18 ਦਸੰਬਰ ਨੂੰ ਹੀ ਜਰਖੜ ਖੇਡ ਸਟੇਡੀਅਮ ਵਿਖੇ ਹੋਵੇਗੀ। ਜਿਸ ਵਿੱਚ ਸਨਮਾਨਿਤ ਸਖਸ਼ੀਅਤ ਅਤੇ ਰਾਜਸੀ ਪ੍ਰਬੰਧਾ ਅਤੇ ਹੋਰ ਫੈਸਲਿਆ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।


## ਯਾਦਾਂ ਦਾ ਪਸ਼ਮੀਨਾ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਜਸਪਾਲ ਧਾਮੀ**
**ਪ੍ਰਕਾਸ਼ਕ: 5 ਆਬ ਪ੍ਰਕਾਸ਼ਨ ਜਲੰਧਰ, ਪੰਨੇ: 152, ਮੁੱਲ:200/-**

'ਯਾਦਾਂ ਦਾ ਪਸ਼ਮੀਨਾ' ਪੁਸਤਕ ਦਾ ਰਚਨਹਾਰਾ ਅਜਕਲ ਕਨੇਡਾ ਵਸਦਾ ਹੈ।ਮੈਂਨੂੰ ਯਾਦ ਹੈ ਜਦੋਂ ਉਹਨਾਂ ਆਪਣੇ ਸਾਹਿਤਕ ਸਫਰ ਦਾ ਆਰੰਭ ਕੀਤਾ ਤਾਂ ਹੁਸ਼ਿਆਰਪੁਰ ਦੀਆਂ ਸਾਹਿਤਕ ਮਹਿਫਲਾਂ ਵਿਚ ਇਕੱਠੇ ਅਭਿਆਸ ਕਰਦੇ ਰਹੇ। ਪਰਦੇਸਾਂ ਵਿਚ ਜਾ ਕੇ ਵੀ ਉਸਨੇ ਆਪਣੀ ਕਲਾ ਨੂੰ ਮਰਨ ਨਹੀਂ ਦਿੱਤਾ ਸਗੋਂ ਮਿਹਨਤ ਅਤੇ ਮੁਸ਼ੱਕਤਕ ਨਾਲ ਨਿਖਾਰਿਆ ਤੇ ਸ਼ਿੰਗਾਰਿਆ। ਇਸ ਗ਼ਜ਼ਲ ਸੰਗ੍ਰਹਿ ਦਾ ਪਾਠ ਕਰਦਿਆਂ ਪਾਠਕ ਨੂੰ ਜਿਥੇ ਪਰਦੇਸਾਂ ਦੇ ਦੁੱਖਾਂ ਦਰਦਾਂ ਦਾ ਗਿਆਨ ਹੁੰਦਾ ਹੈ ਉਥੇ ਪੰਜਾਬ ਵਿਚ ਆ ਰਹੇ ਪਰਿਵਰਤਨਾਂ ਦਾ ਵੀ ਪਤਾ ਲੱਗਦਾ ਹੈ। ਜ਼ਿੰਦਗੀ ਦੀ ਦੌੜ ਵਿਚ ਮਿਲਦੀਆਂ ਦੁਸ਼ਵਾਰੀਆਂ ਅਤੇ ਸੁੱਖਾਂ ਦਾ ਇਹ ਪੁਸਤਕ ਇਕ ਮਿਸ਼ਰਨ ਹੈ।ਉਹਨਾਂ ਦੀ ਸ਼ਾਇਰੀ ਵਿਚ ਨਵੀਆਂ ਬਾਤਾਂ ਪਾਉਣ ਦਾ ਯਤਨ ਕੀਤਾ ਗਿਆ ਹੈ। ਸੁਰ ਅਤੇ ਲੈਅ ਨੂੰ ਕਾਇਮ ਰੱਖਦਿਆਂ ਨਵੇਂ ਮੁਹਾਵਰੇ ਸਿਰਜੇ ਗਏ ਹਨ। ਕਿਤੇ ਉਹ ਆਪਣੇ ਨਿਜੀ ਪਿਆਰੀ ਦੀ ਬਾਤ ਪਾਉਂਦਾ ਪੂਰੇ ਸੰਸਾਰ ਦੇ ਵਤੀਰੇ ਦਾ ਚਿੱਤਰ ਪੇਸ਼ ਕਰ ਜਾਂਦੇ ਹਨ। ਇਹਨਾਂ ਗਜ਼ਲਾਂ ਵਿਚ ਵਿਰਾਸਤੀ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਤਾਂ ਕਿ ਨਵੀਂ ਪਨੀਰੀ ਆਪਣੇ ਮੁੱਢ ਨਾਲ ਜੁੜੀ ਰਹੇ।

ਅਸਲ ਵਿਚ ਪੁਸਤਕ ਦਾ ਮਨੋਰਥ ਜਿਥੇ ਆਪਣੀ ਧਰਤੀ ਨਾਲ ਮੋਹ ਪਾਲਣਾ ਹੈ ਉਥੇ ਨਵੀਂ ਪਨੀਰੀ ਅੰਦਰ ਆਪਣੀ ਮਾਤ ਭਾਸ਼ਾ ਅਤੇ ਅਮੀਰ ਵਿਰਾਸਤ ਪ੍ਰਤੀ ਹੇਜ਼ ਪੈਦਾ ਕਰਨਾ ਹੈ।ਜਿਹੜੀ ਪੀੜ੍ਹੀ ਆਪਣੇ ਮੂਲ ਨੂੰ ਭੁੱਲ ਕੇ ਤਕਨੀਕ ਨੂੰ ਹੀ ਸਭ ਕੁਝ ਸਮਝੀ ਬੈਠੀ ਹੈ ਉਹਨਾਂ ਨੂੰ ਪਿੰਡ ਦੇ ਲੋਕਾਂ, ਬੋਹੜਾਂ, ਪਿੱਪਲਾਂ ਅਤੇ ਛੱਪੜਾਂ ਨਾਲ ਜੋੜਨਾ ਹੈ। ਅਜਿਹਾ ਕਰਕੇ ਵਾਤਾਵਰਨ ਦੀ ਸ਼ੁੱਧਤਾ ਅਤੇ ਮਨ ਦੀ ਨਿਰਮਲਤਾ ਦਾ ਸੁਨੇਹਾ ਦਿੱਤਾ ਗਿਆ ਹੈ।

ਜਸਪਾਲ ਧਾਮੀ ਨੇ ਗਜ਼ਲ ਲਿਖਣ ਵੇਲੇ ਆਰੂਜ ਅਤੇ ਪਿੰਗਲ ਦਾ ਖਿਆਲ ਰੱਖਿਆ ਹੈ।ਵਿਸ਼ਾ ਵਸਤੂ ਪੂਰੇ ਸੰਸਾਰ ਅਤੇ ਪੂਰੇ ਅਵਾਮ ਦਾ ਆਪਣੇ ਕਲਾਵੇ ਵਿਚ ਲਿਆ ਹੈ। ਹਰ ਵੰਨਗੀ ਇਕ ਨਵੀਂ ਰੌਸ਼ਨੀ ਨਾਲ ਪੇਸ਼ ਹੁੰਦੀ ਹੈ ਜੋ ਪਾਠਕ ਦੇ ਮਨ ਵਿਚ ਇਕ ਨਵਾਂ ਰਾਗ ਛੇੜਦੀ ਹੈ। ਉਹ ਰਾਗ ਹੈ ਉੱਚੀ ਸੁੱਚੀ ਲਗਨ ਵਰਗੇ ਉਚੇਰੇ ਗੁਣਾਂ ਦਾ। ਅਸਲ ਵਿਚ ਕਵੀ ਨੇ ਸਾਨੂੰ ਗੁਣਵਾਨ ਬਣਕੇ ਆਪਣੇ ਆਲੇ ਦੁਆਲੇ ਨੂੰ ਸ਼ਿੰਗਾਰਨ ਅਤੇ ਸੁਆਰਨ ਲਈ ਤਿਆਰ ਕੀਤਾ ਹੈ ਤਾਂ ਕਿ ਇਹ ਸੰਸਾਰ ਮਨੱਖ ਅਤੇ ਮਨੁੱਖਤਾ ਦਾ ਹਿਤੈਸ਼ੀ ਬਣਿਆ ਰਹੇ।




ਆ ਬਚਾ ਲਈਏ ਇਹਨੂੰ
ਮੁੜ, ਪਾਣੀ ਪਾ
ਸੰਵਾਦ ਦੇ
ਵਰਨਾ ਸਾਡੀ ਸਾਂਝ ਦਾ
ਇਹ ਬਿਰਖ ਸੁੱਕਦਾ
ਜਾ ਰਿਹਾ।

ਸਮਾਜ ਵਿਚ ਬੰਦ ਪਈ ਵਾਰਤਾਲਾਪ ਨੂੰ ਤੋਰ ਕੇ ਉਹ ਹਰ ਕਿਸੇ ਦੇ ਦੁਖਾਂ ਨੂੰ ਹਰਨ ਦੇ ਆਹਰ ਵਿਚ ਹੈ।ਕਵੀ ਨੂੰ ਯਾਦਾਂ ਦੇ ਪੰਖੇਰੂ ਹਰ ਰੋਜ਼ ਤੰਗ ਕਰਦੇ ਹਨ। ਜਿਸ ਕਰਕੇ ਉਹ ਯਾਦਾਂ ਨੂੰ ਸੁਰਮਈ ਬਨਾਉਣ ਲਈ ਗਜ਼ਲਾਂ ਦੀ ਸਿਰਜਣਾ ਵਿਚ ਜੁਟ ਜਾਂਦੇ ਹਨ।ਇਸ ਗਜ਼ਲ ਸੰਗ੍ਰਹਿ ਵਿਚ ਦਰਜ ਹਰ ਗਜ਼ਲ ਸਾਡੇ ਕਾਰ ਵਿਹਾਰ ਤੇ ਵਿਅੰਗ ਜਾਂ ਚੋਟ ਕਰਦੀ ਹੋਈ ਸਹੀ ਹਾਰ ਦਿਖਾਉਂਦੀ ਹੈ। ਪੁਸਤਕ ਦੀ ਵੰਨ-ਸੁਵੰਨਤਾ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਕਵੀ ਦੀ ਕਾਵਿਕ ਉਡਾਰੀ ਇਸ ਪੁਸਤਕ ਰਾਹੀਂ ਜਿੱਥੇ ਲੰਮੇਰੀ ਹੋਈ ਹੈ ਓਥੇ ਉਚੇਰੀ ਵੀ ਹੋਈ ਹੈ।ਕਵੀ ਦੇ ਇਸ ਵਡਮੁੱਲੇ ਉਪਰਾਲੇ ਦੀ ਦਾਦ ਦਿੰਦਾ ਹੋਇਆ ਅਜਿਹੀਆਂ ਹੋਰ ਵੀ ਕਿਰਤਾਂ ਦੀ ਉਡੀਕ ਰੱਖਦਾ ਹਾਂ।

**ਸੰਪਾਦਕ ਨਿੱਕੀਆਂ ਕਰੂੰਬਲਾਂ**
**ਮਾਹਿਲਪੁਰ (ਹੁਸ਼ਿਆਰਪੁਰ)**


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com





## ਦਾਦਾ-ਪੋਤੀ

ਦਾਦਾ ਪੋਤੀ ਨੂੰ , ਲਾਡ ਲਾਡਵੇ,
ਪੋਤੀ ਵੀ ਦਾਦੂ ਕੋਲ, ਭੱਜ ਭੱਜ ਜਾਵੇ,
ਸਦਕੇ ਨੀਂ ਜਾਵਾਂ, ਧੀ ਰਾਣੀਏ ।

ਭੋਲੀ ਤੇਰੀ, ਸੂਰਤ ਸੋਹਣੀ,
ਸਭਨਾਂ ਦੇ, ਮਨ ਨੂੰ ਮੋਹਣੀ,
ਆ ਖੇਡਾਂ ਖੇਡੀਏ, ਧੀ ਰਾਣੀਏ ।

ਤੇਰੀ ਮਾਸੂਮੀਅਤ 'ਤੇ,
ਦਿਲ ਖਿੜ-ਖਿੜ ਜਾਂਦਾ,
ਮੋਹ ਜਿਹਾ ਆਪੇ ਆਉਂਦਾ, ਧੀ ਰਾਣੀਏ ।

ਬਚਪਨ ਹੈ, ਕਿੰਨਾ ਪਿਆਰਾ,
ਰੱਬ ਵਰਗਾ, ਚਿਹਰਾ ਨਿਆਰਾ,
ਤੇਰੇ ਤੋਂ ਵਾਰੋਂ ਵਾਰੀ ਜਾਵਾਂ, ਧੀ ਰਾਣੀਏ ।

ਜਿਸ ਘਰ ਵਿਚ, ਧੀਆਂ ਹੋਵਣ,
ਰੌਣਕਾਂ ਉਥੇ "ਬਲਜਿੰਦਰ", ਖੁਦ ਆ ਜਾਵਣ,
ਫੁੱਲਾਂ ਵਾਂਗ ਸਦਾ ਖਿੜੀ ਰਹਿਣਾ, ਧੀ ਰਾਣੀਏ ।

**– ਬਲਜਿੰਦਰ ਕੌਰ ਸ਼ੇਰਗਿੱਲ**
**91-98785-19278**

# ਗਲੇਸ਼ੀਅਰ ਨੈਸ਼ਨਲ ਪਾਰਕ ਮੋਨਟਾਨਾ ਅਮਰੀਕਾ ਦੀ ਯਾਤਰਾ

## ਜਦੋਂ ਪੰਛੀਆਂ ਨੇ ਸਾਨੂੰ ਗਾਲ੍ਹਾਂ ਕੱਢੀਆਂ

ਮੰਗਤ ਕੁਲਜਿੰਦ



ਕੁਦਰਤ ਨੇ ਸਾਰਾ ਬ੍ਰਹਿਮੰਡ ਹੀ ਬੜਾ ਸੁੰਦਰ ਅਤੇ ਅਜੀਬੋ^ਗਰੀਬ ਬਣਾਇਆ ਹੈ.ਧਰਤੀ, ਕੁਦਰਤ ਵੱਲੋਂ ਸਿਰਜੀ ਵਿਲੱਖਣਤਾਵਾਂ ਨਾਲ ਭਰੀ ਸੌਗਾਤ ਹੈ.ਜੀਵ ਪ੍ਰਾਣੀਆਂ ਦੀ ਉਤਸੁਕਤਾ ਇਹਨੂੰ ਗਾਹੁੰਣ ਲਈ ਸਦਾ ਬਣੀ ਰਹਿੰਦੀ ਹੈ ਜਾਂ ਕਹਿ ਲਉ ਆਪਣੇ ਰੈਣ-ਬਸੇਰੇ ਤੋਂ ਕੁਝ ਸਮੇਂ ਲਈ ਮੋਹਲਤ ਲੈਕੇ ਧਰਤੀ ਨੂੰ ਵੇਖਣ, ਪਰਖਣ, ਸਮਝਣ ਲਈ ਤਰਲੇ ਲੈਂਦਾ ਰਹਿੰਦਾ ਹੈ 'ਤੇ ਜਦੋਂ ਹੀ ਢੁਕਵਾਂ ਮੌਕਾ ਮਿਲਦਾ ਹੈ, ਨਿਕਲ ਪੈਂਦਾ ਹੈ- ਘਰੋਂ ਧਰਤੀ ਦੇ ਕਿਸੇ ਵੀ ਕੋਨੇ ਤੇ ਚਲੇ ਜਾਉ ਕੁਝ ਨਾ ਕੁਝ ਮਨ ਨੂੰ ਲੁਭਾਉਣ ਵਾਲਾ ਮਿਲ ਹੀ ਜਾਵੇਗਾ, ਬਨਸਪਤੀ, ਪੌਣ ਪਾਣੀ, ਪਹਾੜ, ਮਿੱਟੀ, ਰੇਤ, ਸਮੁੰਦਰ ਗੱਲ ਕੀ ਕੋਈ ਜਗਾਹ ਐਸੀ ਨਹੀਂ ਜੋ ਆਪਣੀ ਨਿਵੇਕਲੀ ਛਾਪ ਨਾ ਛੱਡਦੀ ਹੋਵੇ. ਉਂਝ ਅਮਰੀਕਾ ਤਾਂ ਅਮਰੀਕਨਾਂ ਨੇ ਚੱਪਾ ਚੱਪਾ ਵੇਖਣ ਯੋਗ ਬਣਾ ਛੱਡਿਆ ਹੈ.ਜਿੱਥੇ ਕਿਤੇ ਚਾਰ ਛਿੱਟਾਂ ਪਾਣੀ ਦੀਆਂ ਟੋਏ ਟਿੱਬੇ *ਚ ਇਕੱਠੀਆਂ ਹੋ ਗਈਆਂ, ਇਹਨਾਂ ਨੇ ਉਸ ਦੇ ਆਸੇ ਪਾਸੇ ਬੂਟੇ, ਪੌਦੇ, ਘਾਹ ਉਗਾਕੇ, ਫੁਟ ਪਾਥ ਬਣਾਕੇ, ਪਾਣੀ ਨੂੰ ਸਾਫ ਸੁਥਰਾ ਕਰਕੇ, ਸੜਕਾਂ ਬਣਾ ਕੇ, ਝੀਲਾਂ ਬਣਾ ਦਿੱਤੀਆਂ ਅਤੇ ਉਥੋਂ ਹੀ ਦੇਸ਼ ਦੇ ਖਜ਼ਾਨੇ ਲਈ ਕਰੋੜਾਂ ਡਾਲਰ ਕਮਾਉਣ ਦਾ ਇੰਤਜ਼ਾਮ ਕਰ ਲਿਆ.ਕੁਦਰਤ ਨੇ ਵੀ ਪਹਾੜਾਂ ਝੀਲਾਂ ਦਾ ਇੱਥੇ ਹੜ ਲਿਆ ਰੱਖਿਆ ਹੈ.ਪਹਾੜਾਂ ਝੀਲਾਂ ਦਾ ਮਿਸ਼ਰਣ 'ਗਲੇਸ਼ੀਅਰ ਨੈਸ਼ਨਲ ਪਾਰਕ' ਅਮਰੀਕਾ ਦੀ ਮੋਨਟਾਨਾ ਸਟੇਟ ਵਿੱਚ ਹੈ ਅਤੇ ਇਸ ਦਾ ਕੁਝ ਹਿੱਸਾ ਕੈਨੇਡਾ ਵਿੱਚ ਵੀ ਹੈ।

ਮੇਰੇ ਦੋਸਤ ਭਾਰਤ ਤੋਂ ਭੋਜ਼ ਰਾਜ ਅਤੇ





ਕਨੈਕਟੀਕੱਟ ਸਟੇਟ ਯੂ ਐਸ ਏ, ਤੋਂ ਜਰਨੈਲ ਸਿੰਘ ਸਿਆਟਲ ਆਏ ਹੋਏ ਸਨ.ਸਿਆਟਲ ਤੋਂ ਪਾਰਕ ਤੱਕ ਦਾ ਰਸਤਾ ਪੰਜ ਸੌ ਮੀਲ ਤੋਂ ਉਪਰ ਹੈ। ਦੋ ਰਸਤੇ ਇਕ ਤਾਂ 'ਆਈ-90 ਨੈਸ਼ਨਲ ਹਾਈਵੇਅ' ਜੋ ਕਿ ਸਿਆਟਲ ਸ਼ਹਿਰ ਦੇ ਵਿੱਚ ਦੀ ਲੰਘਦੀ ਆਈ-5 ਦੇ ਕੋਲੋਂ 'ਟੀ ਮੋਬਾਈਲ ਪਾਰਕ' ਤੋਂ ਸ਼ੁਰੂ ਹੋਕੇ ਪੂਰਬੀ ਦਿਸ਼ਾ ਨੂੰ ਜਾਂਦੀ ਇਹ ਨੈਸ਼ਨਲ ਹਾਈਵੇਅ ਹੈ ਜਦੋਂ ਕਿ ਹਾਈਵੇਅ ਨੰ.-2 ਜੋ ਕਿ ਆਈ-5 ਐਵਰੈਟ ਕੋਲੋਂ ਸ਼ੁਰੂ ਹੁੰਦੀ ਹੈ। ਦੋਨਾਂ ਹਾਈਵੇਅ ਰੂਟਾਂ ਉਪਰ ਸੈਲਾਨੀਆਂ ਲਈ ਰੋਮਾਂਚ ਤਾਂ ਹੈ ਹੀ, ਨਾਲ ਦੀ ਨਾਲ ਚੁਣੌਤੀਆਂ ਵੀ ਹਨ- ਕਈ ਥਾਵਾਂ ਤੇ ਬਰਫ ਪੈਂਦੀ ਜਾਂ ਆਪਣਾ ਰਾਜ ਜਮਾਈ ਬੈਠੀ ਹੁੰਦੀ ਹੈ। ਪਹਾੜ, ਨਦੀਆਂ, ਝੀਲਾਂ ਥਾਂ ਪਰ ਥਾਂ ਮਿਲਦੀਆਂ ਹਨ.ਹਾਈ ਵੇਅ-2 ਉਪਰ ਵੇਖਣ ਵਾਲੀਆਂ ਥਾਵਾਂ 'ਸਕੀਇੰਗ ਪਲੇਸ-ਸਟੀਵਨ ਪਾਸ, ਲੈਵਨਵਰਥ, ਸੱਨੀਸਲੋਪਜ਼ ਏਅਰਵੇ ਹਾਈਟ,' ਹਨ। ਮਸ਼ਹੂਰ ਸ਼ਹਿਰ 'ਸਪੋਕੇਨ' ਵੀ ਹੈ। ਇਡਾਹੋ ਸਟੇਟ ਲੰਘ ਕੇ ਮੌਨਟਾਨਾ ਸਟੇਟ ਆ ਜਾਦੀ ਹੈ। ਕਾਫੀ ਸਫਰ ਤਹਿ ਕਰਨ ਤੋਂ ਬਾਅਦ ਗਲੇਸ਼ੀਅਰ ਨੈਸ਼ਨਲ ਪਾਰਕ ਦਾ ਦਰਵਾਜ਼ਾ ਕਿਹਾ ਜਾਂਦਾ ਮਸ਼ਹੂਰ ਸ਼ਹਿਰ 'ਕੈਲਿਸਪੈਲ' ਆ ਜਾਂਦਾ ਹੈ ਅਤੇ ਇਸ ਤੋਂ ਅੱਗੇ ਜਾਣ ਤੇ 'ਕੋਲੰਬੀਆ ਫਾਲ' ਸਿਟੀ ਤੋਂ ਬਾਅਦ ਪਾਰਕ ਸ਼ੁਰੂ ਹੁੰਦਾ ਹੈ।

ਪਰ ਅਸੀਂ ਜਾਣ ਲਈ ਅਸੀਂ ਆਈ-90 ਦਾ ਰਸਤਾ ਹੀ ਚੁਣਿਆ। ਸਿਆਟਲ ਤੋਂ ਚੱਲ ਕੇ ਅਸੀਂ ਸਾਢੇ ਪੰਜ ਘੰਟਿਆਂ ਦੇ ਸਫਰ ਵਿੱਚ 290 ਮੀਲ ਦਾ ਪੈਂਡਾ ਤਹਿ ਕਰਕੇ ਸਪੋਕੇਨ ਪਹੁੰਚ ਗਏ ਸੀ। ਰਸਤੇ ਵਿੱਚ 'ਸਨੋਕਲਮੀ ਫਾਲ' ਅਤੇ 'ਯਾਕੀਮਾ ਨਦੀ' ਸਾਈਡ ਤੇ ਰਹਿ ਜਾਂਦੇ ਹਨ. ਕਈ ਥਾਵਾਂ ਤੇ ਬਰਫ ਪਈ ਹੋਈ ਸੀ। ਇਲਾਕਾ ਜ਼ਿਆਦਾ ਕਰਕੇ ਪਹਾੜੀ ਹੀ ਸੀ.ਪਹਾੜੀ ਦਰੱਖਤਾਂ ਨਾਲ ਘਿਰੇ ਇਸ ਇਲਾਕੇ ਵਿੱਚ ਥਾਂ ਥਾਂ ਤੇ ਨਦੀਆਂ, ਝੀਲਾਂ ਹਨ। ਲੱਗਭੱਗ ਸੌ ਕੁ ਮੀਲ ਤੋਂ ਬਾਅਦ ਮੈਦਾਨੀ ਇਲਾਕਾ ਆ ਗਿਆ। ਕਈ ਥਾਵਾਂ ਤੇ ਫਸਲਾਂ ਬੀਜੀਆਂ ਹੋਈਆਂ ਸਨ। ਬਹੁਤਾ ਏਰੀਆ ਪਥਰੀਲਾ ਸੀ। ਵੈਨਟੇਜ਼ ਸ਼ਹਿਰ ਕੋਲ ਕੰਲੰਬੀਆਂ ਨਦੀ ਅਤੇ ਵਾਨਾਪੱਮ ਝੀਲ ਹੈ। ਪਥਰੀਲੇ ਪਹਾੜਾਂ ਉਪਰ ਹਵਾ ਨਾਲ ਚੱਲਦੀਆਂ ਬਿਜਲੀ ਪੈਦਾ ਕਰਨ ਲਈ ਪੌਣ-ਚੱਕੀਆਂ ਲੱਗੀਆਂ ਹੋਈਆਂ ਹਨ ਅਤੇ ਇਸੇ ਏਰੀਏ ਵਿੱਚ 'ਵੈਨਟੇਜ਼ ਬੀਚ ਅਤੇ ਵਿਲਡ ਹੌਰਸ ਮਾਨੂਮੈਂਟਸ' ਵੇਖਣ ਵਾਲੀਆਂ ਜਗਾਹ ਹਨ। ਇਸ ਹਾਈਵੇਅ ਉਪਰ 50 ਮੀਲ ਤੋਂ ਲੈ ਕੇ 80 ਮੀਲ ਦੇ ਫਾਸਲੇ ਤੇ ਰੈਸਟ-ਰੂਮ ਬਣੇ ਹੋਏ ਹਨ. ਕਾਰਾਂ, ਟਰੱਕਾਂ ਆਦਿ ਲਈ ਪਾਰਕਿੰਗ ਅੱਡ ਅੱਡ ਬਣੀ ਹੁੰਦੀ ਹੈ। ਘਾਹਾਂ ਨਾਲ ਲੱਦੇ ਪਾਰਕਾਂ ਵਿੱਚ ਕਈ ਕਈ ਰੈਸਟ ਰੂਮ ਬਣੇ ਹਨ, ਬੈਠਣ ਲਈ ਜਾਂ ਕੁਝ ਸਮੇਂ ਲਈ ਲੇਟਣ ਵਾਸਤੇ ਬੈਂਚ ਲੱਗੇ ਹੋਏ ਹਨ। ਆਪਣੇ ਨਾਲ ਲਿਆਦਾਂ ਖਾਣਾ ਬਗੈਰਾ ਤੁਸੀਂ ਇੱਥੇ ਬੈਠ ਕੇ ਖਾ ਸਕਦੇ ਹੋ।

3021 ਮੀਲ ਲੰਬੀ ਇੰਟਰਸਟੇਟ-90 ਤੇਰਾਂ ਰਾਜਾਂ ਵਿੱਚ ਦੀ ਲੰਘਦੀ ਹੈ ਅਤੇ 16 ਸਹਾਇਕ ਰੂਟਾਂ ਨੂੰ ਕਰਾਸ ਕਰਦੀ, ਪੈਸਫਿਕ ਨਾਰਥਵੈਸਟ, ਮਾਊਨਟੈਨ-ਵੈਸਟ, ਗਰੇਟ ਪਲੇਨਜ਼ ਮਿਡਵੈਸਟ ਨਾਰਥਈਸਟ ਦੇ ਪਾਰ ਜਾਂਦੀ ਸਨੋਕਿਲਮੀ ਟੱਨਲ, ਰੌਕੀ ਮਾਊਂਨਟੇਨ ਅਤੇ ਵਾਸ਼ਿੰਗਟਨ ਸਟੇਟ ਦੀ ਕੈਸਕੇਡ ਰੇਜ਼ ਨੂੰ ਛੂੰਹਦਿਆ ਲੰਘਦੀ ਹੈ। ਦੋ ਵਜੇ ਦੇ ਕਰੀਬ ਅਸੀਂ ਸ਼ਹਿਰ 'ਕਿਉਰ ਡੀ ਅਲੇਨ' ਵਿੱਚ ਪਹੁੰਚ ਗਏ ਸੀ.. ਇਸੇ ਸ਼ਹਿਰ ਵਿੱਚ ਇਸੇ ਨਾਂ ਦੀ ਕਾਫੀ ਲੰਬੀ ਚੌੜੀ ਝੀਲ ਹੈ. 'ਸੈਂਡਰਜ ਬੀਚ' ਇਕ ਪਹਾੜੀਨੁਮਾ ਜਗਾਹ ਝੀਲ ਦੇ ਕਿਨਾਰੇ ਬਣੀ ਹੋਈ ਹੈ.ਇਸ ਪਹਾੜੀ ਦੀਆਂ ਪਗਡੰਡੀਆਂ ਤੇ ਤੁਰਦਿਆਂ ਝੀਲ ਦਾ ਅਨੰਦ ਲਿਆ ਜਾ ਸਕਦਾ ਹੈ। ਅਸੀਂ ਇਕ ਘੰਟਾ ਇੱਥੇ ਤੁਰਦੇ ਫਿਰਦੇ ਫੋਟੋਗ੍ਰਾਫੀ ਕਰਦਿਆਂ ਲੰਘਾਇਆ। ਉਥੋਂ ਤੁਰ ਕੇ ਕਈ ਸ਼ਹਿਰਾਂ ਨੂੰ ਪਾਰ ਕਰਦਿਆਂ ਅਸੀਂ 'ਵੈਲੇਸ' ਕਸਬੇ ਵਿੱਚ ਪਹੁੰਚ ਗਏ। ਇਹ ਸਾਡਾ ਪਹਿਲਾ ਪੜਾਅ ਸੀ। ਪਹਿਲਾਂ ਹੀ ਬੁਕ ਕਰਵਾਏ ਹੋਟਲ ਜਿਸਦਾ ਨਾਂ ਸੀ 'ਦੀ ਬਰੁੱਕਸ ਹੋਟਲ' ਵਿੱਚ ਜਾ ਖੜ੍ਹੇ। ਸਾਰਾ ਹੀ ਏਰੀਆ ਕੁਦਰਤ ਦੇ ਨਾਲ ਇਕ ਮਿਕ ਹੋਇਆ, ਮਨ ਨੂੰ ਸਕੂਨ ਦੇਣ ਵਾਲਾ ਸੀ.ਕਿਤੇ ਉਚਾਈਆਂ, ਕਿਤੇ ਨਿਵਾਣਾਂ, ਕਿਤੇ ਝੀਲਾਂ, ਕਿਤੇ ਝਰਨੇ, ਹਜ਼ਾਰਾਂ ਕਿਸਮ ਦੇ ਅਸਮਾਨ ਛੂੰਹਦੇ ਦਰੱਖਤ, ਪੌਦਿਆਂ ਨਾਲ ਭਰਿਆ ਇਹ ਇਲਾਕਾ ਸ਼ੁਧ ਹਵਾ, ਪਾਣੀ ਦਾ ਬਹੁਤ ਵੱਡਾ ਸੋਮਾ ਹੈ। ਵੈਲੇਸ ਪਹਾੜਾਂ ਦੀ ਗੋਦ 'ਚ ਵੱਸਿਆ ਕਾਫੀ ਪੁਰਾਣੇ ਇਤਿਹਾਸ ਨੂੰ ਆਪਣੀ ਬੁਕਲ 'ਚ ਲਕੋਈ ਬੈਠਾ ਛੋਟਾ ਜਿਹਾ ਕਸਬਾ ਹੈ। ਪੁਰਾਤਨ ਮਿਊਜ਼ੀਅਮ ਜਿਵੇਂ 'ਨੌਰਦਰਨਪੈਸੀਫਿਕ ਰੇਲ ਰੋਡ ਡੀਪੂ ਮਿਊਜੀਅਮ, ਵੈਲੇਸ ਡਿਸਟ੍ਰਿਕਮਾਈਨਿੰਗ ਮਿਊਜ਼ੀਅਮ, ਸੀਰਾ ਸਿਲਵਰਮਾਈਨ ਟੂਰ ਇਨਕ., ਆਦਿ ਇੱਥੇ ਹਨ.ਅਸਲ ਵਿੱਚ ਇਹ ਸ਼ਹਿਰ ਦੁਨੀਆਂ ਵਿੱਚ ਸੱਭ ਤੋਂ ਜ਼ਿਆਦਾ ਸਿਲਵਰ ਪੈਦਾ ਕਰਨ ਵਾਲਾ ਸ਼ਹਿਰ ਹੈ। ਸਿਲਵਰ ਹਿਸਟਰੀ ਸਾਈਟ ਵੀ ਇਕ ਦੇਖਣਯੋਗ ਸਥਾਨ ਹੈ। ਸਾਊਥਪਾਰਕ ਕਿਉਰ ਡੀ ਅਲੇਨ ਨਦੀ ਸ਼ਹਿਰ ਦੇ ਨਾਲ ਨਾਲ ਦੀ ਜਾਂਦੀ ਹੈ। ਪਹਾੜ ਦੇ ਨਾਲ ਨਾਲ ਜ਼-90 ਥੰਮਾਂ ਉਪਰ ਬਣਾਕੇ ਉਚੀ ਚੁੱਕੀ ਗਈ ਹੈ ਅਤੇ ਨਦੀ ਇਸ ਦੇ ਹੇਠਾਂ ਦੀ ਜਾਂਦੀ ਹੈ। ਅਸੀਂ ਆਈ-90 ਦੇ ਹੇਠਾਂ ਨਦੀ ਦੇ ਕਿਨਾਰੇ ਬੈਠਣ ਲਈ ਲੱਗੇ ਬੈਂਚਾਂ ਉਪਰ ਬੈਠ, ਕਲ ਕਲ ਕਰ ਆਪਣੀ ਚਾਲ ਵਿੱਚ ਮਸਤ ਬਹਿ ਰਹੇ ਪਾਣੀ ਨੂੰ ਇਕ ਟਕ ਦੇਖਦੇ ਰਹੇ ਅਤੇ ਸਾਡੇ ਸਿਰ ਉਪਰੋਂ ਤੇਜ਼ ਰਫਤਾਰ ਗੱਡੀਆਂ ਦਾ ਸ਼ੋਰ ਵੀ ਕੰਨਾਂ ਦੇ ਪਰਦਿਆਂ ਤੇ ਟਕਰਾ ਰਿਹਾ ਸੀ। ਇਕ ਪਾਸੇ ਸ਼ੋਰ, ਇਕ ਪਾਸੇ ਕਲ ਕਲ ਸੰਗੀਤ, ਅਜੀਬ ਨਜ਼ਾਰਾ ਸੀ। ਅਸਲ ਵਿੱਚ ਅੱਜ ਅਮਰੀਕਾ ਵਿੱਚ 'ਮੈਮੋਰੀਅਲ ਡੇ' ਦੀ ਕੌਮੀ ਛੁੱਟੀ ਸੀ, ਇਹ ਦਿਨ ਪਿਛਲੀਆਂ ਜੰਗਾਂ ਵਿੱਚ ਮਾਰੇ ਗਏ ਸੈਨਿਕਾਂ ਦੀ ਯਾਦ ਨੂੰ ਸਮਰਪਿਤ ਹੁੰਦਾ ਹੈ। ਬਾਜ਼ਾਰ ਲੱਗਭੱਗ ਬੰਦ ਸਨ ਇਸ ਸ਼ਹਿਰ ਵਿੱਚ ਇਕ ਰਾਤ ਗੁਜ਼ਾਰੀ। ਇਹ ਰਾਤ ਜ਼ਿੰਦਗੀ ਦੀਆਂ ਯਾਦਾਂ ਦਾ ਖੂਬਸੂਰਤ ਹਿੱਸਾ ਬਣ ਗਈ।

ਸੁਭਾ ਉਥੋਂ ਤੁਰ ਕੇ ਜੀ. ਪੀ. ਐਸ ਦੀ ਰਹਿਨੁਮਾਈ 'ਚ ਚੱਲਦਿਆਂ ਅਸੀਂ 'ਮਿਜ਼ੂਲਾ (Missoulæ)' ਸ਼ਹਿਰ ਤੋਂ ਪਹਿਲਾਂ ਆਉਂਦੇ ਕਸਬੇ 'ਵਾਈ (ਰੁਖਕ)' ਤੋਂ ਖੱਬੇ ਹੱਥ ਰੂਟ ਨੰ. 93 ਤੇ ਚੜ੍ਹ ਕੇ ਉਤਰ ਵੱਲ ਨੂੰ ਚੱਲ ਪਏ.ਰਸਤੇ ਵਿੱਚ 'ਐਵਾਰੋ ਅਰਲੈਕ ਟਾਊਨ' ਆਇਆ ਇੱਥੋਂ ਅਸੀਂ ਵਾਹਨ ਦੀ ਪੇਟ ਪੂਜਾ ਕਰਵਾਈ.ਰਸਤਾ ਸਾਰਾ ਹੀ ਪਥਰੀਲਾ, ਪਹਾੜੀ ਜਾਂ ਜੰਗਲੀ ਸੀ। ਇਸੇ ਰੋਡ ਉਪਰ ਮਹਾਤਮਾ ਬੁਧ ਦੀ ਯਾਦਗਾਰ ਵੀ ਬਣੀ ਹੋਈ ਹੈ। ਉਸਨੂੰ ਪੂਰਬੀ ਏਸ਼ੀਆਂ ਦੇ ਲੋਕ ਬੜੇ ਚਾਅ ਨਾਲ ਵੇਖਣ ਆਉਂਦੇ ਹਨ.ਇਸ ਜਗਾਹ ਦਾ ਨਾਂ ਹੈ 'ਗਾਰਡਨ ਆਫ ਵਨ ਥਾਉਜੈਂਡ ਬੁਧਾਜ਼' 2012 ਵਿੱਚ ਬਣਾਇਆ ਇਹ ਪਾਰਕ 10 ਏਕੜ ਵਿੱਚ ਫੈਲਿਆ ਹੋਇਆ ਹੈ। ਰਸਤੇ ਵਿੱਚ 'ਅਲਪਾਈਨ ਆਰਟਿਸਟਰੀ' ਕਲਾਕਾਰੀ ਦਾ ਉਤਮ ਨਮੂਨਾ ਹੈ.'ਰਾਵਾਲੀ ਪਹਾੜਾਂ' ਦਾ ਦਿਲਕਸ਼ ਨਜਾਰਾ 'ਮੀਰੈਕਲਜ਼ ਆਫ ਅਮਰੀਕਨ ਮਿਊਜ਼ੀਅਮ' ਪੌਲਸਨ ਸ਼ਹਿਰ ਦੇ ਨਜ਼ਦੀਕ ਰਹਿ ਜਾਂਦੇ ਹਨ। ਇਥੋਂ ਹੀ 'ਫਲੈਟਹੈਡ ਝੀਲ' ਸ਼ੁਰੂ ਹੋ ਜਾਂਦੀ ਹੈ। ਇਸ 185 ਮੀਲ ਕਿਨਾਰਿਆਂ ਅਤੇ 200 ਸੁਕੇਅਰ ਮੀਲ ਦੇ ਘੇਰੇ ਵਾਲੀ ਝੀਲ ਉਪਰ ਬਹੁਤ ਕੁਝ ਵੇਖਣ ਵਾਲਾ ਹੈ ਪਰ ਸਾਡੇ ਕੋਲ ਸਮਾਂ ਨਹੀਂ ਸੀ ਇਸ ਲਈ ਤੁਰੇ ਜਾਂਦਿਆਂ ਹੀ 'ਵੂਡਜ਼ ਵੇਅ,ਵਾਈਲਡ ਹਾਰਸ ਇਜਲੈਂਡ, ਫਿਨਲੇਅ ਪੌਆਇੰਟ, ਰਾਕੀ ਪੌਆਇੰਟ, ਟਰਟਲ ਲੇਕ' ਆਦਿ ਦੀ ਪੰਛੀ ਝਾਤ ਪਾਕੇ ਅੱਗੇ ਲੰਘ ਗਏ। ਉਤਰ ਪੱਛਮ ਮੋਨਟਾਨਾ ਦਾ ਕਾਫੀ ਮਸ਼ਹੂਰ ਅਤੇ ਵੱਡਾ ਸ਼ਹਿਰ 'ਕੈਲਿਸਪੈਲ' ਜਿਸਨੂੰ ਗਲੇਸ਼ੀਅਰ ਨੈਸ਼ਨਲ ਪਾਰਕ ਦਾ ਦਰਵਾਜ਼ਾ ਵੀ ਕਿਹਾ ਜਾਂਦਾ ਹੈ- ਅਨੇਕਾਂ ਦੇਖਣਯੋਗ ਸਥਾਨਾਂ ਵਾਲਾ ਹੈ। 'ਚੈਮਪੀਅਨਸ਼ਿਪ ਗੋਲਫ ਕੋਰਸ, ਟੂ ਸਕਾਈ ਰੀਸੋਰਟ' ਤੋਂ ਬਿਨ੍ਹਾਂ ਹਾਈਕਿੰਗ ਲਈ ਅਨੇਕਾਂ ਪਗਡੰਡੀਆਂ ਇਸ ਦੇ ਆਸੇ ਪਾਸਿਉਂ ਨਿਕਲਦੀਆਂ ਹਨ। ਇਹ ਸ਼ਹਿਰ ਝੀਲਾਂ, ਨਦੀਆਂ, ਫਿਸ਼ਿੰਗ ਸਪੌਟਸ,ਆਰਟ ਤੇ ਕਲਚਰ ਵਿੱਚ ਮੋਹਰੀ ਹੈ। ਅਮਰੀਕਾ ਦੇ ਵੱਡੇ ਵੱਡੇ ਸਟੋਰਾਂ ਦੀਆਂ ਬਰਾਚਾਂ ਇੱਥੇ ਹਨ। ਨਜ਼ਦੀਕੀ ਕਸਬੇ 'ਲਾ ਸਾਲੈ' ਵਿੱਚ 'ਗਲੇਸ਼ੀਅਰ ਅੰਤਰ-ਰਾਸ਼ਟਰੀ ਹਵਾਈ ਅੱਡਾ' ਹੈ। 'ਕੈਨਰਡ ਮੈਸ਼ਨ ਮਿਊਜ਼ੀਅਮ, ਹੌਕਾਡੇ ਮਿਊਜ਼ੀਅਮ ਆਫ ਆਰਟਸ, ਉਤਰੀ ਪੱਛਮੀ ਮੋਨਟਾਨਾ ਮਿਊਜੀਅਮ, ਹਿਸਟਰੀ ਮਿਊਜ਼ੀਅਮ' ਇਸ ਦੇ ਨੇੜੇ ਤੇੜੇ ਹਨ। 'ਐਵਰਗਰੀਨ' ਸ਼ਹਿਰ ਦੇ ਕੋਲ ਦੀ ਲੰਘਦਿਆਂ 3 ਵਜੇ ਦੇ ਕਰੀਬ ਅਸੀਂ 'ਕੋਲੰਬੀਆ ਫਾਲ' ਸ਼ਹਿਰ ਦੇ 'ਸੈਡਰ ਕਰੀਕ ਲਾਜ਼ ਅਤੇ ਕਾਨਫਰੰਸ ਸੈਂਟਰ' ਵਿੱਚ ਪਹੁੰਚ ਗਏ। ਹਾਈਵੇਅ-2 ਉਤੇ ਬਣੇ ਇਸ ਹੋਟਲ ਦੀ ਪਹਿਲੀ ਮੰਜ਼ਿਲ ਉਪਰ ਕਮਰਾ ਨੰ. 207, ਸੀ। ਰਸੋਈ ਤਾਂ ਭਾਵੇਂ ਨਹੀਂ ਸੀ ਪਰ ਫਰਿਜ, ਮਾਈਕਰੋਵੇਵ, ਟੈਲੀਫੋਨ, ਐਲ.ਸੀ.ਡੀ ਕਮਰੇ ਵਿੱਚ ਸਨ.ਸਾਫ ਸੁਥਰੇ ਹੋਟਲ ਦਾ ਸਾਫ ਸੁਥਰਾ ਕਮਰਾ ਦੋ ਕੁਅਈਨ ਬੈਡਜ਼ ਵਾਲਾ ਸੀ। ਨਾਲ ਹੀ ਬਾਥਰੂਮ ਅਤੇ ਰੈਸਟ ਰੂਮ ਸੀ।

ਦੂਸਰੇ ਦਿਨ ਮਿਤੀ ਮਈ 31,2022 ਨੂੰ ਅਸੀਂ ਤਿਆਰ ਹੋਕੇ 8 ਵਜੇ ਤੋਂ ਪਹਿਲਾਂ ਹੀ ਗਲੇਸ਼ੀਅਰ ਨੈਸ਼ਨਲ ਪਾਰਕ ਵੱਲ ਚਾਲੇ ਪਾ ਦਿੱਤੇ। ਹਾਈਵੇਅ- 2 ਉਤੇ ਜਾਂਦਿਆਂ 'ਵੈਸਟ ਗਲੇਸ਼ੀਅਰ ਪਾਰਕ ਗੇਟ' ਰਾਹੀਂ ਗੱਡੀ ਅੰਦਰ ਲੈ ਗਏ.ਮੋਨਟਾਨਾ ਸਟੇਟ ਦੇ ਰੌਕੀ ਪਰਬਤਾਂ ਦੀ ਲੜੀ ਵਿੱਚ ਫੈਲਿਆ ਕੈਨੇਡਾ ਦੇ ਬਾਰਡਰ ਤੋਂ ਪਾਰ ਕੈਨੇਡਾ ਦੇ ਕੁਝ ਹਿੱਸੇ ਵਿੱਚ ਸਿਰ ਲਕੋਈ ਬੈਠਾ ਇਹ ਪਾਰਕ 1583 ਵਰਗ ਮੀਲ ਵਿੱਚ ਫੈਲਿਆ ਹੋਇਆ ਹੈ। ਵੈਸਟ ਗਲੇਸ਼ੀਅਰ ਤੋਂ 'ਸਨ ਰੋਡ' ਸ਼ੁਰੂ ਹੋਕੇ ਘੁੰਮਦੀ ਘੁੰਮਾਉਂਦੀ ਪਹਾੜਾਂ ਦੀਆਂ ਉਚਾਈਆਂ ਨੂੰ ਛੋਂਹਦੀ, ਕੁੰਡਲ ਬਣਾਉਂਦੀ, ਝੀਲਾਂ ਦੇ ਚਰਨ ਚੁੰਮਦੀ ਪੂਰਬੀ ਗਲੇਸ਼ੀਅਰ ਦੇ ਗੇਟ 'ਸੈਂਟ ਮੈਰੀ ਗੇਟ' ਤੇ 51 ਮੀਲ ਦਾ ਸਫਰ ਤਹਿ ਕਰਕੇ ਬਾਹਰ ਨਿਕਲ ਜਾਂਦੀ ਹੈ.ਅੰਦਰ ਦਾਖਲ ਹੋ ਕੇ ਸਾਨੂੰ ਪਤਾ ਲੱਗਿਆ ਕਿ ਪ੍ਰਤੀ ਗੱਡੀ ਰੀਜ਼ਰਵੇਸ਼ਨ ਪਾਸ ਲੈਣਾ ਹੁੰਦਾ ਹੈ.ਵੈਸੇ ਇਹ ਪਾਸ ਆਨਲਾਈਨ ਵੀ ਮਿਲ ਜਾਂਦਾ ਹੈ ਕਿਉਂਕਿ ਸੁਭਾ 6 ਵਜੇ ਹੀ ਉਹਨਾਂ ਦੀ ਸਾਈਟ ਖੁੱਲ੍ਹਦੀ ਹੈ, 'ਪਹਿਲਾਂ ਆਉ ਪਹਿਲਾਂ ਪਾਉ' ਦੇ ਆਧਾਰ ਤੇ ਇਕ ਸੀਮਾ ਤੱਕ ਪਾਸ ਦੇ ਕੇ ਉਹ ਬੰਦ ਕਰ ਦਿੱਤੀ ਜਾਂਦੀ ਹੈ। ਸਰਦੀ ਦਾ ਮੌਸਮ ਚੱਲਦਿਆਂ ਅੰਦਰ ਕਈ ਥਾਵਾਂ ਤੇ ਬਰਫ ਦੇ ਜਮਾਵੜੇ ਕਰਕੇ 'ਸੰਨ ਰੋਡ' ਨੂੰ ਪਾਰ ਕਰਨ ਨਹੀਂ ਦਿੱਤਾ ਜਾਂਦਾ। ਜੂਨ ਦੇ ਅੰਤ ਤੋਂ ਲੈ ਕੇ ਸਿਤੰਬਰ ਤੱਕ ਦੇ ਸਮੇਂ ਹੀ ਇਹ ਸੜਕ ਖੋਲ੍ਹੀ ਜਾਂਦੀ ਹੈ। ਉਸ ਸਮੇਂ ਸਾਡਾ ਪਾਸ ਦਾ ਇੰਤਜ਼ਾਮ ਨਾ ਹੋਇਆ, ਵੈਸੇ ਅੰਦਰ ਗਿਆਂ ਨੂੰ ਇਕ ਕਰਮਚਾਰੀ ਨੇ ਸਾਡੀ ਸਹਾਇਤਾ ਕਰਨ ਲਈ ਸਾਡਾ ਪਾਸ ਬਣਵਾਉਣ ਦਾ ਯਤਨ ਕੀਤਾ ਪਰ ਉਸ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਸੀਂ ਤਕਨੀਕੀ ਕਾਰਨਾਂ ਕਰਕੇ ਕਾਮਯਾਬ ਨਾ ਹੋ ਸਕੇ, ਪਰ ਉਸਨੇ ਸਾਨੂੰ ਦੱਸਿਆ ਕਿ ਤੁਸੀਂ ਇੱਥੋਂ ਆਪਣੀ ਗੱਡੀ ਈਸਟ ਵਾਲੇ ਪਾਸੇ 50 ਕੁ ਮੀਲ ਅੱਗੇ ਲੈ ਜਾਵੋ ਉਥੇ 'ਟੂ ਮੈਡੀਸੀਨ ਝੀਲ' ਵੀ ਵੇਖਣ ਵਾਲੀ ਜਗਾਹ ਹੈ। ਉਥੇ ਇਸ ਵਕਤ ਇੰਟਰੀ ਖੁੱਲ੍ਹੀ ਹੈ। ਇਸ ਲਈ ਅਸੀਂ ਹਾਈਵੇਅ 2 ਉਪਰ ਜਾਂਦਿਆਂ 49 ਨੰ. ਰੂਟ ਲੈਕੇ 'ਟੂ ਮੈਡੀਸਨ ਰਿਵਰ ਰੋਡ' ਰਾਹੀਂ ਝੀਲ ਕੋਲ ਪਹੁੰਚ ਗਏ। ਉਥੇ 'ਗਲੇਸ਼ੀਅਰ ਪਾਰਕ ਬੋਟ' ਦਾ ਕਾਊਂਟਰ ਵੀ ਬਣਿਆ ਹੋਇਆ ਹੈ.45 ਮਿੰਟ ਦਾ 'ਬੋਟ ਰਾਈਡਿੰਗ ਟਰਿਪ' ਇਸ ਝੀਲ ਵਿੱਚ ਲਵਾਇਆ ਜਾਂਦਾ ਹੈ.ਟਿਕਟ ਦਾ ਰੇਟ ਸਾਢੇ ਸਤਾਰਾਂ ਡਾਲਰ ਪ੍ਰਤੀ ਬਾਲਗ ਅਤੇ ਬੱਚਿਆਂ ਲਈ 8.75 ਡਾਲਰ ਹੈ। ਟਿਕਟਾਂ ਅਸੀਂ ਲੈ ਲਈਆਂ। ਟੂਰ ਦੁਪਹਿਰੇ 1.30 ਵਜੇ ਤੁਰਨਾ ਸੀ। ਇਸੇ ਸਥਾਨ ਤੋਂ ਇਕ ਪਗਡੰਡੀ ਉਪਰ ਨੂੰ ਜਾਂਦੀ ਸੀ। 'ਐਸਟਰ ਫਾਲਜ਼' ਨੂੰ ਜਾਣ ਲਈ ਵੀ ਇੱਥੋਂ ਜਾਇਆ ਜਾਂਦਾ ਹੈ। ਇਸੇ ਉਪਰ 'ਬੋਟ ਲੈਡਿੰਗ 1.2 ਮੀਲ, ਟਵਿਨ ਫਾਲਜ਼ 1.9 ਮੀਲ,ਅਪਰ ਟੂ ਮੈਡੀਸੀਨ ਲੇਕ 3.1 ਮੀਲ, ਹੈ। ਰਾਕਵੈਲ ਫਾਲਜ਼ 1.2 ਮੀਲ ਲੇਕ ਇਸਾਬੈਲ 11.8 ਮੀਲ' ਦੂਰੀ ਤੇ ਹਨ। ਇੱਥੋਂ ਹੀ ਝੀਲ ਦੇ ਕਿਨਾਰੇ 'ਪਾਰਾਡਾਈਜ਼ ਪੁਆਂਇੰਟ' ਤੇ ਪਹੁੰਚਿਆ ਜਾ ਸਕਦਾ ਹੈ। 'ਟੂ ਮੈਡੀਸੀਨ ਸੀਨਿਕ (ਨਜ਼ਾਰੇ) ਕਰੂਜ਼' ਰਾਹੀਂ 45 ਮਿੰਟਾਂ ਦੇ ਇਸ ਟੂਰ ਦਾ ਅਸੀਂ ਆਨੰਦ ਮਾਨਿਆ। ਇਸ ਨੂੰ ਚਲਾਉਣ ਲਈ ਇਕ ਡਰਾਈਵਰ, ਅਤੇ ਦੋ ਹੋਰ ਅਟੈਂਡੈਂਟ ਇਸ ਵਿੱਚ ਹਾਜ਼ਰ ਸਨ ਜੋ ਕਿ ਝੀਲ ਬਾਰੇ, ਆਸੇ ਪਾਸੇ ਦੇ ਪਰਬਤਾਂ ਬਾਰੇ, ਜਾਣਕਾਰੀ ਦਿੰਦੇ ਰਹਿੰਦੇ ਹਨ। ਸਫਰ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਤੋਂ ਮੁਸਾਫਿਰਾਂ ਨੂੰ ਜਾਣੂੰ ਕਰਾਉਂਦੇ ਰਹਿੰਦੇ ਹਨ ਅਤੇ ਸੈਲਾਨੀਆਂ ਨੂੰ ਹਸਾਉਂਦੇ ਵੀ ਰਹਿੰਦੇ ਹਨ। ਕਰੂਜ਼ ਦੇ ਮੂਹਰਲੇ ਹਿੱਸੇ ਵਿੱਚ ਖੜ੍ਹਣ ਲਈ ਬਣੇ ਥਾਂ ਵਿੱਚ ਸੈਲਾਨੀ (ਦੋ ਦੋ)ਖੜ੍ਹਕੇ ਝੀਲ ਤੇ ਪਰਬਤਾਂ ਦੀ ਸੁੰਦਰਤਾ ਨੂੰ ਅੱਖਾਂ ਵਿੱਚ ਵੀ ਅਤੇ ਕੈਮਰਿਆਂ ਵਿੱਚ ਵੀ ਕੈਦ ਕਰ ਸਕਦੇ ਹਨ ਪਰ ਕੁਝ ਸਮੇਂ ਲਈ ਹੀ, ਕਿਉਂਕਿ 40 ਮਿੰਟਾਂ ਵਿੱਚ ਸੱਭ ਨੂੰ ਮੌਕਾ ਦੇਣਾ ਹੁੰਦਾ ਹੈ.ਉਹਨਾਂ ਦੇ ਦੱਸਣ ਮੁਤਾਬਿਕ ਇਹਨਾਂ ਝੀਲਾਂ ਦੀ ਡੂੰਘਾਈ 300 ਫੁੱਟ ਦੇ ਕਰੀਬ ਹੈ। ਇਹ ਝੀਲ ਦੋ ਮੀਲ ਲੰਬੀ ਅਤੇ .33 ਮੀਲ ਚੌੜੀ ਹੈ। ਪੱਛਮ ਵਾਲੇ ਪਾਸੇ 'ਸਾਈਨੋਫ ਮਾਊਨਟੇਨ' ਹੈ

**(ਬਾਕੀ ਅਗਲੇ ਸਫੇ 'ਤੇ)**

# ਗਲੇਸ਼ੀਅਰ ਨੈਸ਼ਨਲ ਪਾਰਕ ਮੋਨਟਾਨਾ ਅਮਰੀਕਾ ਦੀ ਯਾਤਰਾ

(ਸਫਾ 28 ਦੀ ਬਾਕੀ)

ਜਦੋਂ ਕਿ ਉਤਰ ਵਾਲੇ ਪਾਸੇ 'ਰਾਈਜ਼ਿੰਗ ਵੌਲਫ ਮਾਊਨਟੇਨ' ਹੈ. ਇਹਨਾਂ ਪਰਬਤਾਂ ਦੀ ਉਚਾਈ ਸੱਤ ਹਜ਼ਾਰ ਫੁੱਟ ਤੋਂ ਲੈ ਕੇ ਦਸ ਹਜ਼ਾਰ ਫੁੱਟ ਤੱਕ ਦੱਸੀ ਜਾਂਦੀ ਹੈ.ਸਾਹਮਣੇ ਗਿਫਟ ਸਟੋਰ ਸੀ ਅਤੇ ਇਸ ਵਿੱਚੋਂ ਸੈਲਾਨੀ ਕਾਫੀ ਵਸਤਾਂ ਆਪਣੇ ਅਜ਼ੀਜ਼ਾਂ ਲਈ ਸੌਗਾਤ ਦੇ ਤੌਰ ਤੇ ਲਿਜਾਂਦੇ ਹਨ।

ਲੱਗ ਭੱਗ 2.30 ਘੰਟਿਆਂ ਵਿੱਚ ਅਸੀਂ ਇਥੋਂ ਫਾਰਗ ਹੋ ਗਏ। ਕਮਰੇ ਵਿੱਚ ਵਾਪਿਸ ਆ ਗਏ ਹਲਕਾ ਜਿਹਾ ਖਾਣਾ ਖਾਦਾ.ਸੋਚਿਆ, ਚੱਲੋ ਫਿਰ ਵੈਸਟ ਗੇਟ ਤੇ ਯਤਨ ਕਰਦੇ ਹਾਂ^ ਅੰਦਰ ਜਾਣ ਦੀ, ਕਿਉਂਕਿ ਅਸਾਂ ਪਤਾ ਲਗਾ ਲਿਆ ਸੀ ਕਿ ਸੁਭਾ 6 ਵਜੇ ਤੋਂ ਪਹਿਲਾਂ ਤੇ ਸ਼ਾਮੀਂ ਚਾਰ ਵਜੇ ਤੋਂ ਬਾਅਦ ਬਿਨਾਂ ਪਾਸ ਦੇ ਵੀ ਅੰਦਰ ਦਾਖਲ ਹੋਇਆ ਜਾ ਸਕਦਾ ਹੈ ਪਰ ਸ਼ਾਮੀਂ ਜਾਕੇ ਤੁਹਾਡੇ ਕੋਲ ਵੇਖਣ ਲਈ ਸਮਾਂ ਨਹੀਂ ਬਚਦਾ। ਇੰਨੇ ਨੂੰ ਸਿਆਟਲ ਤੋਂ ਬੇਟਿਆਂ ਦਾ ਫੋਨ ਆ ਗਿਆ ਸੀ ਕਿ 'ਕੋਲੰਬੀਆ ਫਾਲ' ਸਿਟੀ ਵਿੱਚ 'ਮੋਨਟਾਨਾ ਐਨਰਜ਼ੀ ਵੌਰਟੈਕਸ Montana Energy Vortex ਨਾਂ ਦੀ ਅਦਭੁੱਤ ਜਗਾਹ, ਜੋ ਕਿ ਹਾਈਵੇਅ-2 ਉਪਰ ਹੀ ਹੈ, ਵੇਖਣ ਵਾਲੀ ਹੈ..ਗਲੇਸ਼ੀਅਰ ਪਾਰਕ ਦੇ ਪੱਛਮ ਵੱਲ ਲੱਗਭੱਗ 13 ਮੀਲ ਪਹਿਲਾਂ, ਪਿਛਲੇ 44 ਸਾਲਾਂ ਤੋਂ ਸੈਲਾਨੀਆਂ ਨੂੰ ਹੈਰਾਨੀ ਵਿੱਚ ਪਾ ਰਹੀ ਹੈ। ਇਹ ਰਹੱਸਮਈ ਅਤੇ ਅਚੰਭਿਤ ਕਰਨ ਵਾਲੀ ਜਗਾਹ Montana Vortex is genuine quantum or gravitational Anomaly that may redefined the laws of physics and nature.

Montana Vortex and house of Mystery is located between Hungary Horse and Columbia Falls ਇਹ ਇਕ ਅਜਿਹੀ ਜਗਾਹ ਹੈ ਜਿੱਥੇ ਮਾਨਵ ਆਪਣੇ ਆਪ ਨੂੰ ਸ਼ਰਿੰਕ ਹੋਇਆ ਮਹਿਸੂਸ ਕਰਦਾ ਹੈ ਤੇ ਸਬੂਤ ਵਜੋਂ ਤਸਵੀਰਾਂ ਵੀ ਲੈ ਸਕਦਾ ਹੈ। (ਅਮਰੀਕਾ ਦੇਸ਼ ਵਿੱਚ ਕੁਲ 8 ਅਜਿਹੀਆਂ ਜਗਾਹ ਹਨ)। ਇੱਥੇ ਲਕੜ ਦਾ ਬਣਿਆ ਹੋਇਆ ਇਕ ਕਮਰਾ 18 ਡਿਗਰੀ ਤੇ ਝੁਕਿਆ ਹੋਇਆ ਹੈ.ਲੱਗਦਾ ਹੈ ਕਿ ਕਮਰੇ ਵਿੱਚ ਕੋਈ ਫੋਰਸ ਹੈ ਜੋ ਤੁਹਾਨੂੰ ਹੇਠਾਂ ਸੁੱਟਣਾ ਚਾਹੁੰਦੀ ਹੈ। ਕੱਚ ਦੀਆਂ ਗੋਲੀਆਂ ਉਚਾਈ ਵਾਲੇ ਪਾਸੇ ਜਾਂਦੀਆਂ ਦਿਖਾਈ ਦਿੰਦੀਆਂ ਹਨ। ਬਿਨਾਂ ਫੜਿਆਂ ਝਾੜੂ ਹਵਾ ਵਿੱਚ ਸਿੱਧਾ ਖੜ੍ਹਾ ਰਹਿੰਦਾ ਹੈ ਜਿਸਨੂੰ ਵੇਖਕੇ ਤੁਸੀਂ ਸੰਸ਼ੋਪੰਜ਼ ਵਿੱਚ ਪੈ ਜਾਂਦੇ ਹੋ। ਕਈ ਲੋਕਾਂ ਮੁਤਾਬਿਕ ਇੱਥੇ ਉਹ ਆਪਣੇ ਆਪ ਨੂੰ ਸ਼ਾਂਤ ਅਤੇ ਸੁਸਤ (Serene and Calm disorientation,diziness) ਆਦਿ ਮਹਿਸੂਸ ਕਰਦੇ ਹਨ। ਜਦ ਤੁਸੀਂ ਕਮਰੇ ਦੀ ਦੀਵਾਰ ਉਪਰ ਚੜ੍ਹਨ ਦੀ ਕੋਸ਼ਿਸ਼ ਕਰਦੇ ਹੋ ਜਾਂ ਦੀਵਾਰ ਨਾਲ ਰੱਖੀ ਕੁਰਸੀ ਤੇ ਬੈਠ ਕੇ ਉਠਣ ਦਾ ਯਤਨ ਕਰਦੇ ਹੋ ਤਾਂ ਤੁਸੀਂ ਮੂਹਰੇ ਨੂੰ ਧੱਕੇ ਜਾ ਰਹੇ ਲੱਗਦੇ ਹੋ। ਅੱਗੇ ਤੁਰਦਿਆਂ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਮਗਰ ਨੂੰ ਕੋਈ ਜ਼ਿਆਦਾ ਤਾਕਤ ਨਾਲ ਧੱਕ ਰਿਹਾ ਹੈ।

ਇਸ ਏਰੀਏ ਵਿੱਚ ਤੁਹਾਨੂੰ ਤੁਹਾਡੀਆਂ ਉਂਗਲਾਂ ਦੇ ਔਰੇ (Aura) ਦਾ ਪ੍ਰਛਾਵਾਂ ਉਂਗਲਾਂ ਦੇ ਪ੍ਰਛਾਵੇਂ ਦੇ ਨਾਲ ਦਿਸੇਗਾ। ਵਿਗਿਆਨ ਦੇ ਮੁਤਾਬਿਕ ਇਹ ਇਕ ਕਿਸਮ ਦੀ ਐਨਰਜੀ ਹੈ ਜੋ ਸਰੀਰ ਦੇ ਮੌਲੀਕਿਊਲਜ਼ ਦੁਆਰਾ ਹਰ ਵਕਤ ਰੀਲੀਜ਼ ਹੁੰਦੀ ਰਹਿੰਦੀ ਹੈ। ਅਸੀਂ ਅਕਸਰ ਹੀ ਦੇਖਦੇ ਸੁਣਦੇ ਹਾਂ ਕਿ ਦੇਵੀ ਦੇਵਤਿਆਂ ਦਿਆਂ ਸਿਰਾਂ ਦੇ ਦੁਆਲੇ ਇਹ ਚੱਕਰ ਹੁੰਦੇ ਹਨ। ਸਾਇੰਸ ਦਾ ਮੰਨਣਾ ਹੈ ਕਿ ਇਸ ਤਰ੍ਹਾਂ ਦੇ ਚੱਕਰ ਹਰ ਇਕ ਜੀਵ ਜੰਤੂ ਦੇ ਦੁਆਲੇ ਹੁੰਦੇ ਹਨ ਪਰ ਸਾਡੀਆਂ ਨੰਗੀਆਂ ਅੱਖਾਂ ਇਹਨਾਂ ਨੂੰ ਵੇਖ ਨਹੀਂ ਸਕਦੀਆਂ। ਸਾਡੇ ਸਰੀਰਾਂ ਦੀ ਐਨਰਜੀ ਇਕ ਦੂਜੇ ਨੂੰ ਛੂਹਣ ਲਾਲ ਪਰਵਰਤਿਤ ਹੁੰਦੀ ਰਹਿੰਦੀ ਹੈ। ਇਹ ਚੀਜ਼ ਇੱਥੇ ਇਕ ਯੰਤਰ ਨਾਲ ਸਿੱਧ ਕਰਕੇ ਵੀ ਦਿਖਾਈ ਜਾਂਦੀ ਹੈ। ਉਥੇ ਵਾਪਰੀਆਂ ਕਈ ਘਟਨਾਵਾਂ ਦੀ ਫੋਟੋਗ੍ਰਾਫੀ ਵਿੱਚ ਵੀ ਅਜੀਬੋਗਰੀਬ ਵਸਤਾਂ ਦਿਖਾਈਆਂ ਗਈਆਂ ਹਨ.ਜਿਵੇਂ ਫੋਟੋ ਵਿੱਚ ਅੱਧੇ ਧੜ ਦੀ ਹੀ ਪਿਕਚਰ ਆਉਣੀ, ਜਾਂ ਧਰਤੀ ਤੋਂ ਉਪਰ ਹਵਾ 'ਚ ਖੜੇ ਦਿਸਣਾ ਜਾਂ ਹਵਾ ਵਿੱਚ ਲੰਮੇ ਪਿਆ ਦਿਸਣਾ। ਸਰੀਰ ਦੇ ਸੁੰਗੜ ਜਾਣ ਨੂੰ ਕਈ ਢੰਗਾਂ ਨਾਲ ਦਿਖਾਇਆ ਗਿਆ ਹੈ ਜਿਵੇਂ ਉਥੇ ਗੱਡੇ ਹੋਏ ਪੋਲ ਦੇ ਨਾਲ ਖੜਕੇ ਆਪਣੀ ਅੱਖ ਦੇ ਹੇਠਲੇ ਹਿੱਸੇ ਦੇ ਬਰਾਬਰ ਪੋਲ ਤੇ ਸਿੱਕਾ ਚਿਪਕਾ ਦਿਉ ਜਦ ਤੁਸੀਂ ਪੋਲ ਦੇ ਦੁਆਲੇ ਗੇੜਾ ਕੱਢ ਕੇ ਵਾਪਸ ਉਸ ਜਗਾਹ ਤੇ ਆਉਗੇ ਤਾਂ ਵੇਖੋਗੇ ਕਿ ਉਹੀ ਸਿੱਕਾ ਤੁਹਾਡੀ ਅੱਖ ਦੇ ਉਪਰਲੇ ਹਿੱਸੇ ਨੂੰ ਛੋਹ ਰਿਹਾ ਹੈ। ਇਸ ਏਰੀਏ ਵਿੱਚ ਉਗੇ ਦਰੱਖਤਾਂ ਦੇ ਤਣਿਆਂ ਦੀ ਟੇਢ ਮੇਢ ਨੂੰ ਇਸੇ ਫੋਰਸ ਦਾ ਨਤੀਜਾ ਮੰਨਿਆ ਜਾਂਦਾ ਹੈ। ਕੁਝ ਵੀ ਹੈ ਆਮ ਲੋਕਾਂ ਲਈ ਇਹ ਇਕ ਰਹੱਸਮਈ ਚੀਜ਼ ਹੈ। ਹੋ ਸਕਦੈ ਕੋਈ ਮਨੁੱਖੀ ਸ਼ੈਤਾਨੀ ਦਿਮਾਗ ਨਾਮਣਾ ਖੱਟਣ, ਪੈਸੇ ਕਮਾਉਣ ਲਈ ਇਹਨਾਂ ਗੱਲਾਂ ਨੂੰ ਕਿਸੇ ਲੁਕਵੇਂ ਢੰਗ ਨਾਲ ਸ਼ੋਅ ਕਰਕੇ ਲੋਕਾਂ ਨੂੰ ਬੁੱਧੂ ਬਣਾ ਰਿਹਾ ਹੋਵੇ ਪਰ ਦਹਾਕਿਆਂ ਤੋਂ ਲੱਖਾਂ ਲੋਕ ਇਸ ਨੂੰ ਵੇਖਣ ਆਉਂਦੇ ਹਨ, ਫੋਟੋਆਂ ਖਿੱਚ ਕੇ ਲਿਜਾ ਰਹੇ ਹਨ.ਅਠਾਰਾਂ ਡਿਗਰੀ ਉਪਰ ਝੁਕੇ ਕਮਰੇ ਵਿੱਚ ਸ਼ਕਤੀਆਂ ਮਹਿਸੂਸ ਕਰਦੇ ਹਨ। ਜਿਹਨਾਂ ਦੀ ਵਿਆਖਿਆ 'ਮਿਸਟਰ ਜ਼ੋਅ' ਕਰਦਾ ਰਹਿੰਦਾ ਹੈ ਪਰ ਕਈ ਵਿਗਿਆਨੀ ਇਸ ਨੂੰ ਕੁਦਰਤ ਦਾ ਕੋਈ ਵੱਖਰਾ ਕ੍ਰਿਸ਼ਮਾ ਨਾ ਮੰਨਦਿਆਂ ਇਸ ਦੀ ਵਿਆਖਿਆ ਫਿਜ਼ਿਕਸ ਦੇ ਨਿਯਮਾਂ ਅਧੀਨ ਹੀ ਕਰਦੇ ਹਨ ਅਤੇ ਇਸ ਨੂੰ ਨਜ਼ਰਾਂ ਦਾ ਭਰਮ ਸਿੱਧ ਕਰਦੇ ਹਨ। ਸਾਨੂੰ ਵੀ ਜ਼ੋਅ ਨੇ ਇਕ ਘੰਟਾ ਭਰ ਲੈਕਚਰ ਦਿੱਤਾ ਅਤੇ ਇਸ ਨੂੰ ਭੌਤਿਕ ਵਿਗਿਆਨ ਦੇ ਨਿਯਮਾਂ ਦਾ ਅਪਵਾਦ ਸਿੱਧ ਕਰਨ ਦੀ ਕੋਸ਼ਿਸ਼ ਕੀਤੀ. ਕੱਦ ਛੋਟਾ ਹੋ ਜਾਣ ਦਾ ਤਜਰਬਾ ਵੀ ਉਸਨੇ ਕਰ ਕੇ ਵਿਖਾਇਆ। ਇਸ ਸਥਾਨ ਤੇ ਗਿਫਟ ਹਾਊਸ ਵਿੱਚ ਅਨੇਕਾਂ ਕਿਸਮ ਦੇ ਕਰਿਸਟਲਜ਼ ਅਤੇ ਯਾਦਗਾਰੀ ਵਸਤਾਂ ਸਨ.ਢਾਈ ਘੰਟੇ ਅਸੀਂ ਇੱਥੇ ਲਾਏ। ਸਾਨੂੰ ਇਹ ਵੀ ਪਤਾ ਲੱਗਿਆ ਕਿ ਪੂਰਬੀ ਪਾਸੇ ਸੈਂਟ ਮੈਰੀ ਗੇਟ ਤੋਂ ਅੱਗੇ ਜਾ ਕੇ ਇਕ ਹੋਰ ਰਸਤਾ ਵੀ ਹੈ ਅਤੇ ਉਥੇ 'ਸਵਿਫਟ ਕਰੰਟ ਰਿਜ਼ ਲੇਕ' ਵੀ ਵੇਖਣ ਵਾਲੀ ਜਗਾਹ ਹੈ। ਹੁਣ ਸਾਡੀ ਪਲਾਨ ਇਹ ਸੀ ਕਿ ਕੱਲ ਨੂੰ ਜਾਂ ਤਾਂ ਇਹ ਝੀਲ ਵੇਖਕੇ ਆਈਏ ਜਾਂ ਕਿਵੇਂ ਨਾ ਕਿਵੇਂ ਵੈਸਟ ਗਲੇਸ਼ੀਅਰ ਪਾਰਕ ਤੋਂ ਇੰਟਰ ਹੋਣ ਲਈ ਯਤਨ ਕਰੀਏ.ਇਸ ਲਈ ਸੁਭਾ 6 ਵਜੇ ਤੋਂ ਪਹਿਲਾਂ ਉਥੇ ਪਹੁੰਚੀਏ। ਸੁਭਾ ਜਲਦੀ ਉਠਕੇ ਅਸੀਂ ਤਿਆਰ ਹੋ ਰਹੇ ਸੀ ਕਿ ਸਾਨੂੰ ਪਾਸ ਲੈਣ ਵਾਲੀ ਸਾਈਟ ਖੁੱਲੀ ਮਿਲ ਗਈ ਜਿੱਥੇ 'ਪਹਿਲਾਂ ਆਉ ਪਹਿਲਾਂ ਪਾਉ' ਦੇ ਆਧਾਰ ਤੇ ਪਾਸ ਦਿੱਤੇ ਜਾ ਰਹੇ ਸਨ ਤੇ ਸਾਨੂੰ ਮੌਕਾ ਮਿਲ ਗਿਆ। ਦੋ ਡਾਲਰ ਭਰਕੇ ਸਾਡੀ ਗੱਡੀ ਦੀ ਰੀਜ਼ਰਵੇਸ਼ਨ ਹੋ ਗਈ। ਹੁਣ ਅਸੀਂ ਮੌਜ ਨਾਲ 8 ਵਜੇ ਤੋਂ ਪਹਿਲਾਂ ਉਥੇ ਪਹੁੰਚੇ ਅਤੇ 'ਗੋਇੰਗ ਟੂ ਸਨ ਰੋਡ' ਤੇ ਆ ਗਏ।

'ਐਪਗਾਰ ਵਿਜ਼ਟਰ ਸੈਂਟਰ' ਕੋਲੋਂ ਸੜਕ ਸੱਜੇ ਨੂੰ ਅਤੇ ਖੱਬੇ ਨੂੰ ਦੋਪਾਸੀਂ ਮੁੜਦੀ ਹੈ। ਖੱਬੇ ਪਾਸੇ ਨੂੰ ਜਾਂਦੀ ਸੜਕ ਨੂੰ 'ਲਾਮਾਸ ਰੋਡ' ਆਖਦੇ ਹਨ ਅਤੇ ਇਸ ਉਪਰ ਅੱਗੇ ਜਾਕੇ ਕਈ ਪਗਡੰਡੀਆਂ ਹਨ, ਪਰ ਸੱਜੇ ਪਾਸੇ ਮੁੜ ਕੇ 'ਸਨ ਰੋਡ' ਆ ਜਾਂਦੀ ਹੈ ਜਿਸ ਦਾ ਆਪਣਾ ਵੱਖਰਾ ਹੀ ਆਨੰਦ ਹੈ.ਵਲ ਵਲਾਵੇਂ ਖਾਂਦੀ, ਪਹਾੜਾਂ ਦੀ ਚੋਟੀ ਤੇ ਕੁੰਡਲ ਬਣਾਉਂਦੀ ਪੂਰਬ ਵਾਲੇ ਪਾਸੇ 'ਸੈਂਟ ਮੇਰੀ ਗੇਟ' ਤੇ ਜਾ ਨਿਕਲਦੀ ਹੈ। ਇਸੇ ਰੋਡ ਉਪਰ ਜਾਂਦਿਆਂ ਖੱਬੇ ਹੱਥ 10 ਮੀਲ ਤੱਕ 'ਮੈਕਡਨਾਲਡ ਲੇਕ' ਨਾਲ ਨਾਲ ਚੱਲਦੀ ਰਹਿੰਦੀ ਹੈ। ਇਹ ਮੀਲ ਦੇ ਲੱਗਭੱਗ ਚੌੜਾਈ ਵਾਲੀ ਅਤੇ 472 ਫੁੱਟ ਡੂੰਘੀ ਝੀਲ ਹੈ ਇਹ.ਇਸੇ ਸੜਕ ਤੋਂ 'ਸਪਰੇਕ ਕਰੀਕ' ਤੇ ਜਾਇਆ ਜਾ ਸਕਦਾ ਹੈ।

'ਮੈਕਡਨਾਲਡ ਫਾਲ' ਵੀ ਇਸੇ ਸੜਕ ਉਪਰ ਆਉਂਦਾ ਹੈ। ਸਾਫ ਸੁਥਰੇ ਨੀਲੇ ਰੰਗ ਦੇ ਪਾਣੀ ਨੂੰ ਥੱਲੇ ਡਿੱਗਦਿਆਂ ਵੇਖ ਮਨ ਨੂੰ ਅਜੀਬ ਜਿਹਾ ਹੁਲਾਸ ਮਿਲਦਾ ਹੈ। ਲੱਗਭੱਗ 16 ਮੀਲ ਦੀ ਦੂਰੀ ਤੇ 'ਐਵਾਲੈਂਚੇ ਕਰੀਕ ਅਤੇ ਟ੍ਰੇਲ ਆਫ ਸੈਡਰ ਨੇਚਰ' ਆ ਜਾਂਦੀਆਂ ਹਨ.ਇੱਥੇ ਰੈਸਟਿੰਗ ਏਰੀਆ ਅਤੇ ਪਾਰਕਿੰਗ ਬਣੀ ਹੋਈ ਹੈ.ਇੱਥੋਂ ਹੀ ਐਵਾਲੈਂਚੇ ਲੇਕ ਲਈ ਉਤਾਂਹ ਨੂੰ ਚੜਾਈ ਸ਼ੁਰੂ ਕੀਤੀ ਜਾਂਦੀ ਹੈ। ਜਦੋਂ ਅਸੀਂ ਗਏ ਸੀ ਤਾਂ ਅੱਗੇ ਦਾ ਰਸਤਾ ਬੰਦ ਸੀ ਕਿਉਂਕਿ ਉਪਰੋਂ ਬਰਫ ਪੂਰੀ ਤਰ੍ਹਾਂ ਖੁਰੀ ਨਹੀਂ ਸੀ.ਅਤੇ ਉਪਰ ਜਾਣਾ ਨਿਹਾਇਤ ਖਤਰਨਾਕ ਸੀ। ਇਸੇ ਏਰੀਏ ਵਿੱਚ ਉਚੇ ਉਚੇ ਪਰਬਤ ਹਨ। ਜਿਵੇਂ ਕਿ ਸਟੈਨਟਨ ਪਰਬਤ 7750 ਫੁਟ, ਮਾਊਂਟ ਵਾਟ 8850 ਫੁੱਟ ਉਚੇ ਅਤੇ ਸੱਭ ਤੋਂ ਉਚੀਆਂ ਚੋਟੀਆਂ ਮਾਊਂਟ ਜੈਕਸਨ 10052 ਫੁੱਟ ਮਾਊਂਟ ਸਟਨਸਨ 10042 ਫੁੱਟ ਹਨ।

ਅੱਜ 'ਹਿਡਨ ਲੇਕ' ਵੱਲ ਜਾਣ ਲਈ ਰਸਤਾ ਵੀ ਬੰਦ ਸੀ। ਇੱਥੇ ਅਸੀਂ ਰੈਸਟ ਰੂਮ ਦੀ ਵਰਤੋਂ ਕਰਕੇ ਮੰਜ਼ਿਲ ਵੱਲ ਚਾਲੇ ਪਾ ਦਿੱਤੇ. ਐਵਾਲੈਂਚੇ ਲੇਕ ਤੇ ਜਾਣ ਲਈ ਅਸੀਂ 'ਟ੍ਰੇਲਜ਼ ਆਫ ਸੈਡਰ ਟ੍ਰੇਲਹੈਡ' ਤੋਂ ਚੜਾਈ ਸ਼ੁਰੂ ਕੀਤੀ, ਝੀਲ ਤੇ ਜਾਕੇ ਵਾਪਿਸ ਆਉਣ ਦਾ ਕੁਲ ਸਫਰ 4.5 ਮੀਲ ਦਾ ਬਣਦਾ ਹੈ.ਕੁਝ ਦੂਰੀ ਤੱਕ ਇਹ ਪਗਡੰਡੀ ਲੱਕੜੀ ਦੇ ਫੱਟਿਆ ਤੇ ਬਣੀ ਹੋਈ ਹੈ,ਅੱਧਾ ਕੁ ਮੀਲ ਜਾਣ ਤੇ ਐਵਾਲੈਂਚ ਕਰੀਕ ਆ ਮਿਲਦੀ ਹੈ.ਉਥੇ ਪਾਣੀ ਹੇਠਾਂ ਡਿੱਗਦਾ ਇਕ ਝਰਨਾ ਬਣ ਜਾਂਦਾ ਹੈ। ਪਗਡੰਡੀ ਦੇ ਖੱਬੇ ਹੱਥ ਮੁੜਦਿਆਂ ਹੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਅੱਗੇ ਸੰਘਣਾ ਜੰਗਲ ਆ ਜਾਂਦਾ ਹੈ। ਐਵਾਲੈਂਚ ਕਰੀਕ ਦੇ ਨਾਲ ਨਾਲ ਜਾਂਦਿਆਂ ਕੁਝ ਦੂਰੀ ਉਪਰ ਇਕ ਜਗਾਹ ਬਣੀ ਹੋਈ ਹੈ ਉਥੇ ਖੜਕੇ ਸਾਹਮਣੇ ਦੇਖਣ ਤੇ ਪਤਾ ਲੱਗਦਾ ਕਿ ਗਲੇਸ਼ੀਅਰਾਂ ਦੇ ਪਿਘਲੇ ਪਾਣੀਆਂ ਦੀ ਹੈਰਾਨ ਕਰਨ ਵਾਲੀ ਤਾਕਤ ਕੀ ਹੈ। ਜਦੋਂ ਇਹ ਪਹਾੜਾਂ ਦੀਆਂ ਤੰਗ ਖੱਡਾਂ ਵਿੱਚ ਵਹਿੰਦਾ ਹੈ। (Amazing power of glacially melted water as it rushes through the narrow gorge) ਲੱਗਭੱਗ 1.1 ਮੀਲ ਉਪਰ ਜਾਂਦਿਆਂ ਇਹ ਰਸਤਾ ਐਵਾਲੈਂਚ ਕਰੀਕ ਤੋਂ ਵੱਖ ਹੋ ਜਾਂਦਾ ਹੈ.1.6 ਮੀਲ ਦੇ ਦੂਰੀ ਤੇ ਹਿਡਨ ਕਰੀਕ ਅਤੇ ਐਵਾਲੈਂਚ ਕ੍ਰੀਕ ਦੇ ਸੰਗਮ ਸਥਾਨ ਉਪਰ ਪਿੱਛੇ ਜਿਹੇ ਆਏ ਤੂਫਾਨ ਨਾਲ ਬਹੁਤ ਹੀ ਵੱਡੇ ਵੱਡੇ, ਕਾਫੀ ਦਰੱਖਤ ਡਿੱਗ ਪਏ ਸਨ।

ਮੈਨੂੰ ਅਤੇ ਜਰਨੈਲ ਨੂੰ ਉਪਰ ਚੜਨਾ ਔਖਾ ਲੱਗ ਰਿਹਾ ਸੀ, ਸਾਹਮਣੇ ਤੋਂ ਆ ਰਹੇ ਜਿਸ ਵੀ ਸੈਲਾਨੀ ਨੂੰ ਅਸੀਂ 'ਕਿੰਨੀ ਦੂਰੀ ਹੈ' ਬਾਰੇ ਪੁੱਛਿਆ ਤਾਂ ਕਿਸੇ ਨੇ ਪੰਜਾਬੀਆਂ ਵਾਂਗ ਇਹ ਨਹੀਂ ਕਿਹਾ, 'ਬੱਸ ਆ ਗੇ ਜੀ ਤੁਸੀਂ ਤਾਂ, ਅਹੁ ਸਾਹਮਣੇ ਈ ਐ 'ਪਰ ਇਹ ਜ਼ਰੂਰ ਕਿਹਾ 'ਵੈਰੀ ਬਿਊਟੀਫੁੱਲ' ਵੈਰੀ ਸ਼ਬਦ ਨੂੰ ਇਹਨਾਂ ਲਮਕਾ ਕੇ ਕਿਹਾ ਜਿਵੇਂ ਕੁਦਰਤ ਦੀ ਸਾਰੀ ਸੁੰਦਰਤਾ ਉਥੇ ਹੀ ਪਈ ਹੋਵੇ.ਦੂਰੀ ਬਾਰੇ ਤਾਂ ਸ਼ਬਦਾਂ ਨੂੰ ਮੂੰਹ 'ਚ ਹੀ ਘੁੱਟ ਜਾਂਦੇ ਸਨ 'ਤੇ ਸਾਡਾ ਹੌਂਸਲਾ 'ਵੈਰੀ ਬਿਊਟੀਫੁੱਲ' ਨਾਲ ਵੱਧਦਾ ਹੀ ਜਾ ਰਿਹਾ ਸੀ, ਅਸੀਂ ਰੱਬ ਦਾ ਨਾਂ ਲੈਕੇ ਚੜਾਈ ਚੜਦੇ ਹੀ ਗਏ.ਅਸਲ ਵਿੱਚ ਸਾਡੇ ਹੌਂਸਲੇ ਨੂੰ ਪੱਠੇ ਜੋ ਪੈ ਰਹੇ ਸਨ, ਅਸੀਂ ਵੀ ਮਨ ਵਿੱਚ ਧਾਰ ਲਈ ਕਿ ਹੁਣ ਮੱਥਾ ਟੇਕ ਕੇ ਹੀ ਮੁੜਾਂਗੇ। ਡਿੱਗਦੇ ਖਹਿੰਦੇ ਪਹੁੰਚ ਗਏ.ਹਰੇ, ਚਿੱਟੇ, ਭੂਰੇ, ਕਾਲੇ ਅਤੇ ਹੋਰ ਕਈ ਰੰਗਾਂ ਦੀ ਭਾਅ ਮਾਰਦੇ ਪਰਬਤਾਂ ਵਿੱਚ ਘਿਰੀ ਐਵਾਲੈਂਚ ਝੀਲ ਜਿਵੇਂ ਕੋਈ ਮਹਾਰਾਨੀ ਦੈਂਤੀ ਪਹਿਰੇਦਾਰਾਂ ਦੇ ਘੇਰੇ ਵਿੱਚ ਆਰਾਮ ਨਾਲ ਲੇਟੀ ਹੋਵੇ। ਵਾਕਿਆ ਹੀ ਉਥੇ ਦੋ ਢਾਈ ਘੰਟੇ ਬਹਿਕੇ, (ਉਥੇ ਬੈਠਣ ਲਈ ਕੋਈ ਡੈਸਕ ਵਗੈਰਾ ਨਹੀਂ। ਪਹਾੜਾਂ ਤੋਂ ਰੁੜ ਕੇ ਆਏ ਵਿਸ਼ਾਲ ਦਰੱਖਤਾਂ ਦੇ ਤਣਿਆਂ ਦੇ ਬਣੇ ਖੁੰਢ ਅੱਡ ਅੱਡ ਆਕਾਰਾਂ 'ਚ ਅਤੇ ਅੱਡ ਅੱਡ ਪੁਜੀਸ਼ਨਾਂ 'ਚ ਪਏ ਹਨ। ਇਹਨਾਂ ਉਪਰ ਬੈਠ ਕੇ ਸੈਲਾਨੀ ਇਹਨਾਂ ਨਜ਼ਾਰਿਆਂ ਦਾ ਆਨੰਦ ਮਾਣਦੇ ਹਨ।) ਕਾਇਨਾਤੀ ਨਜ਼ਾਰੇ ਦਾ ਆਨੰਦ ਮਾਣਿਆ। ਧੁੱਪ ਨਾਲ ਚਮਕਦੀ ਪਹਾੜਾਂ *ਤੇ ਪਈ ਬਰਫ, ਝੀਲ ਦੇ ਪਾਣੀ 'ਚ ਪੈਂਦੇ ਪ੍ਰਛਾਵੇਂ ਅਤੇ ਚਿੱਟੀਆਂ ਦੁੱਧ ਵਰਗੀਆਂ ਸੂਰਜ ਦੀਆਂ ਕਿਰਨਾਂ, ਮਾਨੋ ਸਵਰਗ ਦਾ ਨਜ਼ਾਰਾ ਪੇਸ਼ ਕਰ ਰਹੇ ਹੋਣ। (ਵੈਸੇ ਸਵਰਗ ਵੇਖਿਆ ਮੈਂ ਵੀ ਨਹੀਂ, ਲੋਕਾਂ ਤੋਂ ਸੁਣਿਆ ਸੁਣਾਇਆ ਹੀ ਹੈ)। ਐਵਾਲੈਂਚ ਲੇਕ ਦੇ ਦੱਖਣ ਪੱਛਮ ਵਿੱਚ 8684 ਫੁੱਟ ਉਚਾ ਪਰਬਤ 'ਬੀਅਰਹੱਟ ਮਾਊਨਟੈਨ' ਹੈ ਅਤੇ ਝੀਲ ਦੇ ਪਾਣੀ ਦਾ ਸੋਮਾ 'ਸਪੈਰੀ ਗਲੇਸ਼ੀਅਰ' ਹੈ। ਝੀਲ ਦੀ ਕੁਲ ਲੰਬਾਈ 3182 ਫੁੱਟ ਹੈ ਅਤੇ ਚੌੜਾਈ 984 ਫੁੱਟ ਹੈ। ਦੱਖਣ ਵਾਲੇ ਪਾਸੇ 7886 ਫੁੱਟ ਉਚੇ ਪਰਬਤ ਹਨ: ਪਰਬਤਾਂ ਤੋਂ ਕਈ ਝਰਨੇ ਝੀਲ ਵਿੱਚ ਡਿੱਗਦੇ ਹਨ। ਰਸਤੇ ਵਿੱਚ ਵਾਤਾਵਰਣ ਵਿੱਚ ਸਿਲ ਜ਼ਿਆਦਾ ਹੋਣ ਕਰਕੇ 'ਸੀਦਾਰ' ਦੇ ਦਰੱਖਤਾਂ ਦੀ ਉਚਾਈ ਸੌ ਫੁੱਟ ਤੋਂ ਵੀ ਉਚੀ ਚਲੀ ਜਾਂਦੀ ਹੈ। ਉਹਨਾਂ ਦੇ ਤਣੇ ਦਾ ਘੇਰਾ 4 ਤੋਂ 7 ਫੁੱਟ ਹੋ ਜਾਂਦਾ ਹੈ। ਕਈ ਦਰੱਖਤ ਤਾਂ ਪੰਜ ਸੌ ਸਾਲ ਪੁਰਾਣੇ ਹਨ।

ਦੂਸਰੀ ਵੇਖਣ ਵਾਲੀ ਝੀਲ 'ਹਿਡਨ ਲੇਕ' ਹੈ ਜਿਸ ਉਪਰ ਪਹੁੰਚਣ ਲਈ 'ਲਾਗਨ ਪਾਸ' ਤੋਂ ਚੜ੍ਹਾਈ ਸ਼ੁਰੂ ਕਰਨੀ ਪੈਂਦੀ ਹੈ 'ਲਾਗਨ ਪਾਸ ਵਿਜਟਰ ਇਨਫਾਰਮੇਸ਼ਨ ਸੈਂਟਰ' 6700 ਫੁੱਟ ਦੀ ਉਚਾਈ ਤੇ ਹੈ। ਸਨ ਰੋਡ ਦੀ ਬੈਕਸਾਈਡ ਤੋਂ ਇਕ ਕੁਦਰਤੀ ਪਗਡੰਡੀ ਹਿਡਨ ਲੇਕ ਦਾ ਨਜ਼ਾਰਾ ਤੱਕਣ ਲਈ ਜਾਂਦੀ ਹੈ.ਪਹਿਲਾਂ ਬੋਰਡਵਾਕ ਹੈ ਫਿਰ ਲਗਾਤਾਰ ਉਪਰ 'ਗਰੇਵਲ ਟਰੇਲ' ਹੈ। ਸੈਂਟਰ ਦੇ ਪੱਛਮ ਵੱਲੋਂ ਹਾਈਕ ਸ਼ੁਰੂ ਹੋ ਜਾਂਦੀ ਹੈ। ਪਹਿਲਾਂ ਫੁੱਲਾਂ ਦਾ ਬਾਗ ਜਿਸਨੂੰ 'ਹੈਂਗਿੰਗ ਗਾਰਡਨ' ਵੀ ਕਿਹਾ ਜਾਂਦਾ ਹੈ, ਅੱਖਾਂ ਨੂੰ ਆਨੰਦ ਦਿੰਦਾ ਹੈ। ਫਿਰ 'ਕਲੈਮੈਂਟ ਪਰਬਤ' ਦਿਖਾਈ ਦਿੰਦਾ ਹੈ। ਉਪਰ ਜਾਂਦਿਆਂ ਪਹਾੜੀ ਬੱਕਰੀਆਂ ਅਤੇ ਕਦੇ ਕਦੇ ਗਰਿਜ਼ਲੀ ਬੀਅਰਜ਼ ਵੀ ਵੇਖੇ ਜਾ ਸਕਦੇ ਹਨ। ਉਚਾਈ ਉਪਰ ਜਾ ਕੇ ਲੱਕੜ ਦੇ ਬਣੇ ਡੈਕ ਉਪਰ ਖੜ੍ਹ ਕੇ ਹੇਠਾਂ ਦਿਖਾਈ ਦਿੰਦੀ ਝੀਲ ਦੀ ਝਲਕ ਤਾਂ ਮਿਲਦੀ ਹੀ ਹੈ, ਆਸੇ ਪਾਸੇ ਦੇ ਨਜ਼ਾਰੇ ਵੇਖ ਕੇ ਦੁੱਖ ਤਕਲੀਫਾਂ ਭੁੱਲ ਜਾਂਦੀਆਂ ਹਨ। ਫਿਰ ਪਗਡੰਡੀਆਂ ਉਪਰ ਥੱਲੇ ਨੂੰ ਆ ਕੇ ਹਿਡਨ ਲੇਕ ਦੇ ਕਿਨਾਰੇ 'ਤੇ ਪਹੁੰਚਿਆ ਜਾਂਦਾ ਹੈ। ਜਦੋਂ ਸੂਰਜ ਦੀਆਂ ਕਿਰਨਾਂ ਮਾਊਨਟੇਨ ਨੂੰ ਛੋਂਹਦੀਆਂ ਹਨ ਅਤੇ ਪਹਾੜੀਆਂ ਦੀਆਂ ਸਿਖਰਾਂ ਸੋਨ-ਸੰਤਰੀ ਲੱਗਦੀਆਂ ਹਨ। ਅਸਲ ਵਿੱਚ ਫੋਟੋਗ੍ਰਾਫੀ ਕਰਨ ਦਾ ਵਧੀਆ ਮੌਕਾ ਸੂਰਜ ਦੇ ਚੜ੍ਹਦਿਆਂ ਅਤੇ ਛਿਪਦਿਆਂ ਸਮੇਂ ਹੁੰਦਾ ਹੈ। ਬਰਫ ਪਈ ਹੋਣ ਕਰਕੇ ਬੰਦ ਹੋਏ ਰਸਤਿਆਂ ਦੇ ਕਾਰਨ ਅਸੀਂ ਹਿਡਨ ਲੇਕ ਤੇ ਨਹੀਂ ਜਾ ਸਕੇ.ਬਾਕੀ ਕੁਝ ਦੇਖਦਿਆਂ ਸਾਨੂੰ ਡੇਢ ਵੱਜ ਗਿਆ ਸੀ ਅਤੇ ਸਾਡੀ ਅੱਜ ਵਾਪਸੀ ਵੀ ਸੀ। ਵਾਪਿਸ ਮੁੜਦਿਆਂ ਕੈਲਿਸਪੈਲ ਸ਼ਹਿਰ ਤੋਂ ਪਹਿਲਾਂ ਸਾਹਮਣੇ 'ਸਵਾਨ ਪਰਬਤ' ਹੈ. ਉਸ ਦੇ ਅੱਗੇ ਫੁੱਲਾਂ ਨਾਲ ਲੱਦੇ ਮੈਦਾਨ, ਵਿੱਦਿਅਕ ਅਤੇ ਕਮਿਊਨਿਟੀ ਪ੍ਰੋਗਰਾਮਾਂ ਲਈ ਮਸ਼ਹੂਰ 'ਕਨਰਾਡ ਫੈਮਿਲੀ ਇਸਟੇਟ (1895 ਦਾ)' ਹੈ, ਇਸ ਨੂੰ ਦੇਖਣ ਦੀ ਟਿਕਟ ਲੱਗਦੀ ਹੈ।

ਜਰਨੈਲ ਕੋਲ ਆਪਣੇ ਇਕ ਪੁਰਾਣੇ ਮਿੱਤਰ ਦਾ ਐਡਰੈਸ ਆ ਗਿਆ ਸੀ ਜੋ ਕਿ ਨਾਰਥ ਵੱਲ ਜਾਂਦਿਆਂ ਕੈਨੇਡਾ ਦੇ ਬਾਰਡਰ ਦੇ ਨੇੜੇ ਇਕ ਟਾਊਨ 'ਯੂਰੇਕਾ' ਵਿੱਚ ਰਹਿੰਦਾ ਹੈ. ਰੂਟ ਨੰ. 93 ਉਪਰ 66 ਮੀਲ ਦੀ ਦੂਰੀ ਤਹਿ ਕਰਕੇ ਅਸੀਂ ਯੂਰੇਕਾ ਪਹੁੰਚ ਗਏ। ਇਸ ਰੂਟ ਉਪਰ ਆਸੇ ਪਾਸੇ ਲੋਹੜਿਆਂ ਦੀ ਹਰਿਆਵਲ ਅਤੇ ਜ਼ਿਆਦਾ ਇਲਾਕਾ ਪੱਧਰਾ ਹੀ ਸੀ। ਪਹਿਲਾਂ ਮਸ਼ਹੂਰ ਸ਼ਹਿਰ 'ਵਾਈਟਫਿਸ਼' ਆਇਆ, 'ਵਾਈਟਫਿਸ਼ ਝੀਲ ਅਤੇ ਸਪੈਸਰ ਝੀਲ' ਤੋਂ ਅੱਗੇ ਪਹਾੜੀਆਂ ਸ਼ੁਰੂ ਹੋ ਜਾਂਦੀਆ ਹਨ (North Spencer Mountain Trail, Bears Lake Trails, Dog Sledge Adventures, Great Northern Powder guides, Dog Creek Lodge and Nordic Centre South Dicky Lake and Fortune city, Kootenai,Horse Hound, Stone Hedge, Air Museum) ਆਦਿ ਦੇਖਣ ਯੋਗ ਸਥਾਨ ਆਉਂਦੇ ਹਨ, ਕਿਉਂਕਿ ਅਸੀਂ ਇੱਥੇ ਰੁਕੇ ਨਹੀਂ ਅਤੇ ਦੋ ਘੰਟਿਆਂ ਦੇ ਸਫਰ ਬਾਅਦ ਅਸੀਂ ਪ੍ਰੇਮ ਜੀ ਦੇ ਸਟੋਰ ਉਪਰ ਪਹੁੰਚ ਗਏ।

ਮੈਦਾਨੀ ਇਲਾਕੇ ਵਿੱਚ ਯੂਰੇਕਾ ਇਕ ਕਸਬਾ ਟਾਈਪ ਸ਼ਹਿਰ ਹੈ। ਸ਼ੋਰ ਸ਼ਰਾਬੇ ਤੋਂ ਰਹਿਤ, ਵਧੀਆ ਵਾਤਾਵਰਣ, ਸਾਰੀਆਂ ਸਹੂਲਤਾਂ ਨਾਲ ਭਰਪੂਰ ਇਹ ਕਸਬਾ ਕੈਨੇਡਾ ਦੇ ਬਾਰਡਰ ਤੋਂ ਮਹਿਜ਼ 13 ਮੀਲ ਦੀ ਦੂਰੀ ਤੇ ਹੈ ਅਤੇ ਬਾਰਡਰ ਕਰਾਸਿੰਗ ਦਾ ਨਾਂ 'ਰੂਜ਼ਵਿਲ ਬਾਰਡਰ ਕਰਾਸਇੰਗ' ਹੈ ਨੰ. 93 ਰੂਟ ਕੈਨੇਡਾ ਦੇ ਕੈਲੇਗਰੀ ਸ਼ਹਿਰ ਨੂੰ ਜਾਂਦਾ ਹੈ.ਯੂਰੇਕਾ ਦੇ ਵਿੱਚ ਦੇਖਣਯੋਗ ਸਥਾਨ 'ਹਿਸਟਰੀਕਲ ਵਿਲਜ਼' ਹੈ. ਇਸ ਕਸਬੇ ਵਿੱਚ ਦੋ ਚਾਰ ਪੰਜਾਬੀ ਪਰਿਵਾਰ ਹੀ ਰਹਿੰਦੇ ਹਨ। ਪ੍ਰੇਮ ਜੀ ਨੇ ਇੱਥੇ ਕਾਫੀ ਵੱਡਾ ਜਨਰਲ ਸਟੋਰ ਖੋਲ੍ਹਿਆ ਹੋਇਆ ਹੈ। ਸ਼ਾਮ ਨੂੰ ਪ੍ਰੇਮ ਜੀ ਸਾਨੂੰ ਬਾਰਡਰ ਤੇ ਗੇੜਾ ਵੀ ਲਵਾ ਲਿਆਏ ਇਸੇ ਕਸਬੇ ਕੋਲ ਕੈਨੇਡਾ ਤੋਂ ਆਉਂਦੀ ਨਦੀ ਰਾਹੀਂ ਬਣਦੀ ਝੀਲ ਦੇ ਕੋਲ 'ਅਬੇਐਂਸ ਬੇ ਮਰੀਨ ਬੀਚ' ਵੀ ਅਸੀਂ ਵੇਖ ਆਏ.ਇੱਥੇ ਨਾਲ ਹੀ 'ਟਬਾਕੂ ਰਿਵਰ ਕੈਂਪ ਗਰਾਊਂਡ ਅਤੇ ਰੈਕਸਫੋਰਡਬੀਚ ਕੈਂਪਗਰਾਊਂਡ' ਵੇਖਣ ਵਾਲੀ ਜਗਾਹ ਹੈ।

ਦੂਸਰੇ ਦਿਨ ਸੁਭਾ ਬ੍ਰੇਕ ਫਾਸਟ ਕਰਕੇ ਅਸੀਂ ਵਾਪਸੀ ਪਾ ਦਿੱਤੀ। ਸਾਡੇ ਲਈ ਰਸਤੇ ਵਿੱਚ ਖਾਣ ਲਈ ਉਹਨਾਂ ਪੇਂਡੂ-ਪਰਾਉਂਠੇ ਵੀ ਬਣਾ ਦਿੱਤੇ। ਖਾਣ ਵੇਲੇ ਲੱਗਿਆ ਕਿ ਅਸੀਂ ਪੀਜ਼ੇ ਦਾ ਰੂਪ ਹੀ ਖਾ ਰਹੇ ਹਾਂ। ਯੂਰੇਕਾ ਸ਼ਹਿਰ ਤੋਂ ਰੂਟ ਨੰ. 37 ਉਪਰ ਜਾਕੇ 69 ਮੀਲ ਸਫਰ ਤਹਿ ਕਰਨ ਤੋਂ ਬਾਅਦ 'ਲਿਬੀ' ਸ਼ਹਿਰ ਤੋਂ ਹਾਈ ਵੇਅ 2 ਲੈਣਾ ਸੀ। ਕੈਨੇਡਾ ਤੋਂ ਆਉਂਦੀ ਨਦੀ, ਉਚੇ ਉਚੇ ਪਰਬਤਾਂ ਵਿੱਚ ਦੀ ਲੰਘਦੇ ਰੂਟ ਦੇ ਨਾਲ ਨਾਲ ਚੱਲਦੀ ਰਹਿੰਦੀ ਹੈ, ਕਿਤੇ ਚੌੜੀ ਹੋ ਜਾਂਦੀ ਹੈ ਅਤੇ ਕਿਤੇ ਸੁੰਗੜ ਜਾਂਦੀ ਹੈ। ਲਿਬੀ ਸ਼ਹਿਰ ਤੋਂ ਪੂਰਬ ਵੱਲ ਮੁੜਿਆਂ ਕੈਲਿਸਪੈਲ ਸ਼ਹਿਰ ਨੂੰ ਜਾਇਆ ਜਾਂਦਾ ਹੈ ਅਤੇ ਪੱਛਮ ਵੱਲ ਮੁੜਿਆ ਸਪੋਕੇਨ ਸ਼ਹਿਰ ਨੂੰ ਪਹੁੰਚਿਆ ਜਾਂਦਾ ਹੈ। ਲਿਬੀ ਸ਼ਹਿਰ ਦੇ ਆਸ ਪਾਸ 'ਜੇ ਨੀਲਜ਼ ਯਾਦਗਾਰੀ ਪਾਰਕ', ਕਈ ਝਰਨੇ ਅਤੇ ਵਿਸ਼ਾਲ ਪੁੱਲਾਂ ਦਾ ਨਜ਼ਾਰਾ ਲਿਆ ਜਾ ਸਕਦਾ ਹੈ। 'ਟਰਾਏ' ਸ਼ਹਿਰ ਵਿੱਚ 'ਯਾਕ ਰਿਵਰ ਕਮਪਾਊਂਡ' ਤੋਂ ਬਾਅਦ ਇਡਾਹੋ ਸਟੇਟ ਅਤੇ ਮੋਨਟਾਨਾ ਦਾ ਬਾਰਡਰ ਆ ਜਾਂਦਾ ਹੈ। ਮਸ਼ਹੂਰ ਸ਼ਹਿਰ 'ਬੋਨਰ ਫੈਰੀ' ਦੇ ਗੈਸ ਸਟੇਸ਼ਨ ਨਾਲ ਵੀ ਜਰਨੈਲ ਦੀਆਂ ਯਾਦਾਂ ਜੁੜੀਆਂ ਹੋਈਆਂ ਸਨ।

ਹੁਣ ਅਸੀਂ ਹਾਈ ਵੇਅ 2 ਉਪਰ ਦੱਖਣ ਪੱਛਮ ਵੱਲ ਜਾ ਰਹੇ ਸਾਂ। ਰੂਟ 2 ਅਤੇ ਰੂਟ 95 ਸੈਂਡਰਪੋਆਇੰਟ ਤੱਕ ਇਕੱਠੀਆਂ ਚੱਲਦੀਆਂ ਹਨ। ਇੱਥੇ ਆ ਕੇ ਦੋਨੋਂ ਰੂਟ ਵੱਖ ਵੱਖ ਹੋ ਜਾਂਦੇ ਹਨ। ਰਸਤੇ ਵਿੱਚ ਸ਼ੀਲੋਹ, ਐਲਮੀਰਾ, ਸਾਮਿਊਲ, ਬਰੌਨਕਸ, ਪੌਂਡਰੇਅ ਆਦਿ ਸ਼ਹਿਰ ਅਤੇ ਕਈ ਝੀਲਾਂ ਅਤੇ ਨਦੀਆਂ ਆਉਦੀਆਂ ਹਨ.ਵੱਖ ਵੱਖ ਰੂਟਾਂ ਰਾਹੀ ਸਪੋਕੇਨ ਸ਼ਹਿਰ ਵਿੱਚ ਪਹੁੰਚਿਆ ਜਾਂਦਾ ਹੈ।

ਕਿਉਂਕਿ ਅੱਜ ਅਸੀਂ ਕੁਲ 540 ਮੀਲ ਦੇ ਕਰੀਬ ਸਫਰ ਤਹਿ ਕਰਨਾ ਸੀ ਇਸ ਲਈ ਰਸਤੇ ਵਿੱਚ ਤਿੰਨ ਆਰਾਮਗਾਹਾਂ ਤੇ ਆਰਾਮ ਕੀਤਾ, ਤਰੋ ਤਾਜ਼ਾ ਹੋਏ, ਇਕ ਥਾਂ ਬੈਠ ਘਰੋਂ ਲਿਆਂਦੇ ਪਰਾਉਂਠੇ ਖਾਦੇ 'ਸੀਗੁੱਲ' ਨਾਂ ਦੇ ਪੰਛੀਆਂ ਦੀ ਡਾਰ ਸਾਡੇ ਆਲੇ ਦੁਆਲੇ ਆ ਬੈਠੀ। ਇਸ ਝਾਕ ਨਾਲ ਕਿ ਸਾਨੂੰ ਖਾਣ ਨੂੰ ਬੁਰਕੀਆਂ ਮਿਲਣਗੀਆਂ ਪਰ ਅਫਸੋਸ' ਚਾਹੁੰਦਿਆਂ ਹੋਇਆਂ ਵੀ ਅਸੀਂ ਉਹਨਾਂ ਦੀ ਇਹ ਰੀਝ ਪੂਰੀ ਨਾ ਕਰ ਸਕੇ ਕਿਉਂਕਿ ਕਾਨੂੰਨ ਇੱਥੇ ਅਜਿਹਾ ਕਰਨ ਦੀ ਇਜ਼ਾਜ਼ਤ ਨਹੀਂ ਦਿੰਦਾ। ਪਹਿਲਾਂ ਚਹਿਕ ਰਹੇ ਪੰਛੀ, ਇੰਤਜ਼ਾਰ ਕਰਕੇ ਗੁੱਸੇ ਦਾ ਇਜ਼ਹਾਰ ਕਰਨ ਲੱਗੇ।

ਉਹਨਾਂ ਦੀਆਂ ਸੁਰਾਂ ਵਿੱਚ ਆਈ ਤਬਦੀਲੀ ਸਾਨੂੰ ਅਹਿਸਾਸ ਕਰਵਾ ਰਹੀ ਸੀ ਕਿ ਜਿਵੇਂ ਉਹ ਸਾਨੂੰ ਗਾਲ੍ਹਾਂ ਕੱਢ ਰਹੇ ਹੋਣ। ਵਾਰ ਵਾਰ ਉਡਕੇ ਉਹ ਸਾਡੇ ਵੱਲ ਵੱਧਦੇ ਲੱਗਦਾ ਸੀ ਜਿਵੇਂ ਉਹ ਹਮਲਾ ਕਰਨਾ ਚਾਹੁੰਦੇ ਹੋਣ। ਸ਼ੁਕਰ ਸੀ ਕਿ ਨਜ਼ਦੀਕ ਕਿਸੇ ਹੋਰ ਨੇ ਖਾਣੇ ਦਾ ਛਾਬਾ ਖੋਲ ਲਿਆ ਤੇ ਉਹ ਉਧਰ ਨੂੰ ਚਲੇ ਗਏ। ਸੁਭਾ ਦੇ ਚੱਲੇ ਸ਼ਾਮ 8 ਵਜੇ ਘਰੇ ਪਹੁੰਚੇ। ਧੰਨ ਸੀ ਜਰਨੈਲ ਜੀਹਨੇ ਲਗਾਤਾਰ ਗੱਡੀ ਚਲਾਈ ਅਤੇ ਉਹ ਵੀ ਇਸ ਉਮਰ 'ਚ ਕਿਸੇ ਸਹੀ ਕਿਹਾ, 'ਜੋ ਸੁੱਖ ਛੱਜੂ ਦੇ ਚੁਬਾਰੇ ਉਹ ਬਲਖ ਨਾ ਬੁਖਾਰੇ।'

**ਮੋ.ਅਤੇ ਵੱਟਸ. +1 425 286 0163**
**(ਸਿਆਟਲ) +91 94177-53892 (ਭਾਰਤ)**

## ਬਾਲ ਕਵਿਤਾ/ ਰੁੱਖ ਨੇ ਸਾਡੇ ਯਾਰ

ਰੁੱਖ ਨੇ ਸਾਡੇ ਯਾਰ ਬੱਚਿਉ,
ਕਰੋ ਇਨ੍ਹਾਂ ਨੂੰ ਪਿਆਰ ਬੱਚਿਉ।
ਇਹ ਸਭ ਨੂੰ ਆਕਸੀਜਨ ਦੇ ਕੇ,
ਜਿਉਂਦਾ ਰੱਖਣ ਸੰਸਾਰ ਬੱਚਿਉ।
ਜੋ ਇਨ੍ਹਾਂ ਦੀ ਠੰਢੀ ਛਾਵੇਂ ਬੈਠਣ,
ਉਹ ਭੁੱਲਣ ਗਰਮੀ ਦੀ ਮਾਰ ਬੱਚਿਉ।
ਅਸੀਂ ਬਣਾਏ ਮਕਾਨ ਆਪਣੇ ਲਈ,
ਇਹ ਪੰਛੀਆਂ ਦੇ ਘਰ, ਬਾਰ ਬੱਚਿਉ।
ਸਾਡੇ ਮਕਾਨ ਇਨ੍ਹਾਂ ਬਿਨਾਂ ਅਧੂਰੇ,
ਇਹ ਨੇ ਦਵਾਈਆਂ ਦੇ ਭੰਡਾਰ ਬੱਚਿਉ।
ਇਹ ਧਰਤੀ ਤੇ ਵਰਖਾ ਲਿਆਂਦੇ ਨੇ,
ਸਮਝੋ ਨਾ ਇਨ੍ਹਾਂ ਨੂੰ ਬੇਕਾਰ ਬੱਚਿਉ।
ਜੇਕਰ ਜਿਉਂਦੇ ਰਹਿਣਾ ਜੱਗ ਤੇ,
ਲਾਂਦੇ ਰਹੋ ਨਵੇਂ ਬੂਟੇ ਵਿੱਚ ਕਤਾਰ ਬੱਚਿਉ



**ਮਹਿੰਦਰ ਸਿੰਘ ਮਾਨ**
91-99158-03554

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

# ਸਦਗੁਰੂ ਸਵਾਮੀ ਸ੍ਰੀ ਕ੍ਰਿਸ਼ਨਾਨੰਦ ਜੀ ਮਹਾਰਾਜ ਦਾ 73ਵਾਂ ਜਨਮ ਦਿਹਾੜਾ ਧੂਮ ਧਾਮ ਨਾਲ ਮਨਾਇਆ ਗਿਆ

ਦਿਵਯ ਗੁਪਤ ਵਿਗਿਆਨ, ਸਦਵਿਪਰ ਸਮਾਜ ਤੇ ਕਬੀਰ ਸੈਨਾ ਦੇ ਸੰਸਥਾਪਕ ਸਮੇਂ ਦੇ ਸਦਗੁਰੂ ਸਵਾਮੀ ਸ੍ਰੀ ਕ੍ਰਿਸ਼ਨਾਨੰਦ ਜੀ ਮਹਾਰਾਜ ਦਾ 73ਵਾਂ ਜਨਮ ਦਿਹਾੜਾ 8 ਦਸੰਬਰ 2022 ਦਿਨ ਵੀਰਵਾਰ ਨੂੰ ਸਦਗੁਰੂ ਧਾਮ, ਨੰਗਲੋਈ ਦਿੱਲੀ ਵਿਖੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ 'ਤੇ ਵੱਖ-ਵੱਖ ਪ੍ਰਾਂਤਾਂ ਤੋਂ ਆਏ ਸਦਵਿਪਰਾ ਅਤੇ ਸਦਗੁਰੂ ਕਬੀਰ ਸੈਨਾ ਵੱਲੋਂ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਅਤੇ ਭਜਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।
























HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash
FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਬ ਵੀਬ ਡੀਬ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਬ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop